ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 218| 11 to 17 March, 2026 | Ph.: (510) 240-5949 | Email: asrtimes@gmail.com

# ਅਮਰੀਕਾ-ਇਜ਼ਰਾਇਲ ਬਨਾਮ ਇਰਾਨ ਯੁੱਧ-ਜਿੱਥੇ ਤਾਕਤ ਹੀ ਕਾਨੂੰਨ ਹੈ, ਉੱਥੇ ਸ਼ਾਂਤੀ ਦੀ ਗੁੰਜਾਇਸ਼ ਕਿੰਨੀ ?

## ਅਮਰੀਕਾ-ਇਜ਼ਰਾਇਲ ਦੇ 'ਮਨਮਾਨੀ' ਰਵੱਈਏ ਖ਼ਿਲਾਫ਼ ਬੀਜਿੰਗ ਦਾ ਸਖ਼ਤ ਰੁਖ਼

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਪੱਛਮੀ ਏਸ਼ੀਆ ਵਿੱਚ ਭੜਕੀ ਅੱਗ ਨੇ ਨਾ ਸਿਰਫ਼ ਇੱਕ ਖੇਤਰੀ ਟਕਰਾਅ ਨੂੰ ਜਨਮ ਦਿੱਤਾ ਹੈ, ਸਗੋਂ ਇਹ ਵਿਸ਼ਵ ਵਿਵਸਥਾ ਦੀਆਂ ਨੀਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। 28 ਫ਼ਰਵਰੀ ਤੋਂ ਸ਼ੁਰੂ ਹੋਏ ਹਵਾਈ ਹਮਲਿਆਂ ਨੇ ਜਿਸ ਜੰਗ ਨੂੰ ਜਨਮ ਦਿੱਤਾ ਹੈ, ਉਹ ਹੁਣ ਇੱਕ ਖ਼ਤਰਨਾਕ ਮੋੜ 'ਤੇ ਖੜ੍ਹੀ ਹੈ। ਇਹ ਜੰਗ ਨਾ ਸਿਰਫ਼ ਫ਼ੌਜੀ ਟਕਰਾਅ ਹੈ, ਸਗੋਂ ਇੱਕ ਅਜਿਹੀ ਤਬਾਹੀ ਦਾ ਸੰਕੇਤ ਹੈ ਜੋ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਸਕਦੀ ਹੈ। ਫ਼ਾਰਸ ਦੀ ਖਾੜੀ ਵਿੱਚ ਚੱਲ ਰਹੇ ਫ਼ੌਜੀ ਤਣਾਅ ਨੇ ਦੁਨੀਆ ਦਾ ਧਿਆਨ ਤੇਲ ਦੀਆਂ ਕੀਮਤਾਂ ਵੱਲ ਖਿੱਚਿਆ ਹੋਇਆ ਹੈ, ਪਰ ਮਾਹਿਰਾਂ ਨੇ ਇੱਕ ਹੋਰ ਗੰਭੀਰ ਖ਼ਤਰੇ ਦੀ ਚਿਤਾਵਨੀ ਦਿੱਤੀ ਹੈ,ਉਹ ਹੈ ਪਾਣੀ ਦਾ ਸੰਕਟ। ਜੇਕਰ ਮੌਜੂਦਾ ਸੰਘਰਸ਼ ਹੋਰ ਤਿੱਖਾ ਹੁੰਦਾ ਹੈ, ਤਾਂ ਇਹ ਖੇਤਰ ਪੀਣ ਵਾਲੇ ਪਾਣੀ ਤੋਂ ਵਾਂਝਾ ਹੋ ਸਕਦਾ ਹੈ।

ਖਾੜੀ ਦੇ ਪ੍ਰਮੁੱਖ ਸ਼ਹਿਰ ਜਿਵੇਂ ਕਿ ਦੁਬਈ, ਕੁਵੈਤ ਸਿਟੀ, ਦੋਹਾ ਅਤੇ ਮਨਾਮਾ ਪੀਣ ਵਾਲੇ ਪਾਣੀ ਲਈ ਪੂਰੀ ਤਰ੍ਹਾਂ ਸਮੁੰਦਰੀ ਪਾਣੀ ਨੂੰ ਮਿੱਠਾ ਕਰਨ ਵਾਲੇ ਡੀਸੈਲੀਨੇਸ਼ਨ ਪਲਾਂਟਾਂ 'ਤੇ ਨਿਰਭਰ ਹਨ। ਇਹ ਪਲਾਂਟ ਤੱਟਵਰਤੀ ਇਲਾਕਿਆਂ ਵਿੱਚ ਸਥਿਤ ਹਨ, ਜੋ ਮੌਜੂਦਾ ਜੰਗੀ ਹਾਲਾਤਾਂ ਵਿੱਚ ਸਭ ਤੋਂ ਵੱਧ ਕਮਜ਼ੋਰ ਨਿਸ਼ਾਨੇ ਬਣ ਗਏ ਹਨ। ਇਹ ਪਲਾਂਟ ਤਾਂ ਵਾਂਗ ਖੇਤਰ ਦੇ ਜੀਵਨ ਦੀ ਨਾੜ ਹਨ, ਜੇ ਇਹ ਨਸ਼ਟ ਹੋ ਗਏ ਤਾਂ ਪੂਰਾ ਖੇਤਰ ਪਿਆਸ ਨਾਲ ਤੜਫ਼ੜਾ ਉੱਠੇਗਾ। 28 ਫ਼ਰਵਰੀ ਤੋਂ ਬਾਅਦ ਵਧੇ ਤਣਾਅ ਨੇ ਖੇਤਰ ਦੇ ਜਲ ਅਤੇ ਊਰਜਾ ਢਾਂਚੇ ਨੂੰ ਸਿੱਧਾ ਪ੍ਰਭਾਵਿਤ ਕੀਤਾ ਹੈ। ਉਦਾਹਰਨ ਵਜੋਂ, 2 ਮਾਰਚ ਨੂੰ ਦੁਬਈ ਵਿੱਚ ਜੇਬੇਲ ਅਲੀ ਬੰਦਰਗਾਹ ਨੇੜੇ ਡਿੱਗੇ ਮਿਜ਼ਾਈਲਾਂ ਅਤੇ ਡ੍ਰੋਨਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਡੀਸੈਲੀਨੇਸ਼ਨ ਪਲਾਂਟਾਂ ਵਿੱਚੋਂ ਇੱਕ ਨੂੰ ਬੇਹੱਦ ਨੇੜੇ (ਸਿਰਫ਼ 12 ਮੀਲ ਦੂਰ) ਆ ਕੇ ਖ਼ਤਰੇ ਵਿੱਚ ਪਾ ਦਿੱਤਾ ਹੈ।

ਸੰਯੁਕਤ ਅਰਬ ਅਮੀਰਾਤ ਵਿੱਚ ਫ਼ੁਜੈਰਾਹ ਦੇ ਐੱਫ਼-1 ਪਾਣੀ ਅਤੇ ਬਿਜਲੀ ਕੰਪਲੈਕਸ ਨੂੰ ਨੁਕਸਾਨ ਪਹੁੰਚਣ ਦੀਆਂ ਖ਼ਬਰਾਂ ਆ ਰਹੀਆਂ ਹਨ। ਕੁਵੈਤ ਵਿੱਚ ਦੋਹਾ ਵੈਸਟ ਪਲਾਂਟ ਦੇ ਆਲੇ-ਦੁਆਲੇ ਵੀ ਨੁਕਸਾਨ ਹੋਇਆ ਹੈ। ਬਹਿਰੀਨ ਵਿੱਚ ਇੱਕ ਪਲਾਂਟ 'ਤੇ ਡ੍ਰੋਨ ਹਮਲੇ ਦਾ ਦੋਸ਼ ਲੱਗ ਰਿਹਾ ਹੈ। ਇਰਾਨ ਵਿੱਚ ਕੇਸ਼ਮ ਟਾਪੂ ਨੇੜੇ ਹਾਰਮੁਜ਼ ਜਲਡਮਰੂਮੱਧ ਵਿੱਚ ਹੋਏ ਹਮਲੇ ਨੇ 30 ਪਿੰਡਾਂ ਦੀ ਪਾਣੀ ਦੀ ਸਪਲਾਈ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ ਹੈ। ਇਹ ਪਲਾਂਟ ਨਾ ਸਿਰਫ਼ ਪਾਣੀ ਪ੍ਰਦਾਨ ਕਰਦੇ ਹਨ, ਸਗੋਂ ਬਿਜਲੀ ਪ੍ਰਣਾਲੀਆਂ ਨਾਲ ਵੀ ਡੂੰਘਾਈ ਨਾਲ ਜੁੜੇ ਹੋਏ ਹਨ। ਇੱਕ ਵੱਡੇ ਪਲਾਂਟ 'ਤੇ ਹਮਲਾ ਕੁਝ ਹੀ ਦਿਨਾਂ ਵਿੱਚ ਸ਼ਹਿਰਾਂ ਨੂੰ ਪਿਆਸਾ ਅਤੇ ਹਨੇਰੇ ਵਿੱਚ ਡੋਬ ਸਕਦਾ ਹੈ।

ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਖਾੜੀ ਵਿੱਚ ਜੰਗ ਦਾ ਅਸਰ ਸਿਰਫ਼ ਰਾਜਨੀਤਿਕ ਜਾਂ ਆਰਥਿਕ ਨਹੀਂ, ਸਗੋਂ ਮਾਨਵੀ ਵੀ ਹੈ।

ਅਮਰੀਕਾ ਅਤੇ ਇਜ਼ਰਾਇਲ ਦੇ ਗੱਠਜੋੜ ਵੱਲੋਂ ਇਰਾਨ ਨੂੰ ਨਿਸ਼ਾਨਾ ਬਣਾਉਣਾ ਸਿਰਫ਼ ਇੱਕ ਫ਼ੌਜੀ ਕਾਰਵਾਈ ਨਹੀਂ, ਸਗੋਂ ਅੰਤਰਰਾਸ਼ਟਰੀ ਕਾਨੂੰਨਾਂ ਦੀ ਅਰਥੀ ਉੱਤੇ ਆਪਣੀ ਥਾਣੇਦਾਰੀ ਉਭਾਰਨ ਦੀ ਕੋਸ਼ਿਸ਼ ਜਾਪਦੀ ਹੈ। ਇੱਥੇ ਤਾਂ 'ਤਾਕਤ ਹੀ ਕਾਨੂੰਨ ਹੈ' ਵਾਲੀ ਗੱਲ ਚੱਲ ਰਹੀ ਹੈ, ਜਿੱਥੇ ਕਮਜ਼ੋਰ ਨੂੰ ਆਪਣੇ ਅਧਿਕਾਰ ਵੀ ਭੁੱਲ ਜਾਣੇ ਪੈਂਦੇ ਹਨ। ਕਿਹਾ ਜਾ ਰਿਹਾ ਹੈ ਕਿ ਅਮਰੀਕੀ ਸੰਵਿਧਾਨ ਅਨੁਸਾਰ, ਜੰਗ ਦਾ ਐਲਾਨ ਕਰਨ ਦੀ ਸ਼ਕਤੀ ਕਾਂਗਰਸ ਕੋਲ ਹੈ, ਨਾ ਕਿ ਰਾਸ਼ਟਰਪਤੀ ਕੋਲ। ਇਸ ਲਈ, ਬਿਨਾਂ ਕਾਂਗਰਸੀ ਮਨਜ਼ੂਰੀ ਦੇ ਹਵਾਈ ਹਮਲੇ ਸ਼ੁਰੂ ਕਰਨਾ ਟਰੰਪ ਦਾ ਇੱਕ ਗ਼ੈਰ-ਕਾਨੂੰਨੀ ਕਦਮ ਹੈ।

ਟਰੰਪ ਵਿਰੋਧੀਆਂ ਦਾ ਮੰਨਣਾ ਹੈ ਕਿ ਅਮਰੀਕੀ ਜਨਤਾ ਜੰਗ ਨਹੀਂ ਚਾਹੁੰਦੀ। ਲੋਕ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਚਾਹੁੰਦੇ ਹਨ, ਨਾ ਕਿ ਅਜਿਹੇ ਵਿਦੇਸ਼ੀ ਟਕਰਾਅ ਜੋ ਸਿਰਫ਼ ਖੇਤਰੀ ਅਸਥਿਰਤਾ ਪੈਦਾ ਕਰਦੇ ਹਨ।

ਅਮਰੀਕਾ ਵੱਲੋਂ ਜ਼ਮੀਨੀ ਫ਼ੌਜ ਉਤਾਰਨ ਦੀਆਂ ਚਰਚਾਵਾਂ ਨੇ ਜੰਗ ਦੇ ਦਾਇਰੇ ਨੂੰ ਹੋਰ ਵਧਾ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਆਪਣੇ ਸਹਿਯੋਗੀਆਂ ਨਾਲ ਇਸ ਵਿਕਲਪ 'ਤੇ ਵਿਚਾਰ ਕਰਨਾ ਅਤੇ ਕੁਰਦ ਸਮੂਹਾਂ ਨਾਲ ਸੰਪਰਕ ਸਾਧਣਾ, ਇਹ ਸੰਕੇਤ ਦਿੰਦਾ ਹੈ ਕਿ ਅਮਰੀਕਾ ਸਥਾਨਕ ਵਿਦਰੋਹੀਆਂ ਦੀ ਆੜ ਵਿੱਚ 'ਪ੍ਰੌਕਸੀ ਵਾਰ' ਨੂੰ ਹੋਰ ਡੂੰਘਾ ਕਰਨਾ ਚਾਹੁੰਦਾ ਹੈ। ਪਰ ਇਤਿਹਾਸ ਗਵਾਹ ਹੈ ਕਿ ਇਰਾਨ ਵਰਗੇ ਭੂਗੋਲਿਕ ਤੌਰ 'ਤੇ ਦੁਰਗਮ ਦੇਸ਼ ਵਿੱਚ ਜ਼ਮੀਨੀ ਜੰਗ ਲੜਨਾ ਕਿਸੇ ਵੀ ਵਿਦੇਸ਼ੀ ਤਾਕਤ ਲਈ ਇੱਕ 'ਕਦੇ ਨਾ ਖ਼ਤਮ ਹੋਣ ਵਾਲਾ ਦਲਦਲ' ਸਾਬਤ ਹੋ ਸਕਦਾ ਹੈ।

ਇਰਾਨ ਦੀ ਭੂਗੋਲਿਕ ਬਣਤਰ ਇਸਦੀ ਸਭ ਤੋਂ ਵੱਡੀ ਰੱਖਿਆ ਕਰਦੀ ਹੈ। ਇਰਾਨ ਦੇ ਜ਼ਿਆਦਾਤਰ ਹਿੱਸੇ ਪਹਾੜਾਂ ਨਾਲ ਘਿਰੇ ਹੋਏ ਹਨ। ਜ਼ੈਗਰੋਸ ਅਤੇ ਅਲਬਰਜ਼ ਵਰਗੀਆਂ ਵਿਸ਼ਾਲ ਪਰਬਤ ਲੜੀਆਂ ਕਿਸੇ ਵੀ ਹਮਲਾਵਰ ਫ਼ੌਜ ਦੇ ਟੈਂਕਾਂ ਅਤੇ ਭਾਰੀ ਮਸ਼ੀਨਰੀ ਦੀ ਆਵਾਜਾਈ ਨੂੰ ਨਾਮੁਮਕਿਨ ਬਣਾ ਦਿੰਦੀਆਂ ਹਨ। ਇੰਨੇ ਵਿਸ਼ਾਲ ਅਤੇ ਪਹਾੜੀ ਇਲਾਕੇ ਵਿੱਚ ਫ਼ੌਜਾਂ ਲਈ ਰਸਦ ਪਹੁੰਚਾਉਣਾ ਇੱਕ ਬਹੁਤ ਵੱਡੀ ਚੁਣੌਤੀ ਹੈ। ਹਮਲਾਵਰ ਫ਼ੌਜਾਂ ਦੀਆਂ ਟੁਕੜੀਆਂ ਆਸਾਨੀ ਨਾਲ ਗੁਰੀਲਾ ਹਮਲਿਆਂ ਦਾ ਨਿਸ਼ਾਨਾ ਬਣ ਸਕਦੇ ਹਨ। ਇਰਾਨ ਦੀ ਰੱਖਿਆ ਪ੍ਰਣਾਲੀ 'ਟੁਕੜਿਆਂ' ਵਿੱਚ ਵੰਡੀ ਹੋਈ ਹੈ। ਜੇਕਰ ਦੇਸ਼ ਦਾ ਇੱਕ ਹਿੱਸਾ ਨੁਕਸਾਨਿਆ ਵੀ ਜਾਂਦਾ ਹੈ, ਤਾਂ ਦੂਜੇ ਹਿੱਸੇ ਸੁਤੰਤਰ ਤੌਰ 'ਤੇ ਆਪਣੀ ਰੱਖਿਆ ਜਾਰੀ ਰੱਖਣ ਦੇ ਸਮਰੱਥ ਹਨ। ਇਸ ਨੂੰ 'ਮੋਜ਼ੇਕ ਰੱਖਿਆ' ਕਿਹਾ ਜਾਂਦਾ ਹੈ। ਇਹ ਰਣਨੀਤੀ ਹਮਲਾਵਰ ਨੂੰ ਇਹ ਸਮਝਣ ਨਹੀਂ ਦਿੰਦੀ ਕਿ ਜਿੱਤ ਲਈ ਕਿਸ ਕੇਂਦਰੀ ਬਿੰਦੂ ਨੂੰ ਨਸ਼ਟ ਕਰਨਾ ਜ਼ਰੂਰੀ ਹੈ।

ਪਿਛਲੇ ਕਈ ਦਹਾਕਿਆਂ ਤੋਂ ਇਰਾਨ ਨੇ ਆਪਣੀ ਫ਼ੌਜੀ ਤਾਕਤ ਨੂੰ ਜ਼ਮੀਨ ਦੇ ਅੰਦਰ ਸੁਰੱਖਿਅਤ ਕੀਤਾ ਹੋਇਆ ਹੈ। ਉਨ੍ਹਾਂ ਦੀਆਂ ਮਿਜ਼ਾਈਲ ਸਾਈਟਾਂ, ਕਮਾਂਡ ਸੈਂਟਰ ਅਤੇ ਹਥਿਆਰਾਂ ਦੇ ਭੰਡਾਰ ਬਹੁਤ ਡੂੰਘੇ ਪਹਾੜੀ ਬੰਕਰਾਂ ਵਿੱਚ ਲੁਕੇ ਹੋਏ ਹਨ। ਹਵਾਈ ਹਮਲਿਆਂ ਨਾਲ ਵੀ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰਨਾ ਲਗਭਗ ਅਸੰਭਵ ਹੈ। ਜ਼ਮੀਨੀ ਜੰਗ ਦੀ ਸਥਿਤੀ ਵਿੱਚ, ਇਹ ਬੰਕਰ ਹਮਲਾਵਰਾਂ ਲਈ ਮੌਤ ਦਾ ਜਾਲ ਸਾਬਤ ਹੋ ਸਕਦੇ ਹਨ। ਇੰਟਰਨੈਸ਼ਨਲ ਮੀਡੀਆ ਰਿਪੋਰਟਾਂ ਅਕਸਰ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਇਰਾਨ ਦੇ ਲੋਕਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਵਿਰੁੱਧ ਡੂੰਘਾ ਗੁੱਸਾ ਹੈ। ਇਰਾਨ ਕੋਲ ਲੱਖਾਂ ਦੀ ਗਿਣਤੀ ਵਿੱਚ ਸਵੈ-ਸੇਵੀ ਫ਼ੌਜ ਹੈ ਜੋ ਦੇਸ਼ ਦੇ ਹਰ ਕੋਨੇ ਵਿੱਚ ਮੌਜੂਦ ਹੈ। ਅਮਰੀਕਾ ਤੇ ਇਜ਼ਰਾਇਲ ਲਈ ਜ਼ਮੀਨੀ ਜੰਗ ਦਾ ਮਤਲਬ ਹੋਵੇਗਾ ਹਰ ਗਲੀ, ਹਰ ਪਿੰਡ ਅਤੇ ਹਰ ਸ਼ਹਿਰ ਵਿੱਚ ਲੜਾਈ ਲੜਨਾ। ਇਹ ਕਿਸੇ ਵੀ ਵਿਦੇਸ਼ੀ ਫ਼ੌਜ ਲਈ ਇੱਕ 'ਕਦੇ ਨਾ ਖ਼ਤਮ ਹੋਣ ਵਾਲਾ ਮੌਤ ਦਾ ਦਲਦਲ' ਬਣ ਸਕਦਾ ਹੈ।

ਇਰਾਨ ਸਿਰਫ਼ ਆਪਣੀਆਂ ਸਰਹੱਦਾਂ ਦੇ ਅੰਦਰ ਨਹੀਂ, ਸਗੋਂ ਬਾਹਰੋਂ ਵੀ ਜਵਾਬ ਦੇਣ ਦੇ ਸਮਰੱਥ ਹੈ। ਜੇਕਰ ਇਰਾਨ 'ਤੇ ਜ਼ਮੀਨੀ ਹਮਲਾ ਹੁੰਦਾ ਹੈ, ਤਾਂ ਉਸਦੇ ਸਹਿਯੋਗੀ ਗਰੁੱਪ (ਜਿਨ੍ਹਾਂ ਨੂੰ ਅੰਤਰਰਾਸ਼ਟਰੀ ਭਾਸ਼ਾ ਵਿੱਚ ਪ੍ਰੌਕਸੀ ਕਿਹਾ ਜਾਂਦਾ ਹੈ) ਪੂਰੇ ਖੇਤਰ ਵਿੱਚ ਅਮਰੀਕੀ ਅਤੇ ਸਹਿਯੋਗੀ ਟਿਕਾਣਿਆਂ 'ਤੇ ਹਮਲੇ ਸ਼ੁਰੂ ਕਰ ਦੇਣਗੇ। ਇਸ ਨਾਲ ਯੁੱਧ ਦਾ ਦਾਇਰਾ ਸਿਰਫ਼ ਇਰਾਨ ਤੱਕ ਸੀਮਤ ਨਹੀਂ ਰਹੇਗਾ, ਸਗੋਂ ਪੂਰਾ ਮੱਧ-ਪੂਰਬ ਅੱਗ ਦੀ ਲਪੇਟ ਵਿੱਚ ਆ ਜਾਵੇਗਾ। ਅੰਤਰਰਾਸ਼ਟਰੀ ਵਿਸ਼ਲੇਸ਼ਕ ਮੰਨਦੇ ਹਨ ਕਿ ਇਰਾਨ 'ਤੇ ਹਮਲਾ ਕਰਨਾ ਸ਼ਾਇਦ ਆਸਾਨ ਹੋਵੇ, ਪਰ ਉੱਥੇ ਕਬਜ਼ਾ ਬਣਾਈ ਰੱਖਣਾ ਜਾਂ ਜੰਗ ਜਿੱਤਣਾ ਅਸੰਭਵ ਹੈ। ਇਸ ਦੌਰਾਨ, ਅਮਰੀਕਾ ਵੱਲੋਂ ਆਪਣੀ ਹੀ ਸੰਸਦ ਨੂੰ ਬਾਈਪਾਸ ਕਰਕੇ ਇਜ਼ਰਾਇਲ ਨੂੰ 12,000 ਮਾਰੂ ਬੰਬਾਂ ਦਾ ਸੌਦਾ ਕਰਨਾ ਇੱਕ ਵੱਡਾ ਨੈਤਿਕ ਅਤੇ ਕੂਟਨੀਤਕ ਸਵਾਲ ਖੜ੍ਹਾ ਕਰਦਾ ਹੈ। ਟਰੰਪ ਦੀ ਇਸ ਕਾਰਨ ਅਮਰੀਕਾ ਵਿੱਚ ਵਿਰੋਧਤਾ ਵਧ ਰਹੀ ਹੈ। ਜਦੋਂ ਲੋਕਤੰਤਰੀ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਰਕੇ ਜੰਗ ਦੇ ਸਾਧਨ ਵਧਾਏ ਜਾਂਦੇ ਹਨ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਟਰੰਪ ਇਸ ਟਕਰਾਅ ਨੂੰ ਜਲਦੀ ਖ਼ਤਮ ਕਰਨ ਦੇ ਮੂਡ ਵਿੱਚ ਨਹੀਂ ਹੈ। ਇਹ ਤਾਂ ਵਾਂਗ ਅੱਗ ਵਿੱਚ ਘਿਉ ਪਾਉਣ ਵਾਲੀ ਗੱਲ ਹੈ।

ਇਸ ਜੰਗੀ ਸੰਕਟ ਨੇ ਦੁਨੀਆ ਨੂੰ ਦੋ ਸਪੱਸ਼ਟ ਧੜਿਆਂ ਵਿੱਚ ਵੰਡ ਦਿੱਤਾ ਹੈ। ਇੱਕ ਪਾਸੇ ਰੂਸ ਅਤੇ ਚੀਨ ਹਨ, ਜਿਨ੍ਹਾਂ ਨੇ ਇਰਾਨ ਨੂੰ ਖੁੱਲ੍ਹ ਕੇ ਸਮਰਥਨ ਦਿੱਤਾ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਦਾਅਵਾ ਹੈ ਕਿ ਅੰਤਰਰਾਸ਼ਟਰੀ ਕਾਨੂੰਨ ਹੁਣ ਸਿਰਫ਼ ਕਾਗਜ਼ਾਂ ਤੱਕ ਸੀਮਤ ਰਹਿ ਗਏ ਹਨ। ਜਦੋਂ ਦੁਨੀਆ ਦੀਆਂ ਵੱਡੀਆਂ ਤਾਕਤਾਂ ਬਿਨਾਂ ਕਿਸੇ ਅੰਤਰਰਾਸ਼ਟਰੀ ਸਹਿਮਤੀ ਦੇ ਦੂਜੇ ਦੇਸ਼ਾਂ 'ਤੇ ਹਮਲੇ ਕਰਦੀਆਂ ਹਨ, ਤਾਂ ਕਾਨੂੰਨ ਦੀ ਮਰਿਆਦਾ ਖ਼ਤਮ ਹੋ ਜਾਂਦੀ ਹੈ। ਇਸ ਦੌਰਾਨ, ਰੂਸ ਵੱਲੋਂ ਇਰਾਨ ਨੂੰ ਖ਼ੁਫ਼ੀਆ ਜਾਣਕਾਰੀ ਸੌਂਪਣ ਦੀਆਂ ਰਿਪੋਰਟਾਂ ਨੇ ਅਮਰੀਕਾ ਦੇ ਹੋਸ਼ ਉਡਾ ਦਿੱਤੇ ਹਨ। ਇਹ ਜਾਣਕਾਰੀ ਅਮਰੀਕੀ ਜੰਗੀ ਬੇੜਿਆਂ ਅਤੇ ਟਿਕਾਣਿਆਂ ਬਾਰੇ ਹੈ, ਜਿਸ ਨਾਲ ਇਰਾਨ ਨੂੰ ਜਵਾਬੀ ਹਮਲਾ ਕਰਨ ਵਿੱਚ ਮਦਦ ਮਿਲੀ ਹੈ। ਰੂਸ ਅਤੇ ਇਰਾਨ ਦੇ ਵਧਦੇ ਨੇੜਲੇ ਸਬੰਧਾਂ ਨੇ ਪੱਛਮੀ ਦੇਸ਼ਾਂ ਲਈ ਇੱਕ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਰੂਸ ਦਾ ਇਹ ਕਦਮ ਦਰਸਾਉਂਦਾ ਹੈ ਕਿ ਉਹ ਇਸ ਜੰਗ ਵਿੱਚ ਇਰਾਨ ਦਾ ਇੱਕ ਸਰਗਰਮ ਭਾਈਵਾਲ ਬਣ ਗਿਆ ਹੈ।

ਫ਼ੌਕਸ ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਸਾਊਥ ਕੈਰੋਲੀਨਾ ਰਾਜ ਤੋਂ ਸੀਨੇਟਰ (ਸੈਨੇਟ ਮੈਂਬਰ) ਲਿੰਡਸੇ ਗ੍ਰਾਹਮ ਨੇ ਖੁੱਲ੍ਹੇਆਮ ਸਵੀਕਾਰ ਕੀਤਾ ਕਿ ਇਰਾਨ 'ਤੇ ਅਮਰੀਕੀ ਫ਼ੌਜੀ ਕਾਰਵਾਈ ਦਾ ਅਸਲ ਮਕਸਦ ਸਿਰਫ਼ ਖੇਤਰੀ ਸੁਰੱਖਿਆ ਨਹੀਂ, ਸਗੋਂ ਉੱਥੋਂ ਦੇ ਵਿਸ਼ਾਲ ਤੇਲ ਭੰਡਾਰਾਂ 'ਤੇ ਕਬਜ਼ਾ ਕਰਨਾ ਹੈ। ਗ੍ਰਾਹਮ ਦੇ ਅਨੁਸਾਰ, ਦੁਨੀਆ ਦੇ ਕੁੱਲ ਤੇਲ ਭੰਡਾਰ ਦਾ ਲਗਭਗ 31% ਹਿੱਸਾ ਇਰਾਨ ਅਤੇ ਵੈਨੇਜ਼ੁਏਲਾ ਕੋਲ ਹੈ। ਅਮਰੀਕਾ ਦੇ ਰਣਨੀਤੀਕਾਰ ਇਹ ਮੰਨਦੇ ਹਨ ਕਿ ਇਨ੍ਹਾਂ ਸਰੋਤਾਂ 'ਤੇ ਕਬਜ਼ਾ ਕਰਨ ਨਾਲ ਅਮਰੀਕਾ ਨਾ ਸਿਰਫ਼ ਆਪਣੀਆਂ ਊਰਜਾ ਲੋੜਾਂ ਨੂੰ ਹਮੇਸ਼ਾ ਲਈ ਸੁਰੱਖਿਅਤ ਕਰ ਲਵੇਗਾ, ਸਗੋਂ ਗਲੋਬਲ ਤੇਲ ਬਾਜ਼ਾਰ ਵਿੱਚ ਇੱਕ 'ਸੁਪਰਪਾਵਰ' ਵਜੋਂ ਆਪਣੀ ਪਕੜ ਵੀ ਮਜ਼ਬੂਤ ਕਰ ਲਵੇਗਾ।

(ਬਾਕੀ ਸਫ਼ਾ 26 'ਤੇ)

## ਇਰਾਨ ਜੰਗ ਸਬੰਧੀ ਟਰੰਪ ਤੇ ਪੁਤਿਨ ਵਿਚਾਲੇ ਗੱਲਬਾਤ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ-ਇਜ਼ਰਾਇਲ-ਅਮਰੀਕਾ ਟਕਰਾਅ ਦੌਰਾਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲਬਾਤ ਕੀਤੀ। ਰਸ਼ੀਆ ਟੂਡੇ ਦੀ ਇੱਕ ਰਿਪੋਰਟ ਦੇ ਅਨੁਸਾਰ, ਕ੍ਰੇਮਲਿਨ ਦੇ ਸਹਾਇਕ ਯੂਰੀ ਊਸ਼ਾਕੋਵ ਨੇ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇੱਕ ਫੋਨ ਆਇਆ, ਜਿਸ ਵਿੱਚ ਦੋਵਾਂ ਨੇਤਾਵਾਂ ਨੇ ਇਰਾਨ ਅਤੇ ਯੂਕ੍ਰੇਨ ਵਿੱਚ ਟਕਰਾਅ ਬਾਰੇ ਚਰਚਾ ਕੀਤੀ। ਰਸ਼ੀਆ ਟੂਡੇ ਦੇ ਅਨੁਸਾਰ, ਕ੍ਰੇਮਲਿਨ ਦੇ ਸਹਾਇਕ ਯੂਰੀ ਊਸ਼ਾਕੋਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਨੇ ਨਵੀਨਤਮ ਅੰਤਰਰਾਸ਼ਟਰੀ ਵਿਕਾਸ 'ਤੇ ਚਰਚਾ ਕਰਨ ਲਈ ਫ਼ੋਨ ਕੀਤਾ। ਗੱਲਬਾਤ ਵਾਸ਼ਿੰਗਟਨ, ਮਾਸਕੋ ਅਤੇ ਕੀਵ ਵਿਚਕਾਰ ਇਰਾਨ ਸੰਘਰਸ਼ ਅਤੇ ਯੂਕ੍ਰੇਨ ਸੰਘਰਸ਼ ਨੂੰ ਹੱਲ ਕਰਨ ਦੇ ਉਦੇਸ਼ ਨਾਲ ਹੋਈ ਤਿਕੋਣੀ ਗੱਲਬਾਤ 'ਤੇ ਕੇਂਦ੍ਰਿਤ ਸੀ ਊਸ਼ਾਕੋਵ ਨੇ ਕਿਹਾ, 'ਰੂਸੀ ਅਤੇ ਅਮਰੀਕੀ ਰਾਸ਼ਟਰਪਤੀਆਂ ਨੇ ਲੰਘੀ ਰਾਤ ਫ਼ੋਨ 'ਤੇ ਗੱਲ ਕੀਤੀ। ਗੱਲਬਾਤ ਵਿਹਾਰਕ, ਖੁੱਲ੍ਹੀ ਅਤੇ ਰਚਨਾਤਮਕ ਸੀ, ਜਿਵੇਂ ਕਿ ਰੂਸੀ ਅਤੇ ਅਮਰੀਕੀ ਨੇਤਾਵਾਂ ਵਿਚਕਾਰ ਸੰਚਾਰ ਦੀ ਆਮ ਗੱਲ ਹੈ।' ਊਸ਼ਾਕੋਵ ਦੇ ਅਨੁਸਾਰ, ਪੁਤਿਨ ਅਤੇ ਟਰੰਪ ਨੇ ਲਗਭਗ ਇੱਕ ਘੰਟੇ ਤੱਕ ਗੱਲ ਕੀਤੀ। ਟਰੰਪ ਨੇ ਲੰਬੇ ਸਮੇਂ ਤੋਂ ਚੱਲ ਰਹੇ ਟਕਰਾਅ ਦੇ ਮੱਦੇਨਜ਼ਰ ਰੂਸ ਅਤੇ ਯੂਕ੍ਰੇਨ ਵਿਚਕਾਰ ਲੰਬੇ ਸਮੇਂ ਦੇ ਹੱਲ ਨੂੰ ਯਕੀਨੀ ਬਣਾਉਣ ਲਈ ਅਮਰੀਕੀ ਵਚਨਬੱਧਤਾ ਨੂੰ ਦੁਹਰਾਇਆ। ਊਸ਼ਾਕੋਵ ਨੇ ਅੱਗੇ ਕਿਹਾ ਕਿ ਪੁਤਿਨ ਨੇ ਟਰੰਪ ਦਾ ਆਪਣੇ ਪ੍ਰਸ਼ਾਸਨ ਦੇ ਨਿਰੰਤਰ ਵਿਚੋਲਗੀ ਯਤਨਾਂ ਲਈ ਧੰਨਵਾਦ ਕੀਤਾ।

## ਅਪਰੇਸ਼ਨ 'ਐਪਿਕ ਫਿਊਰੀ'

# ਅਮਰੀਕਾ ਲਈ ਕਿੰਨੀ ਮਹਿੰਗੀ ਸਾਬਤ ਹੋ ਰਹੀ ਹੈ ਇਰਾਨ ਨਾਲ ਜੰਗ ?

## ਸਸਤੇ ਇਰਾਨੀ ਡਰੋਨ ਬਨਾਮ ਮਹਿੰਗੀ ਅਮਰੀਕਨ ਮਿਜ਼ਾਈਲ: ਅਮਰੀਕਾ ਲਈ ਜੰਗ ਦਾ ਨਵਾਂ 'ਮਿਜ਼ਾਈਲ ਮੈਥ' ਸੰਕਟ

## ਇਰਾਨ ਦੇ ਡਰੋਨ ਇਜ਼ਰਾਇਲ ਤੇ ਅਮਰੀਕਾ ਲਈ ਵੱਡੀ ਸਿਰਦਰਦੀ ਬਣੇ, ਭਾਰੀ ਆਰਥਿਕ ਨੁਕਸਾਨ ਕੀਤਾ

## ਕੀ ਇਰਾਨ-ਅਮਰੀਕਾ ਜੰਗ ਗਲੋਬਲ ਮਾਰਕੀਟ ਨੂੰ ਡੁਬੋ ਦੇਵੇਗੀ ?




ਮੱਧ ਪੂਰਬ ਵਿੱਚ ਜਾਰੀ ਲੜਾਈ ਨੇ ਸੰਸਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਮਰੀਕਾ, ਇਜ਼ਰਾਇਲ ਅਤੇ ਇਰਾਨ ਵਿਚਕਾਰ ਇਹ ਟੱਕਰ ਹੁਣ ਨਾ ਸਿਰਫ਼ ਜ਼ਿੰਦਗੀਆਂ ਖਾ ਰਹੀ ਹੈ, ਸਗੋਂ ਆਰਥਿਕ ਮਾਮਲੇ ਵਿੱਚ ਵੀ ਵੱਡਾ ਘਾਟਾ ਪਾ ਰਹੀ ਹੈ। ਇਰਾਨ ਵੱਲੋਂ ਬਣਾਏ ਗਏ ਸ਼ਹੀਦ-136 ਨਾਂਅ ਦੇ ਮਿਜਾਈਲ ਨੇ ਅਮਰੀਕਾ ਅਤੇ ਇਜ਼ਰਾਇਲ ਨੂੰ ਬਹੁਤ ਪ੍ਰੇਸ਼ਾਨ ਕੀਤਾ ਹੈ। ਇਰਾਨ ਦੇ ਸਸਤੇ ਡਰੋਨਾਂ (ਜਿਵੇਂ ਕਿ ਸ਼ਹੀਦ-136) ਨੂੰ ਡੇਗਣ ਲਈ ਅਮਰੀਕਾ ਨੂੰ ਪੈਟ੍ਰਿਅਟ ਜਾਂ ਥਾਡ ਮਿਜ਼ਾਈਲਾਂ ਦੀ ਵਰਤੋਂ ਕਰਨੀ ਪੈ ਰਹੀ ਹੈ। ਇੱਕ ਪੈਟ੍ਰਿਅਟ ਇੰਟਰਸੈਪਟਰ ਮਿਜ਼ਾਈਲ ਦੀ ਕੀਮਤ 4 ਮਿਲੀਅਨ ਡਾਲਰ ਤੱਕ ਹੋ ਸਕਦੀ ਹੈ, ਜਦੋਂ ਕਿ ਡਰੋਨ ਦੀ ਕੀਮਤ ਮਹਿਜ਼ ਕੁਝ ਹਜ਼ਾਰ ਡਾਲਰ ਹੈ। ਇਸ ਅਸੰਤੁਲਨ ਕਾਰਨ ਅਮਰੀਕਾ ਨੂੰ ਹਰ ਰੋਜ਼ ਬੇਤਹਾਸ਼ਾ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਮਾਹਿਰਾਂ ਮੁਤਾਬਕ ਇਸ ਨੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਅਮਰੀਕਾ ਦੀ ਤਿਆਰੀ ਹੀ ਬਹੁਤ ਮਹਿੰਗੀ ਸੀ। ਸਾਬਕਾ ਪੈਂਟਾਗਨ ਅਧਿਕਾਰੀ ਐਲੇਨ ਮੈਕਕਸਕਰ ਅਨੁਸਾਰ, ਫ਼ੌਜਾਂ ਦੀ ਤਾਇਨਾਤੀ ਅਤੇ ਸਾਜ਼ੋ-ਸਾਮਾਨ ਨੂੰ ਅੱਗੇ ਵਧਾਉਣ 'ਤੇ ਹੀ 630 ਮਿਲੀਅਨ ਡਾਲਰ ਖਰਚ ਹੋਏ ਸਨ। ਜੰਗ ਦੇ ਪਹਿਲੇ 24 ਘੰਟਿਆਂ ਵਿੱਚ ਹੀ ਅਮਰੀਕਾ ਨੇ ਲਗਭਗ 779 ਮਿਲੀਅਨ ਡਾਲਰ ਦਾ ਗੋਲਾ-ਬਾਰੂਦ ਖਰਚ ਕਰ ਦਿੱਤਾ ਸੀ।

ਇਸ ਤੋਂ ਇਲਾਵਾ ਇਜ਼ਰਾਇਲ ਨੂੰ ਹਰ ਹ਼ਫ਼ਤੇ ਤਿੰਨ ਅਰਬ ਡਾਲਰ ਦਾ ਘਾਟਾ ਪੈ ਰਿਹਾ ਹੈ। ਇਰਾਨ ਨੇ ਅਮਰੀਕਾ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਾਲਾ ਵੱਡਾ ਹਮਲਾ ਕੀਤਾ ਹੈ ਜਿਸ ਵਿੱਚ ਕਤਰ ਵਿੱਚ ਖਾੜੀ ਦੇ ਸਭ ਤੋਂ ਵੱਡੇ ਅਮਰੀਕੀ ਨਿਗਰਾਨੀ ਯੰਤਰਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ ਜਿਸ ਦੀ ਕੀਮਤ ਇੱਕ ਅੰਕੜਾ ਇੱਕ ਅਰਬ ਡਾਲਰ ਹੈ। ਇਰਾਨ ਵੱਲੋਂ ਇਸ 'ਤੇ ਹਮਲਾ ਕਰਨ ਨਾਲ ਅਮਰੀਕਾ ਦੀ ਨਿਗਰਾਨੀ ਵਿਵਸਥਾ ਨੂੰ ਵੱਡਾ ਝਟਕਾ ਲੱਗਾ ਹੈ। ਅਮਰੀਕਾ ਨੂੰ ਹੁਣ ਨਵੇਂ ਯੰਤਰ ਬਣਾਉਣ ਅਤੇ ਪੁਰਾਣੇ ਨੂੰ ਠੀਕ ਕਰਨ 'ਤੇ ਵੀ ਭਾਰੀ ਪੈਸਾ ਖਰਚ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕਾ ਦੇ ਵੱਖ ਵੱਖ ਮੁਲਕਾਂ ਵਿੱਚ ਬਣੇ ਅੱਡੇ ਵੀ ਇਰਾਨੀ ਹਮਲਿਆਂ ਦਾ ਨਿਸ਼ਾਨਾ ਬਣ ਰਹੇ ਹਨ ਜਿਸ ਨਾਲ ਉਨ੍ਹਾਂ ਨੂੰ ਵੀ ਘਾਟਾ ਪੈ ਰਿਹਾ ਹੈ। ਲੜਾਈ ਦੀ ਸ਼ੁਰੂਆਤ ਨਾਲ ਹੀ ਤਿੰਨੇ ਮੁਲਕਾਂ ਨੂੰ ਵੱਡਾ ਆਰਥਿਕ ਘਾਟਾ ਪੈਣ ਲੱਗਾ ਹੈ। ਅਮਰੀਕਾ ਨੂੰ ਇਸ ਲੜਾਈ ਵਿੱਚ ਹਥਿਆਰਾਂ ਅਤੇ ਫ਼ੌਜੀ ਕਾਰਵਾਈਆਂ 'ਤੇ ਬਹੁਤ ਪੈਸਾ ਖਰਚ ਕਰਨਾ ਪੈ ਰਿਹਾ ਹੈ। ਮਾਹਿਰਾਂ ਮੁਤਾਬਕ ਅਮਰੀਕਾ ਨੂੰ ਹੁਣ ਤੱਕ ਲੱਖਾਂ ਕਰੋੜਾਂ ਡਾਲਰਾਂ ਦਾ ਘਾਟਾ ਹੋ ਚੁੱਕਾ ਹੈ। ਖਾਸ ਕਰ ਕੇ ਇਰਾਨ ਵੱਲੋਂ ਕੀਤੇ ਹਮਲਿਆਂ ਵਿੱਚ ਅਮਰੀਕੀ ਫ਼ੌਜੀ ਅੱਡੇ ਅਤੇ ਯੰਤਰ ਤਬਾਹ ਹੋ ਰਹੇ ਹਨ। ਇਜ਼ਰਾਇਲ ਨੂੰ ਇਸ ਲੜਾਈ ਵਿੱਚ ਸਭ ਤੋਂ ਵੱਡਾ ਆਰਥਿਕ ਘਾਟਾ ਪੈ ਰਿਹਾ ਹੈ। ਇਜ਼ਰਾਇਲ ਦੇ ਖ਼ਜ਼ਾਨੇ ਵਾਲੇ ਵਿਭਾਗ ਨੇ ਦੱਸਿਆ ਹੈ ਕਿ ਹਰ ਹ਼ਫ਼ਤੇ ਤਿੰਨ ਅਰਬ ਡਾਲਰ ਦਾ ਘਾਟਾ ਹੋ ਰਿਹਾ ਹੈ। ਇਹ ਘਾਟਾ ਲੜਾਈ ਕਾਰਨ ਲੱਗੀਆਂ ਪਾਬੰਦੀਆਂ ਨਾਲ ਪੈ ਰਿਹਾ ਹੈ। ਮਿਸਾਲ ਵਜੋਂ ਵਪਾਰ, ਸਿੱਖਿਆ ਅਤੇ ਕੰਮ ਕਾਜ ਉਪਰ ਪਾਬੰਦੀਆਂ ਲੱਗੀਆਂ ਹੋਈਆਂ ਹਨ। ਲੋਕਾਂ ਨੂੰ ਘਰਾਂ ਵਿੱਚ ਰਹਿਣ ਅਤੇ ਕੰਮ ਘਰੋਂ ਕਰਨ ਲਈ ਕਿਹਾ ਗਿਆ ਹੈ। ਇਸ ਨਾਲ ਵਪਾਰੀਆਂ ਅਤੇ ਕੰਮ ਕਰਨ ਵਾਲਿਆਂ ਨੂੰ ਵੱਡਾ ਘਾਟਾ ਪੈ ਰਿਹਾ ਹੈ। ਇਜ਼ਰਾਇਲ ਨੂੰ ਹਥਿਆਰਾਂ 'ਤੇ ਵੀ ਬਹੁਤ ਪੈਸਾ ਖਰਚ ਕਰਨਾ ਪੈ ਰਿਹਾ ਹੈ ,ਕਿਉਂਕਿ ਇਰਾਨ ਵੱਲੋਂ ਰੋਜ਼ਾਨਾ ਹਮਲੇ ਹੋ ਰਹੇ ਹਨ।

ਇਰਾਨ ਨੂੰ ਵੀ ਇਸ ਲੜਾਈ ਵਿੱਚ ਆਰਥਿਕ ਘਾਟਾ ਪੈ ਰਿਹਾ ਹੈ ਪਰ ਉਹ ਆਪਣੇ ਸਸਤੇ ਹਥਿਆਰਾਂ ਨਾਲ ਵੱਡੇ ਮੁਲਕਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਇਰਾਨ ਨੂੰ ਅੰਤਰਰਾਸ਼ਟਰੀ ਪਾਬੰਦੀਆਂ ਕਾਰਨ ਪਹਿਲਾਂ ਹੀ ਘਾਟਾ ਸੀ ਪਰ ਹੁਣ ਲੜਾਈ ਨਾਲ ਵਧ ਗਿਆ ਹੈ। ਉਨ੍ਹਾਂ ਨੂੰ ਆਪਣੀ ਫ਼ੌਜ ਦਾ ਪ੍ਰਬੰਧ ਚਲਾਉਣ ਅਤੇ ਹਥਿਆਰ ਬਣਾਉਣ ਉਪਰ ਪੈਸਾ ਖਰਚ ਕਰਨਾ ਪੈ ਰਿਹਾ ਹੈ। ਮਾਹਿਰਾਂ ਮੁਤਾਬਕ ਇਰਾਨ ਨੂੰ ਹੁਣ ਤੱਕ ਹਜ਼ਾਰਾਂ ਕਰੋੜਾਂ ਦਾ ਘਾਟਾ ਹੋ ਚੁੱਕਾ ਹੈ ਪਰ ਉਹ ਆਪਣੇ ਹਥਿਆਰਾਂ ਨਾਲ ਲੜਾਈ ਜਾਰੀ ਰੱਖ ਰਿਹਾ ਹੈ।

ਇਸ ਤੋਂ ਇਲਾਵਾ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਕੀ ਇਰਾਨ ਨੇ ਪਰਮਾਣੂ ਹਥਿਆਰ ਵਾਲੀਆਂ ਮਿਜ਼ਾਈਲਾਂ ਬਣਾ ਲਈਆਂ ਹਨ।

ਹੁਣ ਗੱਲ ਕਰੀਏ ਇਰਾਨ ਦੇ ਸ਼ਹੀਦ-136 ਮਿਜ਼ਾਈਲਾਂ ਦੀ। ਇਹ ਇੱਕ ਅਜਿਹਾ ਯੰਤਰ ਹੈ ਜੋ ਆਪਣੇ ਨਿਸ਼ਾਨੇ 'ਤੇ ਜਾ ਕੇ ਖੁਦ ਨੂੰ ਤਬਾਹ ਕਰ ਦਿੰਦਾ ਹੈ ਅਤੇ ਨਿਸ਼ਾਨੇ ਨੂੰ ਵੀ ਉਡਾ ਦਿੰਦਾ ਹੈ। ਇੱਕ ਅਜਿਹੇ ਯੰਤਰ ਦੀ ਕੀਮਤ ਵੀਹ ਹਜ਼ਾਰ ਡਾਲਰ ਤੋਂ ਪੰਜਾਹ ਹਜ਼ਾਰ ਡਾਲਰਾਂ ਵਿੱਚ ਹੈ ਜੋ ਬਹੁਤ ਸਸਤੀ ਹੈ। ਪਰ ਇਸ ਨੂੰ ਰੋਕਣ ਲਈ ਅਮਰੀਕਾ ਅਤੇ ਇਜ਼ਰਾਈਲ ਨੂੰ ਬਹੁਤ ਮਹਿੰਗੇ ਹਥਿਆਰ ਵਰਤਣੇ ਪੈ ਰਹੇ ਹਨ। ਇੱਕ ਅਮਰੀਕਨ ਮਿਜਾਈਲ ਦੀ ਕੀਮਤ ਚਾਰ ਮਿਲੀਅਨ ਡਾਲਰ ਤੱਕ ਹੈ ਜੋ ਡਰੋਨ ਨਾਲੋਂ ਕਈ ਗੁਣਾ ਵੱਧ ਹੈ। ਜਦੋਂ ਇਰਾਨ ਇੱਕ ਵਾਰ ਵਿੱਚ ਬਹੁਤ ਸਾਰੇ ਡਰੋਨ ਛੱਡਦਾ ਹੈ ਤਾਂ ਉਨ੍ਹਾਂ ਨੂੰ ਰੋਕਣ ਲਈ ਬਹੁਤ ਮਹਿੰਗੀਆ ਮਿਜ਼ਾਈਲਾਂ ਵਰਤਣੀਆਂ ਪੈਂਦੀਆਂ ਹਨ ਜਿਸ ਨਾਲ ਘਾਟਾ ਵੱਧ ਜਾਂਦਾ ਹੈ। ਇਸ ਡਰੋਨ ਨੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਬਹੁਤ ਪ੍ਰੇਸ਼ਾਨ ਕੀਤਾ ਹੈ ਅਤੇ ਉਨ੍ਹਾਂ ਦੀ ਨੀਂਦ ਉਡਾ ਦਿੱਤੀ ਹੈ ਕਿਉਂਕਿ ਇਹ ਡਰੋਨ ਬਹੁਤ ਅਸਰਦਾਰ ਹਨ।

ਸ਼ਹੀਦ-136 ਮਿਜਾਈਲ ਦੀ ਬਣਤਰ ਬਹੁਤ ਸਾਦੀ ਹੈ। ਇਸ ਦੀ ਲੰਬਾਈ ਤਿੰਨ ਅੱਧੇ ਮੀਟਰ, ਖੰਭਾਂ ਦੀ ਚੌੜਾਈ ਦੋ ਅੱਧੇ ਮੀਟਰ ਅਤੇ ਵਜ਼ਨ ਦੋ ਸੌ ਕਿੱਲੋ ਹੈ। ਇਸ ਦੇ ਖੰਭ ਤਿਕੋਣੀ ਸ਼ਕਲ ਵਾਲੇ ਹਨ ਜੋ ਇਸ ਨੂੰ ਮਜ਼ਬੂਤ ਬਣਾਉਂਦੇ ਹਨ। ਇਰਾਨ ਇਸ ਨੂੰ ਵੱਡੀ ਗਿਣਤੀ ਵਿੱਚ ਬਣਾ ਰਿਹਾ ਹੈ, ਕਿਉਂਕਿ ਇਹ ਬਹੁਤ ਸਸਤਾ ਪੈਂਦਾ ਹੈ। ਇਸ ਵਿੱਚ ਤੀਹ ਤੋਂ ਪੰਜਾਹ ਕਿੱਲੋ ਵਿਸਫੋਟਕ ਸਮੱਗਰੀ ਹੁੰਦੀ ਹੈ ਜੋ ਫ਼ੌਜੀ ਅੱਡੇ, ਨਿਗਰਾਨੀ ਜਗ੍ਹਾਵਾਂ, ਤੇਲ ਭੰਡਾਰ ਅਤੇ ਵੱਡੀਆਂ ਬਣਤਰਾਂ 'ਤੇ ਹਮਲਾ ਕਰ ਸਕਦੀ ਹੈ। ਮਾਹਿਰਾਂ ਮੁਤਾਬਕ ਇਰਾਨ ਹਰ ਮਹੀਨੇ ਦਸ ਹਜ਼ਾਰ ਅਜਿਹੇ ਯੰਤਰ ਬਣਾ ਸਕਦਾ ਹੈ ਜੋ ਲੰਮੀ ਲੜਾਈ ਵਿੱਚ ਵੱਡਾ ਦਬਾਅ ਪਾਉਂਦੇ ਹਨ। ਇਹ ਯੰਤਰ ਨੀਵੀਂ ਉਚਾਈ ਅਤੇ ਹੌਲੀ ਗਤੀ ਨਾਲ ਉੱਡਦੇ ਹਨ ਜਿਸ ਨਾਲ ਉਨ੍ਹਾਂ ਨੂੰ ਫੜ੍ਹਨਾ ਔਖਾ ਹੈ।

ਸਾਲ 2025 ਵਿੱਚ ਹੋਈ ਬਾਰ੍ਹਾਂ ਦਿਨਾਂ ਦੀ ਲੜਾਈ ਵਿੱਚ ਅਮਰੀਕਾ ਨੂੰ ਇਨ੍ਹਾਂ ਯੰਤਰਾਂ ਨੂੰ ਰੋਕਣ ਲਈ ਆਪਣੇ ਵੱਡੇ ਤੀਰਾਂ ਦਾ ਚੌਥਾ ਹਿੱਸਾ ਵਰਤਣਾ ਪਿਆ ਸੀ ਜੋ ਹੁਣ ਚਿੰਤਾ ਦਾ ਵਿਸ਼ਾ ਹੈ। ਅਮਰੀਕਾ ਨੇ ਇਸ ਨੂੰ ਰੋਕਣ ਲਈ ਨਵਾਂ ਯੰਤਰ ਬਣਾਇਆ ਹੈ ਜਿਸ ਨੂੰ ਸਸਤਾ ਲੜਾਈ ਵਾਲਾ ਵਿਵਸਥਾ ਕਿਹਾ ਜਾਂਦਾ ਹੈ। ਪਰ ਇਹ ਕਿੰਨਾ ਅਸਰਦਾਰ ਹੋਵੇਗਾ ਇਹ ਵੇਖਣ ਵਾਲੀ ਗੱਲ ਹੈ। ਅਮਰੀਕਾ ਹੋਰ ਸਸਤੇ ਰੋਕੂ ਯੰਤਰ ਅਤੇ ਰੌਸ਼ਨੀ ਵਾਲੇ ਹਥਿਆਰਾਂ 'ਤੇ ਕੰਮ ਕਰ ਰਿਹਾ ਹੈ ਤਾਂ ਜੋ ਭਵਿੱਖ ਵਿੱਚ ਇਨ੍ਹਾਂ ਨੂੰ ਘੱਟ ਖਰਚ ਨਾਲ ਰੋਕਿਆ ਜਾ ਸਕੇ।

ਜੰਗ ਦੀ ਵੱਡੀ ਕੀਮਤ ਇਜ਼ਰਾਇਲ ਨੂੰ ਹਰ ਹ਼ਫ਼ਤੇ ਤਿੰਨ ਅਰਬ ਡਾਲਰਾਂ ਦੇ ਘਾਟੇ ਵਜੋਂ ਪੈ ਰਹੀ ਹੈ। ਹੁਣ ਸਵਾਲ ਇਹ ਹੈ ਕਿ ਕੀ ਇਰਾਨ ਨੇ ਪ੍ਰਮਾਣੂ ਮਿਜ਼ਾਈਲਾਂ ਬਣਾ ਲਈਆਂ ਹਨ। ਮਾਹਿਰਾਂ ਮੁਤਾਬਕ ਇਰਾਨ ਪ੍ਰਮਾਣੂ ਪ੍ਰੋਗਰਾਮ 'ਤੇ ਕੰਮ ਕਰ ਰਿਹਾ ਹੈ ਪਰ ਅਜੇ ਤੱਕ ਪੂਰੀ ਤਰ੍ਹਾਂ ਬਣਾਏ ਨਹੀਂ ਗਏ। ਕੁਝ ਰਿਪੋਰਟਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਇਰਾਨ ਨੇ ਪ੍ਰਮਾਣੂ ਸਮੱਗਰੀ ਨੂੰ ਵਧਾ ਲਿਆ ਹੈ ਅਤੇ ਮਿਜ਼ਾਈਲਾਂ ਬਣਾ ਰਿਹਾ ਹੈ ਪਰ ਅੰਤਰਰਾਸ਼ਟਰੀ ਨਿਗਰਾਨੀ ਨੇ ਅਜੇ ਪੁਸ਼ਟੀ ਨਹੀਂ ਕੀਤੀ। ਲੜਾਈ ਵਿੱਚ ਇਰਾਨ ਨੇ ਅਜੇ ਅਜਿਹੀਆਂ ਮਿਜ਼ਾਈਲਾਂ ਨਹੀਂ ਵਰਤੀਆ ਪਰ ਧਮਕੀਆਂ ਦਿੱਤੀਆਂ ਹਨ। ਜੇਕਰ ਇਰਾਨ ਨੇ ਅਜਿਹੀਆਂ ਮਿਜਾਈਲਾਂ ਬਣਾ ਲਈਆਂ ਤਾਂ ਲੜਾਈ ਹੋਰ ਭਿਆਨਕ ਹੋ ਜਾਵੇਗੀ। ਅਮਰੀਕਾ ਅਤੇ ਇਜ਼ਰਾਇਲ ਨੂੰ ਇਸ ਦੀ ਚਿੰਤਾ ਹੈ ਅਤੇ ਉਹ ਇਰਾਨ ਨੂੰ ਰੋਕਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਪਰ ਅਜੇ ਇਹ ਸਿਰਫ਼ ਅਫਵਾਹਾਂ ਹਨ ਅਤੇ ਪੁਸ਼ਟੀ ਨਹੀਂ ਹੋਈ। ਜੇਕਰ ਪ੍ਰਮਾਣੂ ਮਿਜ਼ਾਈਲਾਂ ਬਣਾਉਣ ਦੀ ਗੱਲ ਸੱਚ ਹੋਈ ਤਾਂ ਹਾਲਾਤ ਹੋਰ ਬਦਤਰ ਹੋ ਜਾਣਗੇ।

**ਕਿਥੇ ਕਿਥੇ ਇਰਾਨ ਨੇ ਹਮਲੇ ਕੀਤੇ**

ਬਹਿਰੀਨ ਦੀ ਰਾਜਧਾਨੀ ਵਿੱਚ ਵੀ ਹਮਲੇ ਹੋਏ ਜਿਸ ਨਾਲ ਹਵਾਈ ਅੱਡਾ ਅਤੇ ਬੰਦਰਗਾਹ ਨੂੰ ਨੁਕਸਾਨ ਪਹੁੰਚਿਆ। ਜੌਰਡਨ ਵਿੱਚ ਨੁਕਸਾਨ ਹੋਇਆ ਹੈ। ਕੁਵੈਤ ਵਿੱਚ ਵੱਡੇ ਹਮਲੇ ਨਾਲ ਫ਼ੌਜੀ ਮਾਰੇ ਗਏ ਅਤੇ ਜਹਾਜ਼ ਡਿੱਗੇ ਜੋ ਆਪਣੀ ਹੀ ਵਿਵਸਥਾ ਨਾਲ ਡਿੱਗੇ। ਕਤਰ ਵਿੱਚ ਵੱਡਾ ਨਿਗਰਾਨੀ ਯੰਤਰ ਤਬਾਹ ਹੋਇਆ ਜੋ ਦੁਨੀਆਂ ਵਿੱਚ ਛੇ ਵਿੱਚੋਂ ਇੱਕ ਸੀ। ਅਮੀਰਾਤ ਵਿੱਚ ਹਵਾਈ ਅੱਡੇ ਅਤੇ ਅੱਡੇ ਤੇ ਹਮਲੇ ਹੋਏ ਅਤੇ ਬੰਦਰਗਾਹ ਨੂੰ ਅੱਗ ਲੱਗੀ ਸੀ। ਸਾਊਦੀ ਅਰਬ ਵਿੱਚ ਤੇਲ ਭੰਡਾਰ 'ਤੇ ਹਮਲੇ ਨਾਲ ਉਤਪਾਦਨ ਰੁੱਕ ਗਿਆ। ਇਹ ਸਾਰੇ ਹਮਲੇ ਈਰਾਨ ਨੇ ਆਪਣੇ ਹਥਿਆਰਾਂ ਨਾਲ ਕੀਤੇ ਹਨ ਅਤੇ ਅਮਰੀਕਾ ਨੂੰ ਵੱਡਾ ਘਾਟਾ ਪਾਇਆ ਹੈ। ਇਰਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਦੋ ਸੌ ਅਮਰੀਕਨ ਫ਼ੌਜੀ ਮਾਰੇ ਪਰ ਅਮਰੀਕਾ ਨੇ ਚਾਰ ਦੀ ਪੁਸ਼ਟੀ ਕੀਤੀ। ਅਮਰੀਕੀ ਨੇਤਾ ਨੇ ਕਿਹਾ ਕਿ ਲੜਾਈ ਲੰਮੀ ਚੱਲੇਗੀ। ਇਰਾਨ ਨੇ ਕਿਹਾ ਕਿ ਉਹ ਅਮਰੀਕਾ ਤੇ ਇਜ਼ਰਾਇਲ ਨੂੰ ਸਬਕ ਸਿਖਾਉਣਗੇ।

**ਅਮਰੀਕੀ ਕਰਜ਼ਾ: ਇੱਕ ਚਿੰਤਾਜਨਕ ਪਹਿਲੂ**

ਅਮਰੀਕਾ ਪਹਿਲਾਂ ਹੀ ਆਪਣੀ ਜੀਡੀਪੀ ਦੇ 122.8% ਦੇ ਬਰਾਬਰ ਕਰਜ਼ੇ ਹੇਠ ਦਬਿਆ ਹੋਇਆ ਹੈ। ਇਸ ਜੰਗ 'ਤੇ ਹੋਣ ਵਾਲਾ 200 ਬਿਲੀਅਨ ਡਾਲਰ (ਸਿੱਧਾ ਅਤੇ ਅਸਿੱਧਾ ਨੁਕਸਾਨ) ਦਾ ਬੋਝ ਅਮਰੀਕਾ ਦੀ ਵਿੱਤੀ ਸਥਿਤੀ ਨੂੰ ਹੋਰ ਵੀ ਨਾਜ਼ੁਕ ਬਣਾ ਸਕਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਨੇ ਇਜ਼ਰਾਈਲ ਨੂੰ 21.7 ਬਿਲੀਅਨ ਡਾਲਰ ਦੀ ਸਹਾਇਤਾ ਦਿੱਤੀ ਸੀ ਅਤੇ ਹੁਣ ਖੁਦ ਜੰਗ ਵਿੱਚ ਉਤਰਨ ਨਾਲ ਇਹ ਖਰਚਾ ਕਈ ਗੁਣਾ ਵਧ ਗਿਆ ਹੈ।

### ਗਲੋਬਲ ਆਰਥਿਕਤਾ 'ਤੇ ਅਸਰ: ਤੇਲ ਅਤੇ ਵਪਾਰ

ਜੰਗ ਦਾ ਅਸਰ ਸਿਰਫ਼ ਪੈਂਟਾਗਨ ਦੇ ਬਜਟ ਤੱਕ ਸੀਮਤ ਨਹੀਂ ਹੈ। ਇਸਨੇ ਗਲੋਬਲ ਐਨਰਜੀ ਮਾਰਕੀਟ ਨੂੰ ਹਿਲਾ ਕੇ ਰੱਖ ਦਿੱਤਾ ਹੈ:

**ਤੇਲ ਦੀਆਂ ਕੀਮਤਾਂ:** ਬ੍ਰੈਂਟ ਕਰੂਡ ਆਇਲ 80 ਡਾਲਰ ਪ੍ਰਤੀ ਬੈਰਲ ਦੇ ਪਾਰ ਪਹੁੰਚ ਗਿਆ ਹੈ। ਜੇਕਰ ਸਥਿਤੀ ਵਿਗੜਦੀ ਹੈ, ਤਾਂ ਇਹ ਕੀਮਤ 120-150 ਡਾਲਰ ਤੱਕ ਜਾ ਸਕਦੀ ਹੈ।

**ਹੋਰਮੁਜ਼ ਦਾ ਜਲਡਮਰੂ** : ਦੁਨੀਆ ਦਾ 20% ਤੇਲ ਅਤੇ ਗੈਸ ਇੱਥੋਂ ਲੰਘਦਾ ਹੈ। ਇਰਾਨ ਦੁਆਰਾ ਇਸਨੂੰ ਬੰਦ ਕਰਨ ਦੀ ਧਮਕੀ ਨੇ ਸ਼ਿਪਿੰਗ ਅਤੇ ਬੀਮਾ ਖਰਚਿਆਂ ਨੂੰ ਅਸਮਾਨ 'ਤੇ ਪਹੁੰਚਾ ਦਿੱਤਾ ਹੈ।

**ਸਪਲਾਈ ਚੇਨ:** ਸਾਊਦੀ ਅਰਬ ਦੀ ਸਭ ਤੋਂ ਵੱਡੀ ਰਿਫਾਇਨਰੀ 'ਤੇ ਡਰੋਨ ਹਮਲੇ ਨਾਲ ਡੀਜ਼ਲ ਅਤੇ ਗੈਸੋਲੀਨ ਦੇ ਭਵਿੱਖ ਦੇ ਸੌਦਿਆਂ ਵਿੱਚ ਭਾਰੀ ਉਛਾਲ ਆਇਆ ਹੈ।

## ਜੰਗ ਦੌਰਾਨ ਤਬਾਹ ਹੋਏ ਇਰਾਨ ਵਿੱਚ 11 ਹਜ਼ਾਰ ਤੋਂ ਵੱਧ ਘਰ

ਤਹਿਰਾਨ/ਏ.ਟੀ.ਨਿਊਜ਼: ਅਮਰੀਕਾ ਅਤੇ ਇਜ਼ਰਾਇਲ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਤੋਂ ਬਾਅਦ ਇਰਾਨ ਵਿੱਚ ਆਮ ਨਾਗਰਿਕਾਂ ਦੇ ਰਿਹਾਇਸ਼ੀ ਇਲਾਕਿਆਂ ਅਤੇ ਜਨਤਕ ਢਾਂਚੇ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਿਆ ਹੈ। ਇਰਾਨੀ ਰੈੱਡ ਕ੍ਰੀਸੈਂਟ ਦੀ ਤਾਜ਼ਾ ਰਿਪੋਰਟ ਅਨੁਸਾਰ ਇਨ੍ਹਾਂ ਹਮਲਿਆਂ ਵਿੱਚ ਹੁਣ ਤੱਕ 11 ਹਜ਼ਾਰ ਤੋਂ ਵੱਧ ਘਰ ਨੁਕਸਾਨੇ ਗਏ ਹਨ, ਜਿਸ ਕਾਰਨ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਇਰਾਨ ਨੇ ਇੱਕ ਵਾਰ ਫਿਰ ਅਮਰੀਕਾ ਅਤੇ ਇਜ਼ਰਾਇਲ ਦੇ ਰਣਨੀਤਕ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਮਿਜ਼ਾਈਲਾਂ ਦੀ 31ਵੀਂ ਖੇਪ ਦਾਗੀ ਹੈ। ਇਹ ਹਮਲਾ ਖੇਤਰ ਵਿੱਚ ਲਗਾਤਾਰ ਵਧ ਰਹੇ ਫ਼ੌਜੀ ਤਣਾਅ ਦਾ ਹਿੱਸਾ ਹੈ, ਜਿਸ ਨੇ ਪੂਰੇ ਮੱਧ ਪੂਰਬ ਵਿੱਚ ਜੰਗ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਇਰਾਨੀ ਫ਼ੌਜ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਅਮਰੀਕੀ ਫ਼ੌਜੀ ਅੱਡਿਆਂ ਅਤੇ ਇਜ਼ਰਾਇਲ ਦੇ ਅਹਿਮ ਸੁਰੱਖਿਆ ਢਾਂਚੇ ਨੂੰ ਨਿਸ਼ਾਨਾ ਬਣਾਇਆ ਹੈ। ਇਰਾਨ ਦੀ ਜੰਗ ਕਾਰਨ ਆਰਥਿਕਤਾ ਅਤੇ ਉਪਭੋਗਤਾਵਾਂ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਦੁਨੀਆ ਭਰ ਦੀਆਂ ਸਰਕਾਰਾਂ ਕੋਸ਼ਿਸ਼ਾਂ ਕਰ ਰਹੀਆਂ ਹਨ। ਪਿਛਲੇ ਦਿਨੀਂ ਤੇਲ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ ਦਰਜ ਕੀਤਾ ਗਿਆ,



ਕਿਉਂਕਿ ਮੁੱਖ ਉਤਪਾਦਕਾਂ ਨੇ ਸਪਲਾਈ ਘਟਾ ਦਿੱਤੀ ਹੈ ਅਤੇ ਤਹਿਰਾਨ (ਇਰਾਨ) ਨੇ ਸੰਕੇਤ ਦਿੱਤਾ ਹੈ ਕਿ ਕੱਟੜਪੰਥੀ ਹੀ ਸੱਤਾ ਵਿੱਚ ਰਹਿਣਗੇ। ਦੱਖਣੀ ਕੋਰੀਆ ਆਪਣੀ ਲੋੜ ਦਾ 70 ਫ਼ੀਸਦੀ ਤੇਲ ਮੱਧ ਪੂਰਬ ਤੋਂ ਖਰੀਦਦਾ ਹੈ। ਰਾਸ਼ਟਰਪਤੀ ਲੀ ਜੇ ਮਯੁੰਗ ਨੇ ਐਲਾਨ ਕੀਤਾ ਹੈ ਕਿ ਸਿਓਲ ਪਿਛਲੇ ਲਗਪਗ 30 ਸਾਲਾਂ ਵਿੱਚ ਪਹਿਲੀ ਵਾਰ ਤੇਲ ਦੀਆਂ ਕੀਮਤਾਂ ਦੀ ਸੀਮਾ ਤੈਅ ਕਰੇਗਾ। ਉਨ੍ਹਾਂ ਨੇ ਲੋਕਾਂ ਨੂੰ ਘਬਰਾਹਟ ਵਿੱਚ ਆ ਕੇ ਵਾਧੂ ਖਰੀਦਦਾਰੀ ਨਾ ਕਰਨ ਦੀ ਚਿਤਾਵਨੀ ਵੀ ਦਿੱਤੀ ਹੈ। ਤੇਲ ਦੀਆਂ ਕੀਮਤਾਂ ਵਿੱਚ ਲਗਪਗ 25 ਫ਼ੀਸਦੀ ਦਾ ਵੱਡਾ ਉਛਾਲ ਆਇਆ ਹੈ, ਜੋ 2022 ਦੇ ਅੱਧ ਤੋਂ ਬਾਅਦ ਸਭ ਤੋਂ ਵੱਧ ਹੈ। ਇਰਾਨ ਦੀ ਜੰਗ ਵਧਣ ਕਾਰਨ ਦੁਨੀਆ ਵਿੱਚ ਊਰਜਾ ਦੀ ਸਪਲਾਈ ਘਟ ਗਈ ਹੈ, ਜਿਸ ਨਾਲ ਬ੍ਰੈਂਟ ਕਰੂਡ ਇੱਕ ਦਿਨ ਵਿੱਚ ਸਭ ਤੋਂ ਵੱਧ ਵਾਧਾ ਦਰਜ ਕਰਨ ਦੇ ਰਾਹ 'ਤੇ ਹੈ।

ਦੂਜੇ ਪਾਸੇ, ਕੁਝ ਹੋਰ ਅਹਿਮ ਬਦਲਾਅ ਵੀ ਦੇਖਣ ਨੂੰ ਮਿਲੇ ਹਨ। ਸੋਨੇ ਦੀ ਕੀਮਤ ਦੋ ਫੀਸਦ ਡਿੱਗ ਗਈ ਹੈ। ਡਾਲਰ ਮਜ਼ਬੂਤ ਹੋਣ ਕਾਰਨ ਵਿਆਜ ਦਰਾਂ ਵਿੱਚ ਕਟੌਤੀ ਦੀਆਂ ਉਮੀਦਾਂ ਘਟ ਗਈਆਂ ਹਨ। ਖੇਤੀਬਾੜੀ ਬਜ਼ਾਰ ਵਿੱਚ ਵੀ ਤੇਲ ਦੀਆਂ ਕੀਮਤਾਂ ਵਧਣ ਕਰਕੇ ਖਾਣ ਵਾਲੇ ਤੇਲਾਂ ਦੇ ਭਾਅ ਵੀ ਵਧ ਗਏ ਹਨ, ਕਿਉਂਕਿ ਬਾਇਓਫਿਊਲ ਬਣਾਉਣ ਲਈ ਵੈਜੀਟੇਬਲ ਆਇਲ ਦੀ ਬਹੁਤ ਵਰਤੋਂ ਹੁੰਦੀ ਹੈ। ਧਾਤਾਂ ਸਪਲਾਈ ਦੀ ਚਿੰਤਾ ਕਾਰਨ ਐਲੂਮੀਨੀਅਮ ਦੀਆਂ ਕੀਮਤਾਂ ਵਧੀਆਂ ਹਨ, ਪਰ ਡਾਲਰ ਮਜ਼ਬੂਤ ਹੋਣ ਕਾਰਨ ਬਾਕੀ ਧਾਤਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਇਰਾਨ ਜੰਗ ਦਾ ਪੰਜਾਬ ਦੀ ਆਰਥਿਕਤਾ ’ਤੇ ਅਸਰ

## ਸੁੰਗੜਦਾ ਨਿਰਯਾਤ, ਵਧਦਾ ਜੋਖ਼ਮ, ਬੰਦ ਰਾਹ, ਫਸਿਆ ਮਾਲ, ਨਿਰਯਾਤਕਾਂ ਲਈ ਮੁਸ਼ਕਿਲ ਘੜੀ

## ਹਰ ਮਹੀਨੇ ਲਗਪਗ ਚੌਦਾਂ ਸੌ ਕਰੋੜ ਰੁਪਏ ਦਾ ਵਪਾਰੀਆਂ ਨੂੰ ਹੋ ਸਕਦੈ ਨੁਕਸਾਨ

ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚਕਾਰ ਪੈਦਾ ਹੋਏ ਤਣਾਅ ਨੇ ਨਾ ਸਿਰਫ਼ ਪੱਛਮੀ ਏਸ਼ੀਆ ਦੇ ਹਾਲਾਤ ਵਿਗਾੜ ਦਿੱਤੇ ਹਨ, ਸਗੋਂ ਇਸ ਦੇ ਡੂੰਘੇ ਅਤੇ ਭਿਆਨਕ ਪ੍ਰਭਾਵ ਪੰਜਾਬ ਅਤੇ ਪੂਰੇ ਭਾਰਤ ਉੱਤੇ ਵੀ ਪੈ ਰਹੇ ਹਨ। ਪੰਜਾਬ, ਜੋ ਕਿ ਖੇਤੀਬਾੜੀ ਅਤੇ ਛੋਟੇ ਉਦਯੋਗਾਂ ਦਾ ਕੇਂਦਰ ਹੈ, ਇਸ ਵੇਲੇ ਵੱਡੇ ਵਪਾਰਕ ਸੰਕਟ ਦੇ ਸਾਹਮਣੇ ਖੜ੍ਹਾ ਹੈ। ਇਸ ਜੰਗ ਨੇ ਸੂਬੇ ਦੀ ਅਰਥ ਵਿਵਸਥਾ ਨੂੰ ਵੱਡਾ ਝਟਕਾ ਮਾਰਿਆ ਹੈ, ਜਿਸ ਨਾਲ ਵਪਾਰੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਪੰਜਾਬ ਤੋਂ ਵੱਖ- ਵੱਖ ਮੁਲਕਾਂ ਨੂੰ ਜਾਣ ਵਾਲੇ ਮਾਲ ਦੇ ਜਹਾਜ਼ ਮੱਧ ਪੂਰਬੀ ਖੇਤਰ ਵਿੱਚੋਂ ਲੰਘ ਕੇ ਜਾਂਦੇ ਹਨ। ਹੁਣ ਇਸ ਖੇਤਰ ਵਿੱਚ ਜੰਗੀ ਹਾਲਾਤ ਕਾਰਨ ਸਮੁੰਦਰੀ ਰਸਤੇ ਬੰਦ ਹੋ ਗਏ ਹਨ, ਜਿਸ ਨਾਲ ਨਿਰਯਾਤ ਰੁੱਕ ਗਿਆ ਹੈ। ਮਾਹਿਰਾਂ ਮੁਤਾਬਕ, ਹਰ ਮਹੀਨੇ ਲਗਪਗ ਚੌਦਾਂ ਸੌ ਕਰੋੜ ਰੁਪਏ ਦਾ ਵਪਾਰੀ ਨੁਕਸਾਨ ਹੋ ਸਕਦਾ ਹੈ। ਪੰਜਾਬ ਤੋਂ ਹਰ ਮਹੀਨੇ ਪੰਦਰਾਂ ਸੌ ਕੰਟੇਨਰਾਂ ਰਾਹੀਂ ਨਿਰਯਾਤ ਹੁੰਦਾ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਜਹਾਜ਼ ਕੰਪਨੀਆਂ ਨਵੀਆਂ ਬੁੱਕਿੰਗਾਂ ਨਹੀਂ ਲੈ ਰਹੀਆਂ ਕਿਉਂਕਿ ਖਤਰਾ ਵਧ ਗਿਆ ਹੈ। ਪੁਰਾਣੇ ਆਰਡਰ ਵੀ ਵਿਦੇਸ਼ੀ ਖਰੀਦਦਾਰਾਂ ਵੱਲੋਂ ਰੱਦ ਕੀਤੇ ਜਾ ਰਹੇ ਹਨ ਜਾਂ ਰੋਕੇ ਜਾ ਰਹੇ ਹਨ, ਜਿਸ ਨਾਲ ਵਪਾਰੀਆਂ ਨੂੰ ਭੁਗਤਾਨ ਨਾ ਮਿਲਣ ਦਾ ਡਰ ਹੈ।




**ਚੌਲ ਉਦਯੋਗ ਨੂੰ ਸਭ ਤੋਂ ਵੱਡੀ ਮਾਰ**

ਇਸ ਸੰਕਟ ਨੇ ਚੌਲ ਉਦਯੋਗ ਨੂੰ ਸਭ ਤੋਂ ਵੱਡੀ ਮਾਰ ਮਾਰੀ ਹੈ। ਸਾਬਕਾ ਅਧਿਕਾਰੀਆਂ ਮੁਤਾਬਕ, ਛੇ ਹਜ਼ਾਰ ਕਰੋੜ ਰੁਪਏ ਦੀ ਰਕਮ ਫਸ ਗਈ ਹੈ ਤੇ ਹਜ਼ਾਰਾਂ ਕਰੋੜ ਦਾ ਸਟਾਕ ਰਸਤੇ ਵਿੱਚ ਅਟਕਿਆ ਹੋਇਆ ਹੈ। ਭਾਰਤ ਤੋਂ ਸਾਊਦੀ ਅਰਬ, ਇਰਾਨ, ਇਰਾਕ, ਯੂ.ਏ.ਈ. ਤੇ ਯਮਨ ਵਰਗੇ ਪੰਜ ਮੁੱਖ ਖਾੜੀ ਮੁਲਕਾਂ ਨੂੰ ਨੌਂ ਵੀਹ ਹਜ਼ਾਰ ਅੱਠ ਸੌ ਨੌਂ ਵੀਹ ਕਰੋੜ ਰੁਪਏ ਦੇ ਚੌਲ ਨਿਰਯਾਤ ਵਿੱਚ ਪੰਜਾਬ ਦੀ ਹਿੱਸੇਦਾਰੀ ਗਿਆਰਾਂ ਹਜ਼ਾਰ ਨੌਂ ਸੌ ਛੇ ਪੰਜਾਹ ਕਰੋੜ ਰੁਪਏ ਹੈ, ਜੋ ਹੁਣ ਖਤਰੇ ਵਿੱਚ ਹੈ। ਇਨ੍ਹਾਂ ਵਿੱਚੋਂ ਸਾਊਦੀ ਅਰਬ ਵਿੱਚ ਚਾਰ ਹਜ਼ਾਰ ਸੱਤਰ ਕਰੋੜ ਤੇ ਇਰਾਕ ਵਿੱਚ ਦੋ ਹਜ਼ਾਰ ਅੱਠ ਸੌ ਅੱਸੀ ਕਰੋੜ ਰੁਪਏ ਪੰਜਾਬ ਦੇ ਹਨ। ਜਲੰਧਰ, ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ ਵਰਗੇ ਸਨਅਤੀ ਸ਼ਹਿਰਾਂ ਤੋਂ ਤਿੰਨ ਹਜ਼ਾਰ ਕਰੋੜ ਰੁਪਏ ਦਾ ਇੰਜੀਨੀਅਰਿੰਗ ਮਾਲ ਵੀ ਪ੍ਰਭਾਵਿਤ ਹੋਇਆ ਹੈ। ਵਪਾਰੀ ਮਾਹਿਰ ਕਹਿੰਦੇ ਹਨ ਕਿ ਲੰਬੇ ਰਸਤੇ ਕਾਰਨ ਕਿਰਾਏ ਵਿੱਚ ਤਿੰਨ ਗੁਣਾ ਵਾਧਾ ਹੋ ਸਕਦਾ ਹੈ। ਜਹਾਜ਼ਾਂ ਨੂੰ ਅਫਰੀਕਾ ਵੱਲੋਂ ਲੰਬਾ ਸਫਰ ਕਰਨਾ ਪੈ ਰਿਹਾ ਹੈ। ਚੌਲਾਂ ਤੋਂ ਇਲਾਵਾ ਖੇਡਾਂ ਦਾ ਸਾਮਾਨ ਚਾਰ ਸੌ ਅੱਸੀ ਤਿੰਨ ਕਰੋੜ, ਕੱਪੜਾ ਤਿੰਨ ਸੌ ਸੱਠ ਕਰੋੜ, ਹਲਦੀ ਪਾਊਡਰ ਦੋ ਸੌ ਅੱਸੀ ਕਰੋੜ, ਮਿੱਠੇ ਬਿਸਕੁਟ ਇੱਕ ਸੌ ਅੱਸੀ ਛੇ ਕਰੋੜ ਤੇ ਖੇਤੀ ਮਸ਼ੀਨਾਂ ਦੇ ਪੁਰਜ਼ੇ ਵੀ ਇਸ ਜੰਗ ਨਾਲ ਪ੍ਰਭਾਵਿਤ ਹਨ। ਪੰਜਾਬ ਦਾ ਕੁੱਲ ਸਾਲਾਨਾ ਨਿਰਯਾਤ ਸੋਲ੍ਹਾਂ ਹਜ਼ਾਰ ਛੇ ਸੌ ਨੌਂ ਵੀਹ ਕਰੋੜ ਰੁਪਏ ਹੈ, ਜੋ ਅਨਿਸ਼ਚਿਤਤਾ ਵਿੱਚ ਹੈ।

ਪੰਜਾਬ ਵਿੱਚ ਇਸ ਜੰਗ ਨੇ ਕਿਸਾਨਾਂ ਨੂੰ ਵੀ ਚਿੰਤਾ ਵਿੱਚ ਪਾ ਦਿੱਤਾ ਹੈ। ਬਾਸਮਤੀ ਚੌਲਾਂ ਦੇ ਨਿਰਯਾਤ ਰੁੱਕਣ ਨਾਲ ਬਾਜ਼ਾਰ ਵਿੱਚ ਕੀਮਤਾਂ ਡਿੱਗ ਸਕਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਘੱਟ ਪੈਸੇ ਮਿਲਣਗੇ। ਉਦਯੋਗੀ ਖੇਤਰ ਵਿੱਚ ਨੌਕਰੀਆਂ ਖਤਰੇ ਵਿੱਚ ਹਨ ਕਿਉਂਕਿ ਫੈਕਟਰੀਆਂ ਵਿੱਚ ਕੰਮ ਘੱਟ ਹੋ ਰਿਹਾ ਹੈ। ਵਪਾਰੀ ਭਾਈਚਾਰਾ ਸਰਕਾਰ ਤੋਂ ਮੱਦਦ ਮੰਗ ਰਿਹਾ ਹੈ ਕਿ ਭੁਗਤਾਨ ਦੀ ਗਾਰੰਟੀ ਦਿੱਤੀ ਜਾਵੇ ਤੇ ਬਦਲਵੇਂ ਰਸਤੇ ਲੱਭੇ ਜਾਣ। ਇਸ ਸੰਕਟ ਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਡੂੰਘੀ ਚੋਟ ਮਾਰੀ ਹੈ ਤੇ ਆਉਣ ਵਾਲੇ ਮਹੀਨਿਆਂ ਵਿੱਚ ਨੁਕਸਾਨ ਵਧ ਸਕਦਾ ਹੈ ਜੇ ਜੰਗ ਨਾ ਰੁੱਕੀ।

ਵਪਾਰੀ ਐਸੋਸੀਏਸ਼ਨਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭੁਗਤਾਨ ਗਾਰੰਟੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਇਸ ਤੋਂ ਇਲਾਵਾ, ਜਹਾਜ਼ ਕਿਰਾਏ ਵਿੱਚ ਵਾਧਾ ਹੋ ਰਿਹਾ ਹੈ ਤੇ ਬਦਲਵੇਂ ਰਸਤੇ ਲੰਮੇ ਹਨ, ਜਿਸ ਨਾਲ ਲਾਗਤ ਵਧ ਰਹੀ ਹੈ। ਪੰਜਾਬ ਵਿੱਚ ਉਦਯੋਗੀ ਨੁਕਸਾਨ ਵੀ ਵਧ ਰਿਹਾ ਹੈ ਕਿਉਂਕਿ ਖਾੜੀ ਮੁਲਕਾਂ ਨੂੰ ਜਾਣ ਵਾਲਾ ਮਾਲ ਰੁੱਕ ਗਿਆ ਹੈ। ਮਾਹਿਰ ਕਹਿੰਦੇ ਹਨ ਕਿ ਇਹ ਸੰਕਟ ਲੰਮੇ ਸਮੇਂ ਤੱਕ ਚੱਲ ਸਕਦਾ ਹੈ ਤੇ ਪੰਜਾਬ ਨੂੰ ਹਜ਼ਾਰਾਂ ਕਰੋੜ ਦਾ ਨੁਕਸਾਨ ਕਰ ਸਕਦਾ ਹੈ। ਕਿਸਾਨ ਤੇ ਵਪਾਰੀ ਚਿੰਤਤ ਹਨ ਕਿ ਬਾਜ਼ਾਰ ਵਿੱਚ ਕੀਮਤਾਂ ਡਿੱਗਣ ਨਾਲ ਉਨ੍ਹਾਂ ਦੀ ਕਮਾਈ ਘੱਟ ਹੋ ਜਾਵੇਗੀ। ਇਸ ਨਾਲ ਸੂਬੇ ਵਿੱਚ ਬੇਰੁਜ਼ਗਾਰੀ ਵਧ ਸਕਦੀ ਹੈ ਤੇ ਅਰਥ ਵਿਵਸਥਾ ਨੂੰ ਡੂੰਘਾ ਝਟਕਾ ਲੱਗ ਸਕਦਾ ਹੈ।

ਪੰਜਾਬ ਵਿੱਚ ਇਸ ਜੰਗ ਨੇ ਹੋਰ ਖੇਤਰਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਖੇਤੀ ਮਸ਼ੀਨਾਂ, ਕੱਪੜੇ ਤੇ ਖੇਡ ਸਾਮਾਨ ਵਰਗੇ ਉਤਪਾਦ ਵੀ ਖਤਰੇ ਵਿੱਚ ਹਨ। ਵਪਾਰੀ ਕਹਿੰਦੇ ਹਨ ਕਿ ਨਵੇਂ ਆਰਡਰ ਨਹੀਂ ਆ ਰਹੇ ਤੇ ਪੁਰਾਣੇ ਰੱਦ ਹੋ ਰਹੇ ਹਨ। ਇਸ ਨਾਲ ਫੈਕਟਰੀਆਂ ਵਿੱਚ ਕੰਮ ਘੱਟ ਹੋ ਰਿਹਾ ਹੈ ਤੇ ਮਜ਼ਦੂਰਾਂ ਨੂੰ ਨੌਕਰੀਆਂ ਗਵਾਉਣ ਦਾ ਡਰ ਹੈ। ਸਰਕਾਰ ਨੂੰ ਇਸ ਸੰਕਟ ਨੂੰ ਹੱਲ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਨੁਕਸਾਨ ਘੱਟ ਕੀਤਾ ਜਾ ਸਕੇ।

**ਤੇਲ ਸਪਲਾਈ ਰੁੱਕੀ**

ਭਾਰਤ ਉੱਤੇ ਇਸ ਜੰਗ ਨੇ ਵੱਡਾ ਅਸਰ ਪਾਇਆ ਹੈ। ਮੱਧ ਪੂਰਬੀ ਖੇਤਰ ਵਿੱਚ ਜੰਗ ਕਾਰਨ ਤੇਲ ਸਪਲਾਈ ਰੁੱਕ ਗਈ ਹੈ, ਜਿਸ ਨਾਲ ਭਾਰਤ ਵਿੱਚ ਤੇਲ ਕੀਮਤਾਂ ਵਧ ਸਕਦੀਆਂ ਹਨ। ਭਾਰਤ ਵੱਡੀ ਮਾਤਰਾ ਵਿੱਚ ਤੇਲ ਖਾੜੀ ਮੁਲਕਾਂ ਤੋਂ ਖਰੀਦਦਾ ਹੈ। ਹੁਣ ਹੋਰਮੁਜ਼ ਪਣਡੁੱਬੀ ਰਸਤਾ ਬੰਦ ਹੋਣ ਨਾਲ ਜਹਾਜ਼ ਫਸ ਗਏ ਹਨ। ਰਿਪੋਰਟਾਂ ਮੁਤਾਬਕ, ਤਿੰਨ ਹਜ਼ਾਰ ਦੋ ਸੌ ਜਹਾਜ਼ ਖਾੜੀ ਵਿੱਚ ਫਸੇ ਹਨ, ਜੋ ਵਿਸ਼ਵ ਵਪਾਰ ਦਾ ਚਾਰ ਫੀਸਦੀ ਹਿੱਸਾ ਹਨ। ਇਸ ਨਾਲ ਭਾਰਤ ਨੂੰ ਤੇਲ, ਗੈਸ ਤੇ ਹੋਰ ਸਾਮਾਨ ਦੀ ਕਮੀ ਹੋ ਸਕਦੀ ਹੈ। ਨਿਰਯਾਤਕਾਂ ਨੂੰ ਚਿੰਤਾ ਹੈ ਕਿ ਨਿਰਯਾਤ ਰੁੱਕ ਜਾਵੇਗਾ ਤੇ ਅਰਥ ਵਿਵਸਥਾ ਨੂੰ ਝਟਕਾ ਲੱਗੇਗਾ। ?ਤੇਲ ਮਹਿੰਗਾ ਹੋਣ ਦਾ ਮਤਲਬ ਹੈ ਹਰ ਚੀਜ਼ ਦਾ ਮਹਿੰਗਾ ਹੋਣਾ। ਆਵਾਜਾਈ ਦੇ ਸਾਧਨ ਮਹਿੰਗੇ ਹੋ ਜਾਣਗੇ, ਜਿਸ ਨਾਲ ਸਬਜ਼ੀਆਂ, ਦੁੱਧ ਅਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਹੋਵੇਗਾ। ਆਮ ਲੋਕਾਂ ਦੀ ਜੇਬ ’ਤੇ ਇਸ ਦਾ ਸਿੱਧਾ ਬੋਝ ਪਵੇਗਾ। ਇਸ ਤੋਂ ਇਲਾਵਾ, ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਵਿੱਚ ਵੀ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ। ਨਿਵੇਸ਼ਕਾਂ ਵਿੱਚ ਡਰ ਦਾ ਮਾਹੌਲ ਹੈ ਕਿਉਂਕਿ ਕੋਈ ਨਹੀਂ ਜਾਣਦਾ ਕਿ ਇਹ ਜੰਗ ਕਿੰਨੀ ਦੇਰ ਚੱਲੇਗੀ ਅਤੇ ਕਿੰਨੀ ਫੈਲੇਗੀ।

ਦੁਨੀਆ ਭਰ ਵਿੱਚ ਸਾਮਾਨ ਪਹੁੰਚਾਉਣ ਦੀ ਲੜੀ (ਸਪਲਾਈ ਚੇਨ) ਟੁੱਟ ਚੁੱਕੀ ਹੈ। ਇਲੈਕਟ੍ਰਾਨਿਕ ਸਾਮਾਨ, ਰਸਾਇਣਕ ਖਾਦਾਂ ਅਤੇ ਕਈ ਹੋਰ ਜ਼ਰੂਰੀ ਵਸਤੂਆਂ ਦੀ ਕਿੱਲਤ ਪੈਦਾ ਹੋ ਸਕਦੀ ਹੈ। ਇਹ ਸਥਿਤੀ ਦੁਨੀਆ ਨੂੰ ਆਰਥਿਕ ਮੰਦੀ ਵੱਲ ਧੱਕ ਸਕਦੀ ਹੈ। ਜੇਕਰ ਸਪਲਾਈ ਰਸਤੇ ਪੂਰੀ ਤਰ੍ਹਾਂ ਬੰਦ ਹੋ ਗਏ, ਤਾਂ ਦੁਨੀਆ ਭਰ ਦੇ ਕਾਰੋਬਾਰੀ ਅਦਾਰਿਆਂ ਨੂੰ ਆਪਣੇ ਕੰਮਕਾਜ ਵਿੱਚ ਵੱਡੀ ਕਟੌਤੀ ਕਰਨੀ ਪਵੇਗੀ, ਜਿਸ ਨਾਲ ਬੇਰੁਜ਼ਗਾਰੀ ਵਧਣ ਦਾ ਖਤਰਾ ਵੀ ਬਣਿਆ ਹੋਇਆ ਹੈ।

**ਭਾਰਤ ਵਿੱਚ ਹੋਰ ਉਦਯੋਗ ਵੀ ਪ੍ਰਭਾਵਿਤ**

ਭਾਰਤ ਵਿੱਚ ਹੋਰ ਉਦਯੋਗ ਵੀ ਪ੍ਰਭਾਵਿਤ ਹਨ ਜਿਵੇਂ ਦਵਾਈਆਂ, ਇਲੈਕਟ੍ਰਾਨਿਕ ਸਾਮਾਨ ਤੇ ਖਾਦ। ਇਹ ਸਭ ਖਾੜੀ ਰਸਤੇ ਰਾਹੀਂ ਆਉਂਦੇ ਹਨ। ਜੇ ਰਸਤੇ ਬੰਦ ਰਹੇ ਤਾਂ ਕਮੀ ਹੋ ਜਾਵੇਗੀ ਤੇ ਕੀਮਤਾਂ ਵਧ ਜਾਣਗੀਆਂ। ਭਾਰਤ ਨੂੰ ਵਿਕਲਪੀ ਮੁਲਕ ਲੱਭਣੇ ਪੈਣਗੇ ਤਾਂ ਜੋ ਨਿਰਯਾਤ ਜਾਰੀ ਰੱਖਿਆ ਜਾ ਸਕੇ। ਇਸ ਜੰਗ ਨੇ ਭਾਰਤ ਨੂੰ ਨਵੇਂ ਚੁਣੌਤੀਆਂ ਨਾਲ ਰੂਬਰੂ ਕੀਤਾ ਹੈ ਤੇ ਅਰਥ ਵਿਵਸਥਾ ਨੂੰ ਮਜ਼ਬੂਤ ਬਣਾਉਣ ਲਈ ਕਦਮ ਚੁੱਕਣੇ ਪੈਣਗੇ।

**ਦੁਨੀਆਂ ਉੱਤੇ ਜੰਗ ਦੇ ਅਸਰ ਤੇ ਵੱਡੇ ਖਤਰੇ**

ਦੁਨੀਆਂ ਉੱਤੇ ਇਸ ਜੰਗ ਨੇ ਗੰਭੀਰ ਅਸਰ ਪਾਇਆ ਹੈ। ਪੰਜ ਦਿਨਾਂ ਵਿੱਚ ਹੀ ਵਿਸ਼ਵ ਵਪਾਰ ਪ੍ਰਭਾਵਿਤ ਹੋ ਗਿਆ ਹੈ। ਖਾੜੀ ਮੁਲਕਾਂ ਤੋਂ ਤੇਲ ਸਪਲਾਈ ਰੁੱਕ ਗਈ ਹੈ ਤੇ ਹੋਰਮੁਜ਼ ਰਸਤੇ ਵਿੱਚ ਜਹਾਜ਼ ਫਸੇ ਹਨ। ਇਰਾਨ ਤੇ ਕਤਰ ਵਿੱਚ ਵੱਡੇ ਗੈਸ ਭੰਡਾਰ ਹਨ ਪਰ ਉਤਪਾਦਨ ਠੱਪ ਹੈ। ਇਸ ਨਾਲ ਵਿਸ਼ਵ ਅਰਥ ਵਿਵਸਥਾ ਨੂੰ ਝਟਕਾ ਲੱਗ ਸਕਦਾ ਹੈ। ਏਲੂਮੀਨੀਅਮ ਵਰਗੇ ਧਾਤੂਆਂ ਦੀ ਸਪਲਾਈ ਵੀ ਪ੍ਰਭਾਵਿਤ ਹੈ ਕਿਉਂਕਿ ਬਹਿਰੀਨ, ਕਤਰ ਤੇ ਸਾਊਦੀ ਅਰਬ ਤੋਂ ਪੰਜਾਹ ਲੱਖ ਟਨ ਏਲੂਮੀਨੀਅਮ ਇਸ ਰਸਤੇ ਰਾਹੀਂ ਜਾਂਦਾ ਹੈ, ਜੋ ਵਿਸ਼ਵ ਸਪਲਾਈ ਦਾ ਅੱਠ ਫੀਸਦੀ ਹੈ।

ਏਸ਼ੀਆ ਤੇ ਯੂਰਪ ਵਿਚਕਾਰ ਸੁਏਜ਼ ਨਹਿਰ ਰਸਤਾ ਪ੍ਰਭਾਵਿਤ ਹੈ ਤੇ ਜਹਾਜ਼ਾਂ ਨੂੰ ਅਫਰੀਕਾ ਵੱਲੋਂ ਲੰਮਾ ਸਫਰ ਕਰਨਾ ਪੈ ਰਿਹਾ ਹੈ, ਜਿਸ ਨਾਲ ਸਮਾਂ ਤੇ ਲਾਗਤ ਵਧ ਰਹੀ ਹੈ। ਅਮਰੀਕੀ ਨੇਤਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਫੌਜ ਤੇਲ ਜਹਾਜ਼ਾਂ ਦੀ ਰੱਖਿਆ ਕਰੇਗੀ ਪਰ ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਰਸਤੇ ਉੱਤੇ ਹਮਲੇ ਹੋ ਸਕਦੇ ਹਨ। ਇਸ ਨਾਲ ਵਿਸ਼ਵ ਵਪਾਰ ਵਿੱਚ ਅਨਿਸ਼ਚਿਤਤਾ ਵਧ ਗਈ ਹੈ। ਮਾਹਿਰ ਕਹਿੰਦੇ ਹਨ ਕਿ ਵਿਸ਼ਵ ਸਪਲਾਈ ਚੇਨ ਪ੍ਰਭਾਵਿਤ ਹੋ ਚੁਕੀ ਹੈ। ਏਸ਼ੀਆ ਵਿੱਚ ਭਾਰਤ ਵਰਗੇ ਮੁਲਕ ਸਭ ਤੋਂ ਵੱਧ ਪ੍ਰਭਾਵਿਤ ਹਨ, ਕਿਉਂਕਿ ਤੇਲ ਆਯਾਤ ਉੱਤੇ ਨਿਰਭਰ ਹਨ। ਸਟਾਕ ਮਾਰਕੀਟਾਂ ਵਿੱਚ ਗਿਰਾਵਟ ਆ ਰਹੀ ਹੈ ਤੇ ਨਿਵੇਸ਼ਕ ਡਰ ਰਹੇ ਹਨ।

ਦੁਨੀਆਂ ਵਿੱਚ ਇਸ ਜੰਗ ਨੇ ਸਿਆਸੀ ਤਣਾਅ ਵਧਾ ਦਿੱਤਾ ਹੈ ਤੇ ਹੋਰ ਮੁਲਕ ਵੀ ਪ੍ਰਭਾਵਿਤ ਹੋ ਸਕਦੇ ਹਨ। ਜੇ ਜੰਗ ਫੈਲੀ ਤਾਂ ਵਿਸ਼ਵ ਅਰਥ ਵਿਵਸਥਾ ਨੂੰ ਡੂੰਘਾ ਸੰਕਟ ਆ ਸਕਦਾ ਹੈ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਤੇਲ ਕੀਮਤਾਂ ਵਿੱਚ ਵਾਧੇ ਨਾਲ ਮਹਿੰਗਾਈ ਵਧੇਗੀ ਤੇ ਵਿਕਾਸ ਘੱਟ ਹੋਵੇਗਾ। ਇਸ ਨਾਲ ਗਰੀਬ ਮੁਲਕਾਂ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਵਿਸ਼ਵ ਨੇਤਾ ਗੱਲਬਾਤ ਰਾਹੀਂ ਹੱਲ ਲੱਭ ਰਹੇ ਹਨ ਪਰ ਹਾਲਾਤ ਗੰਭੀਰ ਹਨ। ਇਸ ਜੰਗ ਨੇ ਦੁਨੀਆਂ ਨੂੰ ਨਵੀਆਂ ਚੁਣੌਤੀਆਂ ਨਾਲ ਰੂਬਰੂ ਕੀਤਾ ਹੈ।

# ਭਾਰਤ ਦੇ ਉਦਯੋਗਿਕ ਖੇਤਰਾਂ ਨੂੰ ਲੱਗਿਆ ‘ਇਰਾਨ ਜੰਗ’ ਦਾ ਸੇਕ

## ਗੁਜਰਾਤ ਵਿੱਚ 100 ਫੈਕਟਰੀਆਂ ਨੂੰ ਲੱਗੇ ਤਾਲੇ, 400 ਹੋਰ ਬੰਦ ਹੋਣ ਦੇ ਕੰਢੇ!

## ਉਤਪਾਦਨ ਬੰਦ ਹੋਣ ਨਾਲ ਹਜ਼ਾਰਾਂ ਕਾਮਿਆਂ ਦੀ ਰੋਜ਼ੀ-ਰੋਟੀ ਖ਼ਤਰੇ ਵਿੱਚ ਪਈ

ਮੋਰਬੀ/ਏ.ਟੀ.ਨਿਊਜ਼: ਮੱਧ ਪੂਰਬ ਵਿੱਚ ਜਾਰੀ ਇਰਾਨ ਅਤੇ ਇਜ਼ਰਾਇਲ ਵਿਚਕਾਰ ਵਧਦੇ ਫੌਜੀ ਤਣਾਅ ਦਾ ਪ੍ਰਭਾਵ ਹੁਣ ਭਾਰਤ ਦੇ ਉਦਯੋਗਿਕ ਖੇਤਰਾਂ ਤੱਕ ਪਹੁੰਚ ਰਿਹਾ ਹੈ। ਗੁਜਰਾਤ ਦੇ ਮੋਰਬੀ ਵਿੱਚ ਵਸਰਾਵਿਕ ਉਦਯੋਗ ਨੂੰ ਬਾਲਣ ਦੀ ਘਾਟ ਕਾਰਨ ਵੱਡਾ ਝਟਕਾ ਲੱਗਾ ਹੈ। ਰਿਪੋਰਟਾਂ ਅਨੁਸਾਰ, ਗੈਸ ਸਪਲਾਈ ਵਿੱਚ ਵਿਘਨ ਪੈਣ ਕਾਰਨ ਲਗਭਗ 100 ਫੈਕਟਰੀਆਂ ਨੂੰ ਅਸਥਾਈ ਤੌਰ ’ਤੇ ਆਪਣਾ ਉਤਪਾਦਨ ਬੰਦ ਕਰਨਾ ਪਿਆ। ਮੋਰਬੀ ਨਾ ਸਿਰਫ਼ ਦੇਸ਼ ਵਿੱਚ ਸਗੋਂ ਦੁਨੀਆ ਭਰ ਵਿੱਚ ਟਾਈਲਾਂ ਅਤੇ ਘੜੀਆਂ ਦੇ ਉਤਪਾਦਨ ਲਈ ਜਾਣਿਆ ਜਾਂਦਾ ਹੈ ਅਤੇ ਇਸਨੂੰ ਸਿਰੇਮਿਕ ਨਿਰਮਾਣ ਦਾ ਇੱਕ ਪ੍ਰਮੁੱਖ ਵਿਸ਼ਵਵਿਆਪੀ ਕੇਂਦਰ ਮੰਨਿਆ ਜਾਂਦਾ ਹੈ।

**ਗੈਸ ਦੀ ਘਾਟ ਕਾਰਨ ਉਤਪਾਦਨ ’ਤੇ ਲੱਗੀ ਰੋਕ**

ਉਦਯੋਗ ਸੰਗਠਨਾਂ ਦਾ ਕਹਿਣਾ ਹੈ ਕਿ ਜੰਗ ਵਰਗੀ ਸਥਿਤੀ ਕਾਰਨ ਪਿਛਲੇ ਕੁਝ ਦਿਨਾਂ ਤੋਂ ਪ੍ਰੋਪੇਨ ਗੈਸ ਦੀ ਸਪਲਾਈ ਵਿੱਚ ਵਿਘਨ ਪਿਆ ਹੈ। ਮੋਰਬੀ ਸਿਰੇਮਿਕ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਅਨੁਸਾਰ, ਬਹੁਤ ਸਾਰੀਆਂ ਫੈਕਟਰੀਆਂ ਪੂਰੀ ਤਰ੍ਹਾਂ ਗੈਸ ’ਤੇ ਨਿਰਭਰ ਹਨ, ਇਸ ਲਈ ਸਪਲਾਈ ਬੰਦ ਹੁੰਦੇ ਹੀ ਉਤਪਾਦਨ ਠੱਪ ਹੋ ਗਿਆ। ਇਸ ਵੇਲੇ ਗੁਜਰਾਤ ਗੈਸ ਰਾਹੀਂ ਬਾਲਣ ਪ੍ਰਾਪਤ ਕਰਨ ਵਾਲੀਆਂ ਇਕਾਈਆਂ ਵਿੱਚ ਕੰਮ ਚੱਲ ਰਿਹਾ ਹੈ ਪਰ ਕੁੱਲ ਉਪਲਬਧਤਾ ਲਗਭਗ ਅੱਧੀ ਰਹਿ ਗਈ ਹੈ।



ਉਦਯੋਗ ਦੇ ਪ੍ਰਤੀਨਿਧੀਆਂ ਦਾ ਕਹਿਣਾ ਹੈ ਕਿ ਜੇਕਰ ਗੈਸ ਸਪਲਾਈ ਜਲਦੀ ਹੀ ਆਮ ਵਾਂਗ ਨਹੀਂ ਹੁੰਦੀ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ ਲਗਭਗ 400 ਹੋਰ ਫੈਕਟਰੀਆਂ ਬੰਦ ਹੋ ਸਕਦੀਆਂ ਹਨ। ਮੋਰਬੀ ਵਿੱਚ ਸੈਂਕੜੇ ਯੂਨਿਟ ਟਾਈਲਾਂ ਅਤੇ ਹੋਰ ਸਿਰੇਮਿਕ ਉਤਪਾਦ ਬਣਾਉਂਦੇ ਹਨ, ਜਿਨ੍ਹਾਂ ਨੂੰ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਨਿਰਯਾਤ ਕੀਤਾ ਜਾਂਦਾ ਹੈ। ਜੇਕਰ ਗੈਸ ਸੰਕਟ ਲੰਬੇ ਸਮੇਂ ਤੱਕ ਜਾਰੀ ਰਹਿੰਦਾ ਹੈ, ਤਾਂ ਇਹ ਪੂਰੇ ਕਲੱਸਟਰ ਦੀ ਉਤਪਾਦਨ ਸਮਰੱਥਾ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰ ਸਕਦਾ ਹੈ। ਬਾਲਣ ਸੰਕਟ ਦਾ ਸਿੱਧਾ ਅਸਰ ਨਿਰਯਾਤ ਕਾਰੋਬਾਰ ’ਤੇ ਵੀ ਪੈ ਰਿਹਾ ਹੈ। ਤਿਆਰ ਮਾਲ ਗੁਦਾਮਾਂ ਵਿੱਚ ਢੇਰ ਹੋ ਰਹੇ ਹਨ ਅਤੇ ਬਹੁਤ ਸਾਰੀਆਂ ਸ਼ਿਪਮੈਂਟਾਂ ਇਸ ਸਮੇਂ ਰੁਕੀਆਂ ਹੋਈਆਂ ਹਨ। ਕੁਝ ਨਵੇਂ ਨਿਰਯਾਤ ਆਰਡਰ ਵੀ ਰੋਕ ਦਿੱਤੇ ਗਏ ਹਨ।

ਇਸ ਨਾਲ ਉਦਯੋਗ ਦੀ ਭੁਗਤਾਨ ਪ੍ਰਣਾਲੀ ਅਤੇ ਵਿੱਤੀ ਚੱਕਰ ਪ੍ਰਭਾਵਿਤ ਹੋ ਸਕਦਾ ਹੈ। ਇਸ ਦੇ ਨਾਲ ਹੀ ਉਤਪਾਦਨ ਬੰਦ ਹੋਣ ਨਾਲ ਹਜ਼ਾਰਾਂ ਕਾਮਿਆਂ ਦੀ ਰੋਜ਼ੀ-ਰੋਟੀ ਖ਼ਤਰੇ ਵਿੱਚ ਪੈ ਗਈ ਹੈ। ਉਦਯੋਗ ਸੰਗਠਨਾਂ ਨੇ ਇਸ ਮਾਮਲੇ ਵਿੱਚ ਸੂਬਾ ਸਰਕਾਰ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪੱਛਮੀ ਏਸ਼ੀਆ ਵਿੱਚ ਚੱਲ ਰਿਹਾ ਟਕਰਾਅ ਜਾਰੀ ਰਹਿੰਦਾ ਹੈ ਅਤੇ ਹੋਰਮੁਜ਼ ਜਲਡਮਰੂ ਰਾਹੀਂ ਗੈਸ ਅਤੇ ਬਾਲਣ ਦੀ ਸਪਲਾਈ ਪ੍ਰਭਾਵਿਤ ਹੁੰਦੀ ਹੈ, ਤਾਂ ਮੋਰਬੀ ਦੇ ਸਿਰੇਮਿਕ ਉਦਯੋਗ ਨੂੰ ਇੱਕ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਖੇਤਰ ਦੇਸ਼ ਦੇ ਸਭ ਤੋਂ ਵੱਡੇ ਉਦਯੋਗਿਕ ਸਮੂਹਾਂ ਵਿੱਚੋਂ ਇੱਕ ਹੈ, ਇਸ ਲਈ ਇੱਥੋਂ ਦੀ ਸਥਿਤੀ ਰਾਸ਼ਟਰੀ ਨਿਰਯਾਤ ਅਤੇ ਰੁਜ਼ਗਾਰ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

# ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟੀ

## ਇਮੀਗ੍ਰੇਸ਼ਨ ਨੀਤੀਆਂ ਵਿੱਚ ਹੋਏ ਬਦਲਾਅ ਅਤੇ ਸਖ਼ਤੀ ਕਾਰਨ ਆਈ ਗਿਰਾਵਟ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤੀ ਨਾਗਰਿਕਾਂ ਨੂੰ ਜਾਰੀ ਕੀਤੇ ਜਾਣ ਵਾਲੇ ਸਟੂਡੈਂਟ ਵੀਜ਼ਾ ਦੀ ਗਿਣਤੀ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਘਟ ਰਹੀ ਹੈ, ਪਰ ਪਿਛਲੇ ਦੋ ਸਾਲਾਂ ਵਿੱਚ ਇਸ ਵਿੱਚ ਬਹੁਤ ਤੇਜ਼ੀ ਨਾਲ ਗਿਰਾਵਟ ਆਈ ਹੈ। ਪਿਛਲੇ ਸਾਲ ਅਗਸਤ ਮਹੀਨੇ ਸਿਰਫ਼ 2,389 ਭਾਰਤੀ ਵਿਦਿਆਰਥੀਆਂ ਨੂੰ ਅਮਰੀਕੀ ਵੀਜ਼ਾ ਜਾਰੀ ਕੀਤਾ ਗਿਆ, ਜੋ ਕਿ ਸਾਲ 2023 'ਚ 12,800 ਤੇ 2022 'ਚ 14,700 ਤੋਂ ਵੀ ਵੱਧ ਸੀ।

ਅਗਸਤ ਮਹੀਨੇ ਵਿੱਚ ਵੀਜ਼ਾ ਗਿਣਤੀ ਵਿੱਚ ਇਹ ਗਿਰਾਵਟ ਇਸ ਗੱਲ ਦਾ ਸੰਕੇਤ ਹੈ ਕਿ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਬਦਲ ਰਿਹਾ ਹੈ। ਸਿੱਖਿਆ ਮਾਹਿਰਾਂ ਅਨੁਸਾਰ ਹੈਦਰਾਬਾਦ, ਅਹਿਮਦਾਬਾਦ ਅਤੇ ਜਲੰਧਰ ਵਰਗੇ ਸ਼ਹਿਰਾਂ ਵਿੱਚ ਅਰਜ਼ੀਆਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਈ ਹੈ। ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਜਿੱਥੇ ਘਟੀ ਹੈ, ਉੱਥੇ ਹੀ ਚੀਨ ਵਿੱਚ



ਪਿਛਲੇ ਸਾਲ ਦੀ ਗਿਰਾਵਟ ਤੋਂ ਬਾਅਦ ਥੋੜ੍ਹਾ ਸੁਧਾਰ ਦੇਖਿਆ ਗਿਆ ਹੈ। ਵੀਅਤਨਾਮ ਅਤੇ ਨਾਈਜੀਰੀਆ ਵਰਗੇ ਦੇਸ਼ਾਂ ਵਿੱਚ ਵੀ ਵੀਜ਼ਾ ਗਿਣਤੀ ਘਟੀ ਹੈ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਕਾਲ ਦੌਰਾਨ ਇਮੀਗ੍ਰੇਸ਼ਨ ਨੀਤੀਆਂ ਵਿੱਚ ਹੋਏ ਬਦਲਾਅ ਅਤੇ ਸਖ਼ਤੀ ਨੂੰ ਵੀ ਇਸ ਗਿਰਾਵਟ ਦਾ ਇੱਕ ਕਾਰਨ ਮੰਨਿਆ ਜਾ ਰਿਹਾ ਹੈ। ਵਿਦਿਆਰਥੀ ਵੀਜ਼ਾ ਅਮਰੀਕੀ ਯੂਨੀਵਰਸਿਟੀਆਂ ਅਤੇ ਟੈਕਨਾਲੋਜੀ ਕੰਪਨੀਆਂ ਲਈ ਗਲੋਬਲ ਟੈਲੇਂਟ ਨੂੰ ਖਿੱਚਣ ਦਾ ਇੱਕ ਵੱਡਾ ਜ਼ਰੀਆ ਰਿਹਾ ਹੈ। ਵੀਜ਼ਾ ਵਿੱਚ ਇਸ ਗਿਰਾਵਟ ਨਾਲ ਅਮਰੀਕੀ ਸਿੱਖਿਆ ਖੇਤਰ 'ਤੇ ਵੀ ਅਸਰ ਪੈ ਸਕਦਾ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਰਤੀ ਨੌਜਵਾਨ ਹੁਣ ਸ਼ਾਇਦ ਅਮਰੀਕਾ ਤੋਂ ਇਲਾਵਾ ਹੋਰ ਵਿਕਲਪਾਂ ਵੱਲ ਦੇਖ ਰਹੇ ਹਨ ਜਾਂ ਵੀਜ਼ਾ ਨਿਯਮਾਂ ਦੀ ਸਖ਼ਤੀ ਕਾਰਨ ਅਰਜ਼ੀਆਂ ਘੱਟ ਰਹੇ ਹਨ।

## ਭਾਰਤੀ ਮੂਲ ਦੀ ਡਾਕਟਰ ਵਿਰੁੱਧ ਆਪਣੀ ਹੀ ਧੀ ਦੀ ਹੱਤਿਆ ਦੇ ਦੋਸ਼ ਆਇਦ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਐਲ ਪੋਰਟਲ, ਫਲੋਰਿਡਾ ਵਿੱਚ ਇੱਕ ਭਾਰਤੀ ਮੂਲ ਦੀ ਬੱਚਿਆਂ ਦੀ ਮਾਹਿਰ ਡਾਕਟਰ ਨੇਹਾ ਗੁਪਤਾ (27) ਵਿਰੁੱਧ ਆਪਣੀ ਹੀ ਧੀ ਦੀ ਮੌਤ ਦੇ ਮਾਮਲੇ ਵਿੱਚ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਸ਼ੁਰੂ ਵਿੱਚ ਸਮਝਿਆ ਗਿਆ ਸੀ ਕਿ ਗੁਪਤਾ ਦੀ 4 ਸਾਲਾ ਧੀ ਆਰੀਆ ਤਲਾਥੀ ਦੀ ਮੌਤ ਕਿਰਾਏ ਦੇ ਘਰ ਵਿੱਚਲੇ ਤਲਾਬ ਵਿੱਚ ਡੁੱਬਣ ਕਾਰਨ ਹੋਈ ਹੈ। ਗੁਪਤਾ ਨੇ ਆਪਣੇ ਬਿਆਨ ਵਿੱਚ ਕਿਹਾ ਸੀ ਕਿ ਉਹ ਸੌਂ ਰਹੀ ਸੀ ਤੇ ਰੌਲਾ ਸੁਣ ਕੇ ਉੱਠੀ ਤਾਂ ਉਸ ਨੇ ਵੇਖਿਆ ਕਿ ਉਸ ਦੀ ਧੀ ਤਾਲਾਬ ਵਿੱਚ ਡਿੱਗੀ ਹੋਈ ਸੀ , ਉਸ ਨੂੰ ਤੈਰਨਾ ਨਹੀਂ ਸੀ ਆਉਂਦਾ ਇਸ ਲਈ ਉਹ ਉਸ ਨੂੰ ਬਚਾਅ ਨਾ ਸਕੀ। ਪਰੰਤੂ ਹੁਣ ਇਹ ਮਾਮਲਾ ਨਵਾਂ ਮੋੜ ਲੈ ਗਿਆ ਹੈ। ਗ੍ਰਿਫਤਾਰੀ ਹਲਫੀਆ ਬਿਆਨ ਅਨੁਸਾਰ ਪੋਸਟ ਮਾਰਟਮ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬੱਚੀ ਦੇ ਫੇਫੜੇ ਤੇ ਪੇਟ ਵਿੱਚ ਬਿਲਕੁਲ ਵੀ ਪਾਣੀ ਨਹੀਂ ਸੀ। ਇਸ ਦੀ ਮੌਤ ਡੁੱਬਣ ਨਾਲ ਨਹੀਂ ਹੋਈ ਬਲਕਿ ਉਸ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ। ਤਾਲਾਬ ਵਿੱਚ ਡੁੱਬਣ ਦੀ ਕਹਾਣੀ ਹੱਤਿਆ ਨੂੰ ਛੁਪਾਉਣ ਲਈ ਘੜੀ ਗਈ ਹੈ। ਇੱਕ ਰਿਪੋਰਟ ਅਨੁਸਾਰ ਬੱਚੀ ਦੀ ਸਾਂਭ ਸੰਭਾਲ ਨੂੰ ਲੈ ਕੇ ਗੁਪਤਾ ਤੇ ਉਸ ਦੇ ਪਤੀ ਡਾ. ਸੌਰਭ ਤਲਾਥੀ ਵਿਚਾਲੇ ਝਗੜਾ ਚੱਲ ਰਿਹਾ ਸੀ ਜਿਸ ਤੋਂ ਗੁਪਤਾ ਪ੍ਰੇਸ਼ਾਨ ਸੀ। ਦੋਸ਼ਾਂ ਦੇ ਮੱਦੇਨਜਰ ਯੂਨੀਵਰਸਿਟੀ ਆਫ ਓਕਲਾਹੋਮਾ ਨੇ ਗੁਪਤਾ ਨੂੰ ਬਰਖਾਸਤ ਕਰ ਦਿੱਤਾ ਹੈ। ਇਸ ਸਮੇਂ ਉਹ ਬਿਨਾਂ ਬੌਂਡ ਜੇਲ੍ਹ ਵਿੱਚ ਹੈ ਤੇ ਉਸ ਨੂੰ ਓਕਲਾਹੋਮਾ ਤੋਂ ਫਲੋਰਿਡਾ ਲਿਆਂਦਾ ਗਿਆ ਹੈ।



## ਇਜ਼ਰਾਇਲ ਨੂੰ 15 ਕਰੋੜ ਡਾਲਰ ਦੇ ਹਥਿਆਰ ਵੇਚੇਗਾ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ-ਇਜ਼ਰਾਇਲ ਦੀ ਇਰਾਨ ਨਾਲ ਜੰਗ ਹੋਰ ਭਿਆਨਕ ਰੂਪ ਧਾਰਨ ਵੱਲ ਵਧ ਰਹੀ ਹੈ। ਹਰ ਪਾਸਿਓਂ ਹੋ ਰਹੇ ਹਮਲਿਆਂ ਵਿਚਾਲੇ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਇਜ਼ਰਾਇਲ ਨੂੰ 151.8 ਮਿਲੀਅਨ ਡਾਲਰ (ਲਗਭਗ 1250 ਕਰੋੜ ਰੁਪਏ) ਦੇ ਹਥਿਆਰਾਂ ਦੀ ਐਮਰਜੈਂਸੀ ਵਿਕਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਸੌਦੇ ਵਿੱਚ 12,000 ਬੀ.ਐਲ.ਯੂ.-110 (1,000 ਪੌਂਡ ਦੇ ਜਨਰਲ ਪਰਪਜ਼ ਬੰਬ) ਸ਼ਾਮਲ ਹਨ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਰਾਸ਼ਟਰੀ ਸੁਰੱਖਿਆ ਹਿੱਤਾਂ ਦਾ ਹਵਾਲਾ ਦਿੰਦੇ ਹੋਏ ਕਾਂਗਰਸ (ਸੰਸਦ) ਦੀ ਸਮੀਖਿਆ ਪ੍ਰਕਿਰਿਆ ਨੂੰ ਬਾਈਪਾਸ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਇੱਕ 'ਐਮਰਜੈਂਸੀ' ਵਰਗੇ ਹਨ, ਜਿਸ ਕਾਰਨ ਇਜ਼ਰਾਇਲ ਨੂੰ ਤੁਰੰਤ ਹਥਿਆਰਾਂ ਦੀ ਸਪਲਾਈ ਕਰਨੀ ਜ਼ਰੂਰੀ ਹੈ। ਇਸ ਪੈਕੇਜ ਵਿੱਚ 12,000 ਬੰਬਾਂ ਦੇ ਨਾਲ-ਨਾਲ ਲੌਜਿਸਟਿਕਸ, ਇੰਜੀਨੀਅਰਿੰਗ ਅਤੇ ਤਕਨੀਕੀ ਸਹਾਇਤਾ ਵੀ ਸ਼ਾਮਲ ਹੈ। ਟੈਕਸਾਸ ਸਥਿਤ ਕੰਪਨੀ ਇਸ ਸੌਦੇ ਲਈ ਮੁੱਖ ਠੇਕੇਦਾਰ ਹੋਵੇਗੀ। ਅਮਰੀਕਾ ਅਨੁਸਾਰ, ਇਹ ਵਿਕਰੀ ਇਜ਼ਰਾਇਲ ਦੀ ਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰੇਗੀ ਅਤੇ ਖੇਤਰੀ ਖਤਰਿਆਂ (ਖਾਸ ਕਰਕੇ ਇਰਾਨ) ਦੇ ਖਿਲਾਫ ਇੱਕ ਸ਼ੀਲਡ ਵਜੋਂ ਕੰਮ ਕਰੇਗੀ।



ਹਾਲਾਂਕਿ ਕੁਝ ਅਮਰੀਕੀ ਸੰਸਦ ਮੈਂਬਰਾਂ ਨੇ ਇਸ ਫੈਸਲੇ ਦੀ ਆਲੋਚਨਾ ਕੀਤੀ ਹੈ। ਡੈਮੋਕ੍ਰੇਟਿਕ ਪ੍ਰਤੀਨਿਧੀ ਗ੍ਰੈਗਰੀ ਮੀਕਸ ਨੇ ਕਿਹਾ ਕਿ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਕਰਨਾ ਇਹ ਦਰਸਾਉਂਦਾ ਹੈ ਕਿ ਪ੍ਰਸ਼ਾਸਨ ਇਰਾਨ ਨਾਲ ਜੰਗ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ। ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਅਮਰੀਕਾ ਅਤੇ ਇਜ਼ਰਾਇਲ ਇਰਾਨ ਵਿਰੁੱਧ 'ਅਪਰੇਸ਼ਨ ਐਪਿਕ ਫਿਊਰੀ' ਚਲਾ ਰਹੇ ਹਨ। ਇਸ ਭਿਆਨਕ ਜੰਗ ਕਾਰਨ ਇਰਾਨ ਵਿੱਚ ਹੁਣ ਤੱਕ 1300 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ ਅਤੇ ਤਹਿਰਾਨ ਵਿੱਚ ਸਰਵਉੱਚ ਆਗੂ ਖਮੇਨੇਈ ਦਾ ਬੰਕਰ ਵੀ ਤਬਾਹ ਕਰ ਦਿੱਤਾ ਗਿਆ ਹੈ।

## ਪੂਜਾ ਸੇਠੀ ਨੇ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਜਿੱਤੀ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਭਾਰਤੀ ਮੂਲ ਦੀ ਪੂਜਾ ਸੇਠੀ ਨੇ ਡੈਮੋਕਰੈਟਿਕ ਉਮੀਦਵਾਰ ਵਜੋਂ ਟੈਕਸਾਸ ਸਦਨ ਲਈ ਡਿਸਟ੍ਰਿਕਟ 47 ਤੋਂ ਪ੍ਰਾਇਮਰੀ ਚੋਣ ਜਿੱਤ ਲਈ ਹੈ। ਉਸ ਨੇ ਯੂ. ਐਸ. ਆਰਮੀ ਵੈਟਰਨ ਜੋਸਫ਼ ਕੋਪਸਰ ਨੂੰ ਹਰਾਇਆ।ਨਵੰਬਰ ਵਿੱਚ ਪੂਜਾ ਦਾ ਮੁਕਾਬਲਾ ਰਿਪਬਲੀਕਨ ਉਮੀਦਵਾਰ ਜੈਨੀਫ਼ਰ ਮੁਸ਼ਟੇਲਰ ਨਾਲ ਹੋਵੇਗਾ। ਸੇਠੀ ਨੂੰ 76% ਵੋਟਾਂ ਮਿਲੀਆਂ, ਜਦ ਕਿ ਕੋਪਸਰ ਕੇਵਲ 24% ਵੋਟਾਂ ਹੀ ਲਿਜਾ ਸਕਿਆ। ਕੋਪਸਰ ਨੇ ਪੂਜਾ ਦੇ ਭਾਰਤੀ ਹੋਣ ਦਾ ਮੁੱਦਾ ਉਭਾਰਿਆ ਸੀ ਜੋ ਉਸ ਦੇ ਵਿਰੁੱਧ ਗਿਆ। ਜਿੱਤ ਤੋਂ ਬਾਅਦ ਸੇਠੀ ਨੇ ਆਪਣੇ ਹਮਾਇਤੀਆਂ ਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਜਿਨਾਂ ਕਾਰਨ ਉਸ ਦੀ ਚੋਣ ਮੁਹਿੰਮ ਨੂੰ ਬਲ ਮਿਲਿਆ। ਉਸ ਨੇ ਇੰਸਟਾਗ੍ਰਾਮ ਉਪਰ ਪਾਈ ਇਕ ਪੋਸਟ ਵਿੱਚ ਕਿਹਾ ਹੈ ਕਿ ਉਹ ਆਪਣੇ ਪਰਿਵਾਰ, ਕੁਸ਼ਲ ਟੀਮ, ਵਾਲੰਟੀਅਰਾਂ ਤੇ ਸਮਰਥਕਾਂ ਦੀ ਰਿਣੀ ਹੈ ਜਿਨਾਂ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਉਸ ਦੀ ਜਿੱਤ ਹੋਈ ਹੈ।



## 'ਦੀਆ ਵਿੱਜ' ਸੱਭਿਆਚਾਰ ਮਾਮਲਿਆਂ ਦੇ ਵਿਭਾਗ ਵਿੱਚ ਕਮਿਸ਼ਨਰ ਨਿਯੁਕਤ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ: ਨਿਊਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਭਾਰਤੀ ਮੂਲ ਦੀ ਦਿਆ ਵਿੱਜ ਨੂੰ ਨਿਊਯਾਰਕ ਸ਼ਹਿਰ ਦੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਵਿੱਚ ਕਮਿਸ਼ਨਰ ਨਿਯੁਕਤ ਕੀਤਾ ਹੈ। ਉਹ ਪਹਿਲੀ ਦੱਖਣ ਏਸ਼ੀਆ ਔਰਤ ਹੈ ਜਿਸ ਦੀ ਕਮਿਸ਼ਨਰ ਵਜੋਂ ਨਿਯੁਕਤੀ ਹੋਈ ਹੈ। ਚਾਲੀ ਸਾਲਾ ਵਿੱਜ ਕਲਾ ਖੇਤਰ ਵਿੱਚ ਸਹਿਣਯੋਗ ਲਾਗਤਾਂ 'ਤੇ ਧਿਆਨ ਕੇਂਦ੍ਰਿਤ ਕਰਨ ਸਮੇਤ ਕਲਾਕਾਰਾਂ ਤੇ ਸੱਭਿਆਚਾਰਕ ਸੰਸਥਾਵਾਂ ਦੀ ਮੱਦਦ ਕਰਨ ਸਬੰਧੀ ਵਿਭਾਗ ਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕਰੇਗੀ। ਵਿੱਜ ਨੂੰ ਇਸ ਖੇਤਰ ਵਿੱਚ ਚੰਗਾ ਤਜ਼ਰਬਾ ਹੈ। ਉਸ ਦਾ ਵਿਸ਼ਵਾਸ਼ ਹੈ ਕਿ ਕਲਾ ਆਮ ਲੋਕਾਂ ਲਈ ਹੈ ਨਾ ਕਿ ਇਹ ਕੁਝ ਲੋਕਾਂ ਤੱਕ ਸੀਮਿਤ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਵਿੱਜ ਦੀ ਅਗਵਾਈ ਵਿੱਚ ਉਹ ਨਿਊਯਾਰਕ ਨੂੰ ਇੱਕ ਅਜਿਹਾ ਸਥਾਨ ਬਣਾਉਣ ਦੇ ਸਮਰਥ ਹੋ ਜਾਵੇਗਾ ਜਿਥੇ ਕਲਾਕਾਰ ਰਹਿ ਸਕਣਗੇ ਤੇ ਆਪਣਾ ਰਚਨਾਤਮਿਕ ਕੰਮ ਕਰ ਸਕਣਗੇ।

## ਪ੍ਰਵਾਸੀਆਂ ਬਾਰੇ ਬੇਬਾਕੀ ਨਾਲ ਲਿਖਣ ਵਾਲੀ ਪੱਤਰਕਾਰ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਇਮੀਗ੍ਰੇਸ਼ਨ ਐਂਡ ਕਸਟਮਜ ਇਨਫ਼ੋਰਸਮੈਂਟ ( ਆਈ. ਸੀ. ਈ.) ਦੀਆਂ ਪ੍ਰਵਾਸੀਆਂ ਵਿਰੁੱਧ ਕਾਰਵਾਈਆਂ ਬਾਰੇ ਬੇਬਾਕੀ ਨਾਲ ਲਿਖਣ ਵਾਲੀ ਨੈਸ਼ਵਿਲੇ ਪੱਤਰਕਾਰ ਈਸਟਫ਼ੈਨੀ ਰੌਡਰਿਗਜ ਨੂੰ ਗ੍ਰਿਫ਼ਤਾਰ ਕਰ ਲੈਣ ਦੀ ਖ਼ਬਰ ਹੈ। ਉਸ ਦੇ ਪਤੀ ਅਲੇਜਾਂਡਰੋ ਮੈਡੀਨਾ ਨੇ ਦਸਿਆ ਕਿ ਜਦੋਂ ਉਨ੍ਹਾਂ ਦੀ ਕਾਰ ਨੂੰ ਟਰੱਕਾਂ ਦੁਆਰਾ ਘੇਰ ਲਿਆ ਗਿਆ ਤਾਂ ਇਕ ਵਾਰ ਤਾਂ ਉਹ ਹੈਰਾਨ ਰਹਿ ਗਏ ਪਰ ਛੇਤੀ ਹੀ ਮੈਂ ਸਮਝ ਗਿਆ ਇਹ ਆਈ. ਸੀ. ਈ. ਅਧਿਕਾਰੀ ਹਨ । ਉਹ ਮੇਰੀ ਪਤਨੀ ਨੂੰ ਗ੍ਰਿਫ਼ਤਾਰ ਕਰਕੇ ਲੈ ਗਏ। ਮੈਡੀਨਾ ਅਨੁਸਾਰ ਆਈ. ਸੀ. ਈ. ਦੀ ਇਸ ਕਾਰਵਾਈ ਤੋਂ ਉਨ੍ਹਾਂ ਨੂੰ ਬਹੁਤ ਧੱਕਾ ਵੱਜਾ ਹੈ। ਉਸ ਨੇ ਕਿਹਾ ਕਿ ਵਕੀਲ ਨੇ ਰੌਡਰਿਗਜ ਦੀ ਰਿਹਾਈ ਲਈ ਪਟੀਸ਼ਨ ਦਾਇਰ ਕੀਤੀ ਹੈ। ਕੋਲੰਬੀਆ ਵਿੱਚ ਪੈਦਾ ਹੋਈ ਰੌਡਰਿਗਜ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਈ ਸੀ। ਉਹ ਸਪੈਨਿਸ਼ ਭਾਸ਼ਾ ਦੇ ਅਖਬਾਰ ਦੀ ਪੱਤਰਕਾਰ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu

Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਇਰਾਨ ਜੰਗ ਕਾਰਨ ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਦੇ ਰਿਸ਼ਤਿਆਂ 'ਚ ਪਈਆਂ ਤਰੇੜਾਂ



ਵਾਸ਼ਿੰਗਟਨ/ਏ.ਟੀ.ਨਿਊਜ਼: ਇਰਾਨ ਨੂੰ ਲੈ ਕੇ ਵਧਦੇ ਫ਼ੌਜੀ ਤਣਾਅ ਨੇ ਅਮਰੀਕਾ ਅਤੇ ਯੂਰੋਪ ਦੇ ਰਿਸ਼ਤਿਆਂ 'ਚ ਨਵੀਂ ਦਰਾਰ ਪੈਦਾ ਕਰ ਦਿੱਤੀ ਹੈ। ਪਿਛਲੇ ਇਕ ਸਾਲ ਤੋਂ ਜ਼ਿਆਦਾਤਰ ਯੂਰਪੀ ਨੇਤਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨਾਰਾਜ਼ ਕਰਨ ਤੋਂ ਬਚਦੇ ਰਹੇ ਪਰ ਇਰਾਨ ਜੰਗ ਨੇ ਅਮਰੀਕਾ-ਯੂਰਪ ਦੇ ਰਿਸ਼ਤਿਆਂ 'ਚ ਕੁੜੱਤਣ ਭਰ ਦਿੱਤੀ ਹੈ। ਇਰਾਨ ਹਮਲੇ ਨੂੰ ਲੈ ਕੇ ਹੁਣ ਯੂਰੋਪੀਅਨ ਯੂਨੀਅਨ ਦੇ ਦੇਸ਼ ਖੁੱਲ੍ਹ ਕੇ ਬੋਲਣ ਲੱਗੇ ਹਨ। ਬ੍ਰਿਟੇਨ ਅਤੇ ਸਪੇਨ ਨੇ ਅਮਰੀਕੀ ਹਮਲੇ ਨੂੰ ਜਿੱਥੇ ਗ਼ੈਰ-ਕਾਨੂੰਨੀ ਅਤੇ ਨਾਸਮਝੀ ਭਰਿਆ ਦੱਸਿਆ ਹੈ, ਉੱਥੇ ਹੀ ਦੂਜੇ ਪਾਸੇ ਯੂਰੋਪ ਦੇ ਅੰਦਰ ਮੱਧ-ਪੂਰਬ 'ਚ ਛਿੜੀ ਇਸ ਜੰਗ ਨੂੰ ਲੈ ਕੇ ਵੱਖ-ਵੱਖ ਰਣਨੀਤੀ ਦਿਖਾਈ ਦੇ ਰਹੀ ਹੈ।

**ਸਪੇਨ ਨੇ ਖੁੱਲ੍ਹ ਕੇ ਕੀਤਾ ਵਿਰੋਧ**

ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਅਮਰੀਕੀ ਨੀਤੀ ਦੀ ਸਖ਼ਤ ਆਲੋਚਨਾ ਕਰਦੇ ਹੋਏ ਕਿਹਾ ਕਿ ਦੁਨੀਆ ਦੇ ਲੱਖਾਂ ਲੋਕਾਂ ਦੀ ਕਿਸਮਤ ਨਾਲ 'ਰੂਸੀ ਰੂਲੇਟ' ਨਹੀਂ ਖੇਡਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸੰਘਰਸ਼ 'ਚ ਸ਼ਾਮਲ ਸਾਰੀਆਂ ਸ਼ਕਤੀਆਂ ਨੂੰ ਤੁਰੰਤ ਦੁਸ਼ਮਣੀ ਖਤਮ ਕਰਨੀ ਚਾਹੀਦੀ ਹੈ। ਸਪੇਨ ਨੇ ਅਮਰੀਕਾ ਨੂੰ ਆਪਣੇ ਫ਼ੌਜੀ ਟਿਕਾਣਿਆਂ ਦੀ ਵਰਤੋਂ ਇਰਾਨ 'ਤੇ ਹਮਲੇ ਲਈ ਕਰਨ ਦੀ ਮਨਜ਼ੂਰੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਬਾਅਦ ਟਰੰਪ ਨੇ ਸਪੇਨ ਨਾਲ ਵਪਾਰ ਰੋਕਣ ਦੀ ਧਮਕੀ ਤੱਕ ਦੇ ਦਿੱਤੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਦਾਅਵਾ ਕੀਤਾ ਕਿ ਸਪੇਨ ਅਮਰੀਕੀ ਫ਼ੌਜ ਨਾਲ ਸਹਿਯੋਗ ਕਰਨ ਲਈ ਸਹਿਮਤ ਹੋ ਗਿਆ ਹੈ। ਹਾਲਾਂਕਿ ਸਪੇਨ ਦੀ ਸਰਕਾਰੀ ਬੁਲਾਰਾ ਅਲੈਗਜ਼ੈਂਡਰਾ ਨੇ ਇਸ ਦਾਅਵੇ ਨੂੰ ਇੱਕ ਸ਼ਬਦ 'ਚ ਖਾਰਜ ਕਰਦੇ ਹੋਏ ਝੂਠਾ ਦੱਸਿਆ।

**ਬ੍ਰਿਟੇਨ ਨੇ ਵੀ ਜੰਗ ਤੋਂ ਬਣਾਈ ਦੂਰੀ**

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੰਸਦ 'ਚ ਸਪਸ਼ਟ ਕੀਤਾ ਕਿ ਯੂਨਾਈਟਿਡ ਕਿੰਗਡਮ ਉਦੋਂ ਤੱਕ ਜੰਗ 'ਚ ਸ਼ਾਮਲ ਨਹੀਂ ਹੋਵੇਗਾ ਜਦੋਂ ਤੱਕ ਉਹ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਨਾ ਹੋਵੇ ਅਤੇ ਉਸ ਦੇ ਪਿੱਛੇ ਕੋਈ ਸਪਸ਼ਟ ਤੇ ਵਿਵਹਾਰਕ ਰਣਨੀਤੀ ਨਾ ਹੋਵੇ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਐਂਡਗੇਮ ਦੇ ਸ਼ੁਰੂ ਕੀਤੀ ਗਈ ਫ਼ੌਜੀ ਮੁਹਿੰਮ ਖ਼ਤਰਨਾਕ ਸਾਬਤ ਹੋ ਸਕਦੀ ਹੈ ਅਤੇ ਸਿਰਫ਼ ਹਵਾਈ ਹਮਲਿਆਂ ਨਾਲ ਕਿਸੇ ਦੇਸ਼ 'ਚ ਸੱਤਾ ਪਰਿਵਰਤਨ ਸੰਭਵ ਨਹੀਂ ਹੈ।

**ਟਰੰਪ-ਸਟਾਰਮਰ ਵਿਚਾਲੇ ਤਿੱਖੀ ਬਿਆਨਬਾਜ਼ੀ**

ਇਰਾਨ ਸੰਕਟ ਨੂੰ ਲੈ ਕੇ ਦੋਵਾਂ ਨੇਤਾਵਾਂ ਵਿਚਾਲੇ ਬਿਆਨਬਾਜ਼ੀ ਵੀ ਤੇਜ਼ ਹੋ ਗਈ ਹੈ। ਟਰੰਪ ਨੇ ਨਿਰਾਸ਼ਾ ਪ੍ਰਗਟਾਉਂਦੇ ਹੋਏ ਕਿਹਾ ਕਿ ਬ੍ਰਿਟੇਨ ਨੇ ਅਮਰੀਕੀ ਯੋਜਨਾ ਦਾ ਸਮਰਥਨ ਕਰਨ 'ਚ ਦੇਰੀ ਕੀਤੀ ਅਤੇ ਬ੍ਰਿਟਿਸ਼ ਟਿਕਾਣਿਆਂ ਤੋਂ ਰੱਖਿਆਤਮਕ ਹਮਲਿਆਂ ਦੀ ਮਨਜ਼ੂਰੀ ਦੇਣ 'ਚ ਕਈ ਦਿਨ ਲਗਾ ਦਿੱਤੇ। ਉਨ੍ਹਾਂ ਨੇ ਵਿਅੰਗ ਕਰਦੇ ਹੋਏ ਸਟਾਰਮਰ ਦੀ ਤੁਲਨਾ ਵਿੰਸਟਨ ਚਰਚਿਲ ਨਾਲ ਕਰਦੇ ਹੋਏ ਕਿਹਾ ਕਿ ਇਹ ਕੋਈ ਵਿੰਸਟਨ ਚਰਚਿਲ ਨਹੀਂ ਹੈ ਜਿਸ ਨਾਲ ਅਸੀਂ ਨਜਿੱਠ ਰਹੇ ਹਾਂ।

**ਯੂਰੋਪ ਦੇ ਅੰਦਰ ਕਿਉਂ ਹਨ ਮਤਭੇਦ ?**

ਇਰਾਨ ਸੰਕਟ 'ਤੇ ਯੂਰੋਪ ਪੂਰੀ ਤਰ੍ਹਾਂ ਇਕਮਤ ਨਹੀਂ ਹੈ। ਜਰਮਨੀ ਵਰਗੇ ਕੁਝ ਦੇਸ਼ਾਂ ਨੇ ਮੁਕਾਬਲਤਨ ਨਰਮ ਰੁਖ਼ ਅਪਣਾਇਆ ਹੈ। ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਨੇ ਅਮਰੀਕਾ ਅਤੇ ਇਜ਼ਰਾਇਲ ਦੇ ਫ਼ੌਜੀ ਹਮਲਿਆਂ ਨੂੰ ਇਰਾਨ ਅਤੇ ਦੁਨੀਆ ਲਈ ਚੰਗੀ ਖ਼ਬਰ ਦੱਸਿਆ ਅਤੇ ਸਹਿਯੋਗੀਆਂ ਦੀ ਆਲੋਚਨਾ ਕਰਨ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਯੂਰੋਪ ਦੀ ਇਸ ਸਾਵਧਾਨੀ ਦੇ ਪਿੱਛੇ ਸਪਸ਼ਟ ਕਾਰਨ ਹਨ। ਰੂਸ ਦੀ ਵਧਦੀ ਦੁਸ਼ਮਣੀ ਦੇ ਦਰਮਿਆਨ ਸੁਰੱਖਿਆ ਲਈ ਯੂਰਪ ਕਾਫੀ ਹੱਦ ਤੱਕ ਅਮਰੀਕਾ 'ਤੇ ਨਿਰਭਰ ਹੈ। ਊਰਜਾ ਸਪਲਾਈ ਅਤੇ ਬਰਾਮਦ ਬਾਜ਼ਾਰ ਦੇ ਲਿਹਾਜ਼ ਨਾਲ ਵੀ ਅਮਰੀਕਾ ਯੂਰਪੀ ਅਰਥਵਿਵਸਥਾਵਾਂ ਲਈ ਬੇਹੱਦ ਅਹਿਮ ਬਣਿਆ ਹੋਇਆ ਹੈ।

**ਫਰਾਂਸ ਨੇ ਪ੍ਰਗਟਾਇਆ ਕਾਨੂੰਨੀ ਇਤਰਾਜ਼**

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਕਿਹਾ ਕਿ ਅਮਰੀਕੀ ਹਮਲਾ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਨਹੀਂ ਹੈ ਪਰ ਉਨ੍ਹਾਂ ਨੇ ਅਮਰੀਕਾ ਦੀ ਖੁੱਲ੍ਹੀ ਨਿੰਦਾ ਕਰਨ ਤੋਂ ਪਰਹੇਜ਼ ਕੀਤਾ। ਇਸ ਦੇ ਉਲਟ ਆਇਰਲੈਂਡ ਅਤੇ ਨਾਰਵੇ ਵਰਗੇ ਦੇਸ਼ਾਂ ਨੇ ਜ਼ਿਆਦਾ ਮੁਖਰ ਵਿਰੋਧ ਦਰਜ ਕਰਾਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਯੂਰੋਪ ਦੀ ਕੋਸ਼ਿਸ਼ ਹੋਵੇਗੀ ਕਿ ਅਮਰੀਕਾ ਨੂੰ ਇਸ ਸੰਘਰਸ਼ ਨੂੰ ਜਲਦੀ ਸਮਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਜੇਕਰ ਜੰਗ ਲੰਬੀ ਖਿੱਚਦੀ ਹੈ ਤਾਂ ਊਰਜਾ ਕੀਮਤਾਂ 'ਚ ਵਾਧਾ, ਅੱਤਵਾਦ ਅਤੇ ਮੱਧ-ਪੂਰਬ ਤੋਂ ਹਿਜ਼ਰਤ ਦੀ ਨਵੀਂ ਲਹਿਰ ਯੂਰਪ ਦੀਆਂ ਅਰਥਵਿਵਸਥਾਵਾਂ 'ਤੇ ਗੰਭੀਰ ਦਬਾਅ ਪਾ ਸਕਦੀ ਹੈ। ਬ੍ਰਿਟੇਨ 'ਚ ਵੀ ਘਰੇਲੂ ਰਾਜਨੀਤੀ ਇਸ ਰੁਖ਼ ਨੂੰ ਪ੍ਰਭਾਵਿਤ ਕਰ ਰਹੀ ਹੈ। ਪ੍ਰਧਾਨ ਮੰਤਰੀ ਸਟਾਰਮਰ 'ਤੇ ਉਨ੍ਹਾਂ ਦੀ ਲੇਬਰ ਪਾਰਟੀ ਦੇ ਖੱਬੇਪੱਖੀ ਧੜੇ ਦਾ ਦਬਾਅ ਹੈ, ਜੋ ਜੰਗ ਦੇ ਖ਼ਿਲਾਫ਼ ਹੈ। ਜਨਮਤ ਸਰਵੇਖਣਾਂ 'ਚ ਵੀ ਇਰਾਨ 'ਤੇ ਹਮਲੇ ਨੂੰ ਲੈ ਕੇ ਜਨਤਾ 'ਚ ਉਤਸ਼ਾਹ ਘੱਟ ਦਿਖਾਈ ਦੇ ਰਿਹਾ ਹੈ।

**ਇਰਾਕ ਜੰਗ ਦੀਆਂ ਯਾਦਾਂ ਅਜੇ ਵੀ ਤਾਜ਼ਾ**

2003 ਦੇ ਇਰਾਕ ਜੰਗ ਦੀਆਂ ਯਾਦਾਂ ਵੀ ਬ੍ਰਿਟਿਸ਼ ਰਾਜਨੀਤੀ 'ਚ ਅਜੇ ਤੱਕ ਤਾਜ਼ਾ ਹਨ। ਉਸ ਸਮੇਂ ਤਤਕਾਲੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਅਮਰੀਕਾ ਨਾਲ ਮਿਲ ਕੇ ਇਰਾਕ 'ਤੇ ਹਮਲਾ ਕੀਤਾ ਸੀ ਅਤੇ ਹਜ਼ਾਰਾਂ ਬ੍ਰਿਟਿਸ਼ ਫ਼ੌਜੀਆਂ ਨੂੰ ਜੰਗ 'ਚ ਭੇਜਿਆ ਸੀ। ਇਹ ਫੈਸਲਾ ਬਾਅਦ 'ਚ ਉਨ੍ਹਾਂ ਦੀ ਰਾਜਨੀਤਿਕ ਵਿਰਾਸਤ 'ਤੇ ਵੱਡਾ ਧੱਬਾ ਮੰਨਿਆ ਗਿਆ।

**'ਵਿਸ਼ੇਸ਼ ਸਬੰਧ' 'ਤੇ ਉੱਠੇ ਨਵੇਂ ਸਵਾਲ**

ਇਰਾਨ ਸੰਕਟ ਤੋਂ ਬਾਅਦ ਹੁਣ ਅਮਰੀਕਾ ਅਤੇ ਬ੍ਰਿਟੇਨ ਵਿਚਕਾਰ ਲੰਬੇ ਸਮੇਂ ਤੋਂ ਚਲੇ ਆ ਰਹੇ ਵਿਸ਼ੇਸ਼ ਸਬੰਧਾਂ 'ਤੇ ਵੀ ਬਹਿਸ ਤੇਜ਼ ਹੋ ਗਈ ਹੈ। ਹਾਲਾਂਕਿ ਸਟਾਰਮਰ ਦਾ ਕਹਿਣਾ ਹੈ ਕਿ ਇਹ ਰਿਸ਼ਤਾ ਕਿਸੇ ਇਕ ਨੇਤਾ ਦੇ ਬਿਆਨ ਨਾਲ ਨਹੀਂ, ਸਗੋਂ ਦੋਵਾਂ ਦੇਸ਼ਾਂ ਵਿਚਕਾਰ ਫ਼ੌਜੀ ਸਹਿਯੋਗ ਅਤੇ ਖੁਫੀਆ ਸਾਂਝੇਦਾਰੀ ਨਾਲ ਤੈਅ ਹੁੰਦਾ ਹੈ। ਵਿਸ਼ਲੇਸ਼ਕਾਂ ਅਨੁਸਾਰ ਇਰਾਨ ਸੰਘਰਸ਼ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਟਰੰਪ ਦੇ ਦੌਰ 'ਚ ਅਟਲਾਂਟਿਕ ਗੱਠਜੋੜ ਦੇ ਅੰਦਰ ਮਤਭੇਦ ਪਹਿਲਾਂ ਨਾਲੋਂ ਕਿਤੇ ਵੱਧ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ।

**ਪਹਿਲਾਂ ਵੀ ਟਰੰਪ ਨੂੰ ਨਾਰਾਜ਼ ਕਰਨ ਤੋਂ ਬਚਦਾ ਰਿਹਾ ਯੂਰੋਪ**

ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਹੀ ਯੂਰੋਪ ਦੇ ਜ਼ਿਆਦਾਤਰ ਦੇਸ਼ ਉਨ੍ਹਾਂ ਨੂੰ ਨਾਰਾਜ਼ ਨਾ ਕਰਨ ਦੀ ਰਣਨੀਤੀ ਅਪਣਾਏ ਹੋਏ ਸਨ। ਜਦੋਂ ਅਮਰੀਕਾ ਨੇ ਯੂਕ੍ਰੇਨ ਲਈ ਫ਼ੌਜੀ ਅਤੇ ਵਿੱਤੀ ਸਹਾਇਤਾ ਰੋਕ ਦਿੱਤੀ, ਓਦੋਂ ਵੀ ਯੂਰੋਪੀਅਨ ਨੇਤਾਵਾਂ ਨੇ ਖੁੱਲ੍ਹ ਕੇ ਵਿਰੋਧ ਨਹੀਂ ਕੀਤਾ। ਇਸੇ ਤਰ੍ਹਾਂ ਟਰੰਪ ਵੱਲੋਂ ਲਗਾਏ ਗਏ ਇਕਪਾਸੜ ਟੈਰਿਫ਼ ਦੇ ਬਾਵਜੂਦ ਯੂਰੋਪ ਨੇ ਜਵਾਬੀ ਕਾਰਵਾਈ ਤੋਂ ਪਰਹੇਜ਼ ਕੀਤਾ।

## ਖਾੜੀ ਜੰਗ ਕਾਰਨ ਚੀਨ ਨੇ ਰੱਖਿਆ ਬਜਟ ਵਿੱਚ 7 ਫ਼ੀਸਦੀ ਦਾ ਵਾਧਾ ਕੀਤਾ

ਪੇਈਚਿੰਗ/ਏ.ਟੀ.ਨਿਊਜ਼: ਚੀਨ ਨੇ ਆਪਣੇ ਰੱਖਿਆ ਬਜਟ 'ਚ ਕਰੀਬ 7 ਫ਼ੀਸਦੀ ਦਾ ਵਾਧਾ ਕੀਤਾ ਹੈ, ਜੋ ਹੁਣ 1.91 ਖਰਬ ਯੂਆਨ (277 ਅਰਬ ਡਾਲਰ) ਹੋ ਗਿਆ ਹੈ। ਰੱਖਿਆ ਬਜਟ ਵਧਾਉਣ ਦਾ ਉਦੇਸ਼ ਹਥਿਆਰਬੰਦ ਬਲਾਂ ਦੇ ਆਧੁਨਿਕੀਕਰਨ ਨੂੰ ਤੇਜ਼ ਕਰ ਕੇ ਅਮਰੀਕੀ ਫ਼ੌਜ ਦੇ ਬਰਾਬਰ ਤੱਕ ਪਹੁੰਚਣਾ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਹੋਰ ਸਿਖਰਲੇ ਆਗੂਆਂ ਦੀ ਹਾਜ਼ਰੀ 'ਚ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਨੈਸ਼ਨਲ ਪੀਪਲਜ਼ ਕਾਂਗਰਸ 'ਚ ਪੇਸ਼ ਆਪਣੀ ਸਾਲਾਨਾ ਕਾਰਜ ਰਿਪੋਰਟ 'ਚ ਬਜਟ ਦਾ ਜ਼ਿਕਰ ਕੀਤਾ। ਰਿਪੋਰਟ 'ਚ ਕਿਹਾ ਗਿਆ ਕਿ ਜੀ ਡੀ ਪੀ 'ਚ ਹਿੱਸੇਦਾਰੀ, ਪ੍ਰਤੀ ਵਿਅਕਤੀ ਰੱਖਿਆ ਖ਼ਰਚ ਅਤੇ ਪ੍ਰਤੀ ਸੈਨਿਕ ਰੱਖਿਆ ਖ਼ਰਚ ਜਿਹੇ ਅਹਿਮ ਮਾਪਦੰਡਾਂ ਦੇ ਲਿਹਾਜ਼ ਨਾਲ ਚੀਨ ਦਾ ਰੱਖਿਆ ਖ਼ਰਚ ਹਾਲੇ ਵੀ ਸੀਮਤ ਹੈ।ਇਸ ਦੌਰਾਨ ਚੀਨ ਨੇ ਵਿਕਾਸ ਦਰ (ਜੀ ਡੀ ਪੀ) ਦਾ ਟੀਚਾ ਘਟਾ ਕੇ 4.5 ਤੋਂ 5 ਫ਼ੀਸਦ ਵਿਚਕਾਰ ਕਰ ਦਿੱਤਾ ਹੈ। ਚੀਨ ਬੀਤੇ ਤਿੰਨ ਸਾਲਾਂ ਤੋਂ ਵਿਕਾਸ ਦਰ ਦਾ ਟੀਚਾ 5 ਫ਼ੀਸਦੀ ਰੱਖ ਰਿਹਾ ਸੀ ਪਰ ਟਰੰਪ ਪ੍ਰਸ਼ਾਸਨ ਵੱਲੋਂ ਟੈਰਿਫ ਵਿਵਾਦ, ਅਮਰੀਕਾ-ਇਰਾਨ ਜੰਗ ਮਗਰੋਂ ਆਲਮੀ ਸੰਕਟ ਅਤੇ ਘਰੇਲੂ ਅਰਥਚਾਰੇ 'ਚ ਸੰਪਤੀ ਬਾਜ਼ਾਰ ਦੀ ਗਿਰਾਵਟ ਅਤੇ ਬੇਰੁਜ਼ਗਾਰੀ ਜਿਹੀਆਂ ਚੁਣੌਤੀਆਂ ਨੂੰ ਦੇਖਦਿਆਂ ਉਸ ਨੇ ਵਿਕਾਸ ਦਰ ਘਟਾਈ ਹੈ।

## ਕੈਨੇਡਾ ਵੱਲੋਂ 33,000 ਕੱਚੇ ਕਾਮੇ ਪੱਕੇ ਕਰਨ ਦਾ ਐਲਾਨ

### ਵਿਦਿਆਰਥੀਆਂ ਦੀ ਗਿਣਤੀ ਵਿੱਚ 50 ਫੀਸਦੀ ਦੀ ਕਟੌਤੀ ਦਾ ਫੈਸਲਾ ਰਹੇਗਾ ਬਰਕਰਾਰ

ਟੋਰਾਂਟੋ/ਏ.ਟੀ.ਨਿਊਜ਼: 'ਟੋਰਾਂਟੋ ਸਟਾਰ' ਦੀ ਰਿਪੋਰਟ ਅਨੁਸਾਰ, ਇਮੀਗ੍ਰੇਸ਼ਨ ਮੰਤਰੀ ਲੀਨਾ ਮੈਟਲੇਜ ਨੇ ਪੁਸ਼ਟੀ ਕੀਤੀ ਹੈ ਕਿ ਸਰਕਾਰ ਨੇ ਅਗਲੇ ਦੋ ਸਾਲਾਂ ਵਿੱਚ 33,000 ਹੁਨਰਮੰਦ ਕਾਮਿਆਂ ਨੂੰ ਸਥਾਈ ਨਿਵਾਸ (ਪੀ.ਆਰ.) ਦੇਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।




ਇਹ ਕਦਮ ਖਾਸ ਤੌਰ 'ਤੇ ਉਨ੍ਹਾਂ ਖੇਤਰਾਂ ਲਈ ਚੁੱਕਿਆ ਗਿਆ ਹੈ ਜੋ ਮਜ਼ਦੂਰਾਂ ਦੀ ਭਾਰੀ ਕਮੀ ਦਾ ਸਾਹਮਣਾ ਕਰ ਰਹੇ ਹਨ। ਸਰਕਾਰ ਦਾ ਉਦੇਸ਼ ਦੇਸ਼ ਵਿੱਚ ਬਿਨਾਂ ਦਸਤਾਵੇਜ਼ਾਂ ਦੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਨੂੰ ਘਟਾਉਣਾ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਸੰਤੁਲਨ ਬਣਾਉਣਾ ਹੈ।

ਇਸ ਨਵੀਂ ਨੀਤੀ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ 2027 ਤੱਕ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਕੁੱਲ ਆਬਾਦੀ ਦੇ 5 ਫੀਸਦੀ ਤੋਂ ਹੇਠਾਂ ਲਿਆਉਣਾ (ਜੋ ਪਿਛਲੇ ਸਾਲ 6.8 ਫੀਸਦੀ ਸੀ)। ਸਾਲ 2025 ਵਿੱਚ ਲਗਭਗ 21 ਲੱਖ ਅਤੇ 2026 ਵਿੱਚ 19.4 ਲੱਖ ਪਰਮਿਟ ਖ਼ਤਮ ਹੋਣ ਦੀ ਉਮੀਦ ਹੈ, ਜਿਸ ਕਾਰਨ ਇਹ ਨਵਾਂ ਰਾਹ ਬਹੁਤ ਅਹਿਮ ਹੈ।

ਮੰਤਰੀ ਨੇ ਸਾਫ਼ ਕਿਹਾ ਹੈ ਕਿ ਜੇਕਰ ਕਿਸੇ ਦਾ ਵੀਜ਼ਾ ਨਹੀਂ ਵਧਦਾ, ਤਾਂ ਉਸ ਨੂੰ ਦੇਸ਼ ਛੱਡਣਾ ਪਵੇਗਾ। ਨਵਾਂ ਬਿੱਲ ਕੈਨੇਡਾ ਸਰਕਾਰ ਨੂੰ ਇਮੀਗ੍ਰੇਸ਼ਨ ਦਸਤਾਵੇਜ਼ ਰੱਦ ਕਰਨ ਜਾਂ ਰੋਕਣ ਦੇ ਵਾਧੂ ਅਧਿਕਾਰ ਵੀ ਦੇਵੇਗਾ ਹਾਲਾਂਕਿ ਰਿਹਾਇਸ਼ ਦੀ ਕਮੀ ਅਤੇ ਜਨਤਕ ਸੇਵਾਵਾਂ 'ਤੇ ਦਬਾਅ ਕਾਰਨ ਵਿਦਿਆਰਥੀਆਂ ਦੀ ਗਿਣਤੀ ਵਿੱਚ 50 ਫੀਸਦੀ ਦੀ ਕਟੌਤੀ ਦਾ ਫੈਸਲਾ ਬਰਕਰਾਰ ਰਹੇਗਾ।


## ਅਮਰੀਕਾ-ਇਰਾਨ ਜੰਗ ਖ਼ਤਮ ਕਰਵਾਉਣ ਲਈ ਕਈ ਦੇਸ਼ ਕਰਨ ਲੱਗੇ 'ਵਿਚੋਲਗੀ'

### ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਕੀਤਾ ਦਾਅਵਾ

ਤਹਿਰਾਨ/ਏ.ਟੀ.ਨਿਊਜ਼: ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਪਹਿਲੀ ਵਾਰ ਜਨਤਕ ਤੌਰ 'ਤੇ ਸਵੀਕਾਰ ਕੀਤਾ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਨਾਲ ਜਾਰੀ ਜੰਗ ਨੂੰ ਰੋਕਣ ਲਈ ਕੁਝ ਦੇਸ਼ਾਂ ਵੱਲੋਂ ਵਿਚੋਲਗੀ ਦੇ ਯਤਨ ਸ਼ੁਰੂ ਕੀਤੇ ਗਏ ਹਨ। ਹਾਲਾਂਕਿ, ਰਾਸ਼ਟਰਪਤੀ ਨੇ ਅਜੇ ਤੱਕ ਉਨ੍ਹਾਂ ਖਾਸ ਦੇਸ਼ਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ।

**ਗੱਲਬਾਤ ਲਈ ਰੱਖੀ ਸ਼ਰਤ**

ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਪੇਜ਼ੇਸ਼ਕੀਅਨ ਨੇ ਕਿਹਾ ਕਿ ਇਰਾਨ ਖੇਤਰ ਵਿੱਚ ਸਥਾਈ ਸ਼ਾਂਤੀ ਦਾ ਸਮਰਥਕ ਹੈ, ਪਰ ਉਹ ਆਪਣੀ ਰਾਸ਼ਟਰੀ ਸ਼ਾਨ ਅਤੇ ਪ੍ਰਭੂਸੱਤਾ ਦੀ ਰੱਖਿਆ ਕਰਨ ਤੋਂ ਪਿੱਛੇ ਨਹੀਂ ਹਟੇਗਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕੋਈ ਵੀ ਗੱਲਬਾਤ ਉਨ੍ਹਾਂ ਲੋਕਾਂ 'ਤੇ ਕੇਂਦਰਿਤ ਹੋਣੀ ਚਾਹੀਦੀ ਹੈ ਜਿਨ੍ਹਾਂ ਨੇ ਇਰਾਨੀ ਲੋਕਾਂ ਨੂੰ ਘੱਟ ਸਮਝਿਆ ਅਤੇ ਇਸ ਸੰਘਰਸ਼ ਦੀ ਅੱਗ ਭੜਕਾਈ।



**ਜੰਗ ਵਿੱਚ ਤੇਜ਼ੀ ਦੇ ਸੰਕੇਤ**

ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਜੰਗ ਹੋਰ ਭਿਆਨਕ ਰੂਪ ਧਾਰ ਰਹੀ ਹੈ। ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਚਿਤਾਵਨੀ ਦਿੱਤੀ ਹੈ ਕਿ ਇਰਾਨ 'ਤੇ ਹਮਲੇ ਆਉਣ ਵਾਲੇ ਦਿਨਾਂ ਵਿੱਚ 'ਨਾਟਕੀ ਢੰਗ ਨਾਲ' ਵਧ ਸਕਦੇ ਹਨ। ਦੂਜੇ ਪਾਸੇ, ਇਜ਼ਰਾਇਲੀ ਫ਼ੌਜ ਨੇ ਵੀ ਪਿਛਲੇ ਦਿਨੀਂ ਸਵੇਰੇ ਆਪਣੇ ਹਮਲਿਆਂ ਦੇ ਇੱਕ ਨਵੇਂ ਅਤੇ ਤੇਜ਼ ਪੜਾਅ ਦਾ ਐਲਾਨ ਕਰ ਦਿੱਤਾ ਹੈ। ਰਿਪੋਰਟਾਂ ਮੁਤਾਬਕ ਤਹਿਰਾਨ ਅਤੇ ਬੇਰੂਤ ਵਿੱਚ ਭਾਰੀ ਬੰਬਾਰੀ ਜਾਰੀ ਹੈ।

**ਇਰਾਨ ਦੇ ਅੰਦਰੂਨੀ ਹਾਲਾਤ**

ਇਰਾਨ ਦੇ ਅੰਦਰ ਵੀ ਇਸ ਜੰਗ ਨੂੰ ਲੈ ਕੇ ਸਿਆਸੀ ਹਲਚਲ ਤੇਜ਼ ਹੈ। ਦੇਸ਼ ਦੇ ਸੁਧਾਰਵਾਦੀ ਗੁੱਟਾਂ ਨੇ ਮੰਗ ਕੀਤੀ ਹੈ ਕਿ ਤਹਿਰਾਨ ਨੂੰ ਇੱਕ ਅਜਿਹਾ ਨਵਾਂ 'ਸੁਪਰੀਮ ਲੀਡਰ' ਨਿਯੁਕਤ ਕਰਨਾ ਚਾਹੀਦਾ ਹੈ ਜੋ ਦੁਨੀਆ ਨੂੰ ਸ਼ਾਂਤੀ ਅਤੇ ਦੋਸਤੀ ਦਾ ਸੰਦੇਸ਼ ਦੇ ਸਕੇ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਇਰਾਨ ਵਿਰੁੱਧ ਹੋ ਰਹੇ ਪ੍ਰਚਾਰ ਨੂੰ ਰੋਕਣ 'ਚ ਮਦਦ ਮਿਲੇਗੀ।

(ਬਾਕੀ ਸਫ਼ਾ 27 'ਤੇ)

## ਆਸਟ੍ਰੇਲੀਆ ਨਾਲ ਆਪਣੇ ਵਪਾਰਕ ਸਬੰਧ ਮਜਬੂਤ ਕਰੇਗਾ ਕੈਨੇਡਾ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਆਸਟ੍ਰੇਲੀਆ ਨਾਲ ਆਪਣੇ ਆਰਥਿਕ ਤੇ ਹੋਰ ਸਾਂਝਾਂ ਮਜਬੂਤ ਕੀਤੇ ਜਾਣ 'ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਅਤੇ ਆਸਟ੍ਰੇਲੀਆ ਦੋਸਤਾਂ ਤੋਂ ਵੱਧ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਸਾਂਝੇ ਇਤਿਹਾਸ, ਕਦਰਾਂ-ਕੀਮਤਾਂ ਅਤੇ ਸੱਭਿਆਚਾਰਾਂ ਵਿੱਚ ਇੱਕੋ ਜਿਹੇ ਹੋਣ ਕਰਕੇ ਪਰਿਵਾਰ ਵਾਂਗ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿਦੇਸ਼ਾਂ ਵਿੱਚ ਨਵੀਆਂ ਭਾਈਵਾਲੀਆਂ ਅਤੇ ਗੱਠਜੋੜ ਬਣਾ ਰਿਹਾ ਹੈ ਅਤੇ ਆਸਟ੍ਰੇਲੀਆਂ ਇਸ ਮਿਸ਼ਨ ਵਿੱਚ ਕੁਦਰਤੀ ਭਾਈਵਾਲ ਹੈ। ਉਨ੍ਹਾਂ ਭਰੋਸੇ ਨਾਲ ਕਿਹਾ ਕਿ ਇਨ੍ਹਾਂ ਯਤਨਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ ਅਸੀਂ ਊਰਜਾ, ਮਹੱਤਵਪੂਰਨ ਖਣਿਜਾਂ, ਨਿਵੇਸ਼, ਰੱਖਿਆ ਅਤੇ ਏ.ਆਈ. ਰਾਹੀਂ ਇੱਕਜੁੱਟ ਹੋਕੇ ਕੰਮ ਕਰਦਿਆਂ ਆਪਣੇ ਲੋਕਾਂ ਲਈ ਹੋਰ ਮੌਕੇ ਪੈਦਾ ਕਰਾਂਗੇ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਇਸ ਮੁੱਦੇ 'ਤੇ ਜ਼ੋਰ ਦੇ ਕੇ ਚੱਲ ਰਹੀ ਹੈ ਕਿ ਤੇਜੀ ਨਾਲ ਬਦਲ ਰਹੇ ਆਲਮੀ ਹਾਲਾਤਾਂ ਵਿੱਚ ਅਸੀਂ ਕਿਸ ਗੱਲ ਨੂੰ ਆਪਣੇ ਕੰਟਰੋਲ ਹੇਠ ਰੱਖ ਸਕਦੇ ਹਾਂ।ਇਸ ਦੌਰੇ ਦੌਰਾਨ ਇੱਕ ਅਹਿਮ ਕਦਮ ਚੁੱਕਦਿਆਂ ਪ੍ਰਧਾਨ ਮੰਤਰੀ ਕਾਰਨੀ ਨੇ ਕੈਨੇਡਿਆਈ ਪੈਨਸ਼ਨ ਫੰਡਾਂ ਅਤੇ ਆਸਟ੍ਰੇਲੀਆਈ ਸੇਵਾਮੁਕਤੀ ਫੰਡਾਂ ਵਿਚਕਾਰ ਨਿਵੇਸ਼ ਸਹਿਯੋਗ ਵਧਾਉਣ ਲਈ ਇੱਕ ਸਮਝੌਤੇ ਪੱਤਰ 'ਤੇ ਹਸਤਾਖ਼ਰ ਕੀਤੇ ਹਨ। ਇਸ ਸਮਝੌਤੇ ਰਾਹੀਂ ਕੈਨੇਡਾ ਦਾ ਟੀਚਾ ਅਗਲੇ ਪੰਜ ਸਾਲਾਂ ਵਿੱਚ ਇੱਕ ਟ੍ਰਿਲੀਅਨ ਡਾਲਰ ਦਾ ਨਿਵੇਸ਼ ਜੁਟਾਉਣਾ ਹੈ। ਕਾਰਨੀ ਨੇ ਸਿਡਨੀ ਵਿੱਚ ਉਨ੍ਹਾਂ ਕਾਰੋਬਾਰੀ ਆਗੂਆਂ ਨਾਲ ਵੀ ਮੁਲਾਕਾਤ ਕੀਤੀ ਜੋ ਲਗਭਗ 7 ਟ੍ਰਿਲੀਅਨ ਡਾਲਰ ਦੀ ਪੂੰਜੀ ਦਾ ਪ੍ਰਬੰਧਨ ਕਰਦੇ ਹਨ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਵੱਡੇ ਪੱਧਰ 'ਤੇ ਆਰਥਿਕ ਸਥਿਰਤਾ ਅਤੇ ਖੁਸ਼ਹਾਲੀ ਆਉਣ ਦੀ ਉਮੀਦ ਹੈ।

## ਪੰਜਾਬੀਆਂ ਦੀ ਸ਼ਾਨ ਵੱਖਰੀ

# ਕੀ ਮੇਲਿਆਂ ਅਤੇ ਧਰਨਿਆਂ ਜੋਗੇ ਰਹਿ ਗਏ ਨੇ ਪੰਜਾਬੀ ?

## ਪੰਜਾਬੀਆਂ ਦੀ ਦਿਨੋਂ ਦਿਨ ਬਦਲ ਰਹੀ ਹੈ ਪਹਿਚਾਣ



**ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਸ ਦੇ ਵੱਡੀ ਗਿਣਤੀ ਵਸਨੀਕ ਖੇਤੀਬਾੜੀ ਅਤੇ ਇਸ ਨਾਲ ਸਬੰਧਿਤ ਧੰਦੇ ਕਰਦੇ ਹਨ। ਪੰਜਾਬ ਦੀ ਖੇਤੀਬਾੜੀ ਦਾ ਹੁਣ ਮਸ਼ੀਨੀਕਰਨ ਹੋ ਚੁੱਕਿਆ ਹੈ। ਪੰਜਾਬੀਆਂ ਕੋਲ ਪੈਸਾ ਹੋਣਾ ਚੰਗੀ ਗੱਲ ਹੈ ਪਰ ਟ੍ਰੈੱਕਟਰਾਂ ਨੂੰ ਸ਼ਿੰਗਾਰਨ 'ਤੇ ਚਾਰ ਚਾਰ ਲੱਖ ਰੁਪਏ ਲਗਾਉਣ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਇਸ ਪੈਸੇ ਨੂੰ ਚੰਗੇ ਕਿੱਤਾਮੁਖੀ ਕੰਮਾਂ ਵਿੱਚ ਲਗਾਇਆ ਜਾਣਾ ਚਾਹੀਦਾ ਹੈ ਤਾਂ ਕਿ ਹੋਰਨਾਂ ਬੇਰੁਜ਼ਗਾਰ ਲੋਕਾਂ ਨੂੰ ਵੀ ਰੁਜ਼ਗਾਰ ਮਿਲ ਸਕੇ ਅਤੇ ਪੰਜਾਬੀਆਂ ਦੀ ਸ਼ਾਨ ਵਿੱਚ ਹੋਰ ਵਾਧਾ ਹੋ ਸਕੇ।**

ਅੰਮ੍ਰਿਤਸਰ ਟਾਈਮਜ਼ ਬਿਊਰੋ

ਇੱਕ ਸਮਾਂ ਅਜਿਹਾ ਸੀ ਜਦੋਂ ਪੰਜਾਬੀਆਂ ਨੂੰ ਸਖ਼ਤ ਮਿਹਨਤੀ, ਬਹਾਦਰ ਅਤੇ ਸਿਰੜੀ ਮੰਨਿਆ ਜਾਂਦਾ ਸੀ ਅਤੇ ਪੰਜਾਬੀ ਗੱਭਰੂਆਂ ਦੇ ਬਹਾਦਰੀ ਦੀਆਂ ਵਾਰਾਂ ਤਾਂ ਮੇਲਿਆਂ ਵਿੱਚ ਢਾਡੀ ਤੇ ਕਵੀਸ਼ਰ ਗਾਇਆ ਕਰਦੇ ਸਨ। ਅੱਜ ਵੀ ਪੰਜਾਬੀ ਬਹੁਤ ਮਿਹਨਤੀ ਅਤੇ ਜੋਸ਼ੀਲੇ ਹਨ। ਇਸੇ ਤਰ੍ਹਾਂ ਧਾਰਮਿਕ ਮੇਲੇ ਵੀ ਆਪਣੀ ਪੁਰਾਤਨ ਰਵਾਇਤ ਅਨੁਸਾਰ ਜਾਰੀ ਹਨ, ਜਿਹਨਾਂ ਵਿੱਚ ਪੰਜਾਬ ਦੇ ਲੋਕ ਅਤੇ ਵੱਡੀ ਗਿਣਤੀ ਨੌਜਵਾਨ ਸ਼ਰਧਾ ਅਤੇ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ ਅਤੇ ਪੂਰਨ ਮਰਿਆਦਾ ਵਿੱਚ ਰਹਿੰਦੇ ਹਨ ਪਰ ਕੁਝ ਨੌਜਵਾਨਾਂ ਵੱਲੋਂ ਮੇਲਿਆਂ ਦੌਰਾਨ ਹੁੱਲੜਬਾਜ਼ੀ ਕਰਨ ਅਤੇ ਕੁਝ ਜਥੇਬੰਦੀਆਂ ਵੱਲੋਂ ਵਾਰ ਵਾਰ ਆਵਾਜਾਈ ਠੱਪ ਕਰਨ ਨਾਲ ਪੰਜਾਬ ਦੀ ਪਹਿਚਾਣ ਕੁਝ ਹੱਦ ਤੱਕ ਬਦਲਦੀ ਜਾ ਰਹੀ ਹੈ।

ਪੰਜਾਬ ਅਤੇ ਪੰਜਾਬੀਆਂ ਦੀ ਵਿਸ਼ਵ ਵਿੱਚ ਵੱਡੀ ਪਹਿਚਾਣ ਲੰਗਰ ਲਗਾਉਣ ਕਰਕੇ ਹੈ। ਪੰਜਾਬ ਵਿੱਚ ਹਰ ਦਿਨ ਵੱਖ ਵੱਖ ਥਾਵਾਂ 'ਤੇ ਮੁਫ਼ਤ ਲੰਗਰ ਚਲਦੇ ਰਹਿੰਦੇ ਹਨ। ਇਸ ਤੋਂ ਇਲਾਵਾ ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਕੋਈ ਕੁਦਰਤੀ ਕਰੋਪੀ ਹੋਵੇ ਤਾਂ ਪੰਜਾਬੀ ਉਥੇ ਪਹੁੰਚ ਕੇ ਖਾਣ ਪੀਣ ਦੇ ਸਮਾਨ ਸਮੇਤ ਦਵਾਈਆਂ, ਕੰਬਲ ਅਤੇ ਹੋਰ ਜ਼ਰੂਰੀ ਚੀਜ਼ਾਂ ਦੇ ਮੁਫ਼ਤ ਲੰਗਰ ਲਗਾ ਦਿੰਦੇ ਹਨ, ਜਿਸ ਕਾਰਨ ਪੂਰੇ ਵਿਸ਼ਵ ਵਿੱਚ ਪੰਜਾਬੀਆਂ ਨੂੰ ਵਿਸ਼ੇਸ਼ ਪ੍ਰਸਿੱਧੀ ਮਿਲੀ ਹੋਈ ਹੈ। ਪੰਜਾਬ ਨੂੰ ਮੇਲਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਹਰ ਮਹੀਨੇ ਵੱਖ-ਵੱਖ ਧਾਰਮਿਕ, ਸੱਭਿਆਚਾਰਕ, ਖੇਡ ਮੇਲੇ ਲੱਗਦੇ ਹਨ। ਇਸ ਤੋਂ ਇਲਾਵਾ ਕਿਸਾਨ ਮੇਲੇ, ਵਿਗਿਆਨ ਮੇਲੇ ਅਤੇ ਹੋਰ ਕਈ ਕਿਸਮਾਂ ਦੇ ਮੇਲੇ ਵੀ ਪੰਜਾਬ ਦੀ ਧਰਤੀ 'ਤੇ ਲੱਗਦੇ ਰਹਿੰਦੇ ਹਨ। ਇਹਨਾਂ ਸਾਰੇ ਮੇਲਿਆਂ ਵਿੱਚ ਪੰਜਾਬੀ ਨੌਜਵਾਨ ਵੱਡੀ ਗਿਣਤੀ ਵਿੱਚ ਹਿੱਸਾ ਲੈਂਦੇ ਹਨ। ਇਹਨਾਂ ਮੇਲਿਆਂ ਵਿੱਚ ਵੱਡੀ ਗਿਣਤੀ ਪੰਜਾਬੀ ਨੌਜਵਾਨ ਜਿੱਥੇ ਪੂਰੀ ਮਰਿਆਦਾ ਅਤੇ ਪੂਰੇ ਅਨੁਸ਼ਾਸਨ ਵਿੱਚ ਰਹਿੰਦੇ ਹਨ ਉੱਥੇ ਵੇਖਣ ਵਿੱਚ ਆਇਆ ਹੈ ਕਿ ਇਹਨਾਂ ਮੇਲਿਆਂ ਵਿੱਚ ਹਿੱਸਾ ਲੈਣ ਵਾਲੇ ਕੁਝ ਨੌਜਵਾਨਾਂ ਵੱਲੋਂ ਹੁੱਲੜਬਾਜ਼ੀ ਕੀਤੀ ਜਾਂਦੀ ਹੈ, ਜਿਸ ਕਾਰਨ ਮੇਲਿਆਂ ਦਾ ਮਾਹੌਲ ਹੀ ਖਰਾਬ ਹੋ ਜਾਂਦਾ ਹੈ। ਤਿੰਨ ਕੁ ਸਾਲ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ 'ਤੇ ਹੁੱਲੜਬਾਜ਼ਾਂ ਵੱਲੋਂ ਇੱਕ ਨਿਹੰਗ ਸਿੰਘ ਦਾ ਦਿਨ ਦਿਹਾੜੇ ਕਤਲ ਤੋਂ ਪਤਾ ਚੱਲ ਜਾਂਦਾ ਹੈ ਕਿ ਸਥਿਤੀ ਕਿੰਨੀ ਕੁ ਗੰਭੀਰ ਹੋ ਚੁੱਕੀ ਹੈ।



ਜਦੋਂ ਵੀ ਕਿਸੇ ਥਾਂ ਕੋਈ ਧਾਰਮਿਕ ਮੇਲਾ ਲੱਗਦਾ ਹੈ ਤਾਂ ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਟ੍ਰੈੱਕਟਰ ਟਰਾਲੀਆਂ ਅਤੇ ਮੋਟਰਸਾਇਕਲ ਲੈ ਕੇ ਮੇਲੇ ਵਿੱਚ ਪਹੁੰਚਦੇ ਹਨ। ਕੁਝ ਨੌਜਵਾਨਾਂ ਨੇ ਆਪਣੇ ਟ੍ਰੈੱਕਟਰਾਂ 'ਤੇ ਇੱਕ ਲੱਖ ਤੋਂ ਲੈ ਕੇ ਚਾਰ ਲੱਖ ਤੱਕ ਦੇ ਡੀ ਜੇ ਲਗਾਏ ਹੁੰਦੇ ਹਨ। ਇਸ ਤੋਂ ਇਲਾਵਾ ਟ੍ਰੈੱਕਟਰਾਂ ਨੂੰ ਕਈ ਤਰੀਕਿਆਂ ਨਾਲ ਸ਼ਿੰਗਾਰਿਆ ਹੁੰਦਾ ਹੈ। ਇਸ ਤੋਂ ਇਲਾਵਾ ਅਨੇਕਾਂ ਪੰਜਾਬੀਆਂ ਵੱਲੋਂ ਟਰਾਲੀਆਂ ਨੂੰ ਮੋਡੀਫਾਈ ਕਰਕੇ ਆਧੁਨਿਕ ਰੂਪ ਦਿੱਤਾ ਹੁੰਦਾ ਹੈ, ਕਈ ਟਰਾਲੀਆਂ ਵਿੱਚ ਏ ਸੀ ਆਦਿ ਵੀ ਲਗਾਏ ਹੁੰਦੇ ਹਨ। ਵੱਖ ਵੱਖ ਮੇਲਿਆਂ ਨੂੰ ਜਾਂਦੇ ਨੌਜਵਾਨ ਅਕਸਰ ਆਪਣੇ ਟ੍ਰੈੱਕਟਰ ਟਰਾਲੀਆਂ ਦੀਆਂ ਰੇਸਾਂ ਲਗਾਉਂਦੇ ਹਨ। ਸੜਕਾਂ 'ਤੇ ਟ੍ਰੈੱਕਟਰਾਂ ਦੇ ਕਰਤਬ ਦਿਖਾਉਂਦੇ ਹਨ। ਟ੍ਰੈੱਕਟਰਾਂ ਦੇ ਅਗਲੇ ਟਾਇਰ ਚੁੱਕ ਕੇ ਇਹ ਨੌਜਵਾਨ ਰੇਸਾਂ ਲਗਾਉਂਦੇ ਹਨ। ਇਸ ਤੋਂ ਇਲਾਵਾ ਭੀੜ ਭੜੱਕੇ ਵਾਲੀਆਂ ਥਾਂਵਾਂ 'ਤੇ ਟ੍ਰੈੱਕਟਰ ਟਰਾਲੀਆਂ ਨੂੰ ਖੜ੍ਹਾ ਕਰ ਦਿੰਦੇ ਹਨ, ਜਿਸ ਕਾਰਨ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਪਰ ਇਹਨਾਂ ਨੌਜਵਾਨਾਂ ਨੂੰ ਕਿਸੇ ਕਿਸਮ ਦੀ ਕੋਈ ਪਰਵਾਹ ਨਹੀਂ ਹੁੰਦੀ। ਜੇ ਪੁਲਿਸ ਇਹਨਾਂ ਨੌਜਵਾਨਾਂ ਵਿਰੁੱਧ ਕਾਰਵਾਈ ਕਰਦੀ ਹੈ ਤਾਂ ਮਾਮਲਾ ਧਰਮ ਨਾਲ ਜੋੜ ਦਿੱਤਾ ਜਾਂਦਾ ਹੈ। ਉਂਝ ਵੀ ਪੁਲਿਸ ਦੀ ਹਰ ਭੂਮਿਕਾ 'ਤੇ ਅਕਸਰ ਸਵਾਲ ਹੀ ਉੱਠਦੇ ਆਏ ਹਨ।

ਮੇਲਿਆਂ ਵਿੱਚ ਮੋਟਰਸਾਇਕਲਾਂ ਉੱਪਰ ਪਹੁੰਚਦੇ ਨੌਜਵਾਨਾਂ ਨੇ ਆਪਣੇ ਮੋਟਰਸਾਇਕਲਾਂ ਉੱਪਰ ਕਈ ਕਈ ਹਾਰਨ ਲਗਾਏ ਹੁੰਦੇ ਹਨ, ਜਿਨ੍ਹਾਂ ਨੂੰ ਉਹ ਬਹੁਤ ਉੱਚੀ ਆਵਾਜ਼ ਵਿੱਚ ਚਲਾਉਂਦੇ ਹਨ, ਜਿਸ ਕਾਰਨ ਅਕਸਰ ਆਮ ਲੋਕ ਡਰ ਜਾਂਦੇ ਹਨ। ਕਈ ਨੌਜਵਾਨਾਂ ਨੇ ਤਾਂ ਬੱਸਾਂ ਤੇ ਟਰੱਕਾਂ ਵਾਲੇ ਪ੍ਰੈੱਸ਼ਰ ਹਾਰਨ ਆਪਣੇ ਦੋ ਪਹੀਆ ਵਾਹਨਾਂ 'ਤੇ ਲਗਾਏ ਹੁੰਦੇ ਹਨ। ਜਿਨ੍ਹਾਂ ਨੂੰ ਅਕਸਰ ਇਹਨਾਂ ਨੌਜਵਾਨਾਂ ਵੱਲੋਂ ਲਗਾਤਾਰ ਵਜਾਇਆ ਜਾਂਦਾ ਹੈ।



ਦੂਜੇ ਪਾਸੇ ਅੱਜ-ਕੱਲ੍ਹ ਧਰਨੇ ਲਗਾਉਣੇ ਅਤੇ ਆਵਾਜਾਈ ਠੱਪ ਕਰਨਾ ਪੰਜਾਬ ਵਿੱਚ ਰਿਵਾਜ ਬਣ ਗਿਆ ਹੈ। ਕਈ ਵਾਰ ਤਾਂ ਨਿੱਕੀ ਜਿਹੀ ਗੱਲ 'ਤੇ ਹੀ ਕਿਸੇ ਨਾ ਕਿਸੇ ਜਥੇਬੰਦੀ ਵੱਲੋਂ ਆਵਾਜਾਈ ਠੱਪ ਕਰ ਦਿੱਤੀ ਜਾਂਦੀ ਹੈ। ਪੰਜਾਬ ਦੇ ਵੱਡੀ ਗਿਣਤੀ ਲੋਕ ਕਹਿੰਦੇ ਹਨ ਕਿ ਵੱਖ- ਵੱਖ ਮੁਲਾਜਮ ਜਥੇਬੰਦੀਆਂ, ਰੋਡਵੇਜ਼ ਦੇ ਠੇਕਾ ਕਾਮਿਆਂ ਦੀ ਜਥੇਬੰਦੀ, ਬਿਜਲੀ ਮੁਲਾਜਮਾਂ ਦੀਆਂ ਜਥੇਬੰਦੀਆਂ, ਟਰੇਡ ਯੂਨੀਅਨਾਂ, ਕਿਸਾਨ ਮਜ਼ਦੂਰ ਜਥੇਬੰਦੀਆਂ ਧਰਨੇ ਲਗਾਉਣ ਅਤੇ ਆਵਾਜਾਈ ਠੱਪ ਕਰਨ ਲਈ ਹਮੇਸ਼ਾ ਤਿਆਰ ਰਹਿੰਦੀਆਂ ਹਨ। ਇਸੇ ਕਾਰਨ ਪੰਜਾਬ ਦੇ ਵੱਡੀ ਗਿਣਤੀ ਲੋਕ ਹੁਣ ਇਹਨਾਂ ਕਿਸਾਨ ਮਜ਼ਦੂਰ ਜਥੇਬੰਦੀਆਂ ਤੋਂ ਦੂਰ ਹੋ ਗਏ ਹਨ। ਕਈ ਵਾਰ ਘਟਨਾ ਜਾਂ ਵਾਰਦਾਤ ਭਾਰਤ ਦੇ ਕਿਸੇ ਹੋਰ ਸੂਬੇ ਵਿੱਚ ਵਾਪਰੀ ਹੁੰਦੀ ਹੈ ਪਰ ਉਸ ਸਬੰਧੀ ਆਵਾਜਾਈ ਨੂੰ ਠੱਪ ਪੰਜਾਬ ਵਿੱਚ ਕਰ ਦਿੱਤਾ ਜਾਂਦਾ ਹੈ। ਪੰਜਾਬ ਦੇ ਦੋਆਬਾ ਇਲਾਕੇ ਵਿੱਚ ਅਜਿਹਾ ਕਈ ਵਾਰ ਵਾਪਰਿਆ ਹੈ। ਆਮ ਪੰਜਾਬੀਆਂ ਨੂੰ ਅਜਿਹੇ ਸਮੇਂ ਸਮਝ ਨਹੀਂ ਆਉਂਦੀ ਕਿ ਜਿਹੜੀ ਘਟਨਾ ਜਾਂ ਵਾਰਦਾਤ ਪੰਜਾਬ ਤੋਂ ਕਾਫ਼ੀ ਦੂਰ ਕਿਸੇ ਹੋਰ ਸੂਬੇ ਵਿੱਚ ਵਾਪਰੀ ਹੈ, ਉਸ ਸਬੰਧੀ ਪੰਜਾਬ ਵਿੱਚ ਆਵਾਜਾਈ ਕਿਉਂ ਠੱਪ ਕੀਤੀ ਜਾ ਰਹੀ ਹੈ ?

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਆਵਾਜਾਈ ਠੱਪ ਕਰਨ ਵਾਲਿਆਂ ਵਿੱਚ ਕੁਝ ਸ਼ਰਾਰਤੀ ਅਨਸਰ ਵੀ ਹੁੰਦੇ ਹਨ, ਜੋ ਕਿ ਰਾਹਗੀਰਾਂ ਨੂੰ ਗਲਤ ਬੋਲਦੇ ਹਨ, ਜਿਸ ਕਾਰਨ ਧਰਨਾਕਾਰੀਆਂ ਅਤੇ ਆਮ ਰਾਹਗੀਰਾਂ ਵਿਚਾਲੇ ਅਕਸਰ ਬਹਿਸ ਅਤੇ ਲੜਾਈ ਝਗੜਾ ਹੋ ਜਾਂਦਾ ਹੈ। ਕਈ ਵਾਰ ਤਾਂ ਗਲੀ ਵਿੱਚ ਖੇਡਦੇ ਬੱਚਿਆਂ ਦੀ ਲੜਾਈ ਨੂੰ ਆਧਾਰ ਬਣਾ ਕੇ ਕੁਝ ਲੋਕਾਂ ਵੱਲੋਂ ਮੁੱਖ ਸੜਕਾਂ 'ਤੇ ਆਵਾਜਾਈ ਠੱਪ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਆਮ ਲੋਕ ਬਹੁਤ ਖੱਜਲ ਖੁਆਰ ਹੁੰਦੇ ਹਨ। ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੇ ਠੇਕਾ ਕਰਮਚਾਰੀ ਸਰਕਾਰੀ ਬੱਸਾਂ ਦੀ ਆਵਾਜਾਈ ਬਹੁਤ ਵਾਰ ਠੱਪ ਕਰ ਚੁੱਕੇ ਹਨ। ਇਸ ਨਾਲ ਸਰਕਾਰ ਨੂੰ ਕੁਝ ਫਰਕ ਨਹੀਂ ਪੈਂਦਾ ਪਰ ਬੱਸਾਂ ਵਿੱਚ ਸਫ਼ਰ ਕਰਨ ਵਾਲੇ ਆਮ ਲੋਕ ਪ੍ਰੇਸ਼ਾਨ ਹੁੰਦੇ ਹਨ। ਦੂਜੇ ਪਾਸੇ ਸਰਕਾਰੀ ਬੱਸਾਂ ਦੀ ਆਵਾਜਾਈ ਬੰਦ ਹੋਣ ਕਾਰਨ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਮੋਟੀ ਕਮਾਈ ਹੁੰਦੀ ਹੈ ਕਿਉਂਕਿ ਸਰਕਾਰੀ ਬੱਸਾਂ ਨਾ ਹੋਣ ਕਾਰਨ ਲੋਕ ਪ੍ਰਾਈਵੇਟ ਬੱਸਾਂ ਵਿੱਚ ਸਫ਼ਰ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸੇ ਲਈ ਵੱਡੀ ਗਿਣਤੀ ਪੰਜਾਬੀ ਹੁਣ ਦੋਸ਼ ਲਗਾ ਰਹੇ ਹਨ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੇ ਠੇਕਾ ਕਾਮੇ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਨਿੱਜੀ ਲਾਭ ਪਹੁੰਚਾਉਣ ਲਈ ਅਕਸਰ ਆਪਣੀਆਂ ਮੰਗਾਂ ਦਾ ਬਹਾਨਾ ਲਾ ਕੇ ਸਰਕਾਰੀ ਬੱਸਾਂ ਦੀ ਆਵਾਜਾਈ ਠੱਪ ਕਰ ਦਿੰਦੇ ਹਨ ਅਤੇ ਧਰਨੇ 'ਤੇ ਬੈਠ ਜਾਂਦੇ ਹਨ।

ਪੰਜਾਬ ਦੇ ਵੱਡੀ ਗਿਣਤੀ ਲੋਕਾਂ ਵੱਲੋਂ ਮੇਲਿਆਂ ਵਿੱਚ ਜਾਣ ਵਾਲੇ ਪੰਜਾਬੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਧਾਰਮਿਕ ਮੇਲਿਆ ਦੀ ਰਵਾਇਤ ਕਾਇਮ ਰੱਖੀ ਜਾਵੇ ਅਤੇ ਖਾਸ ਕਰਕੇ ਸ਼ਹੀਦੀ ਜੋੜ ਮੇਲਿਆਂ ਦੀ ਮਰਿਆਦਾ ਅਤੇ ਸੋਗਮਈ ਵਾਤਾਵਰਣ ਨੂੰ ਕਾਇਮ ਰੱਖਿਆ ਜਾਵੇ। ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਸਰਹਿੰਦ ਦੇ ਇਲਾਕੇ ਵਿੱਚ ਵੱਡੀ ਗਿਣਤੀ ਲੋਕ ਅਜਿਹੇ ਹਨ, ਜੋ ਕਿ ਅਜੇ ਵੀ ਸਭਾ ਭਾਵ ਸ਼ਹੀਦੀ ਜੋੜ ਮੇਲਿਆਂ ਦੇ ਦਿਨਾਂ ਦੌਰਾਨ ਜ਼ਮੀਨ 'ਤੇ ਬੈਠ ਕੇ ਜਾਂ ਰਾਤ ਸਮੇਂ ਬਿਸਤਰਿਆਂ ਅਤੇ ਮੰਜਿਆਂ ਦੀ ਥਾਂ ਜ਼ਮੀਨ 'ਤੇ ਪੈ ਕੇ ਅਤੇ ਇਹਨਾਂ ਦਿਨਾਂ ਦੌਰਾਨ ਕੋਈ ਖੁਸ਼ੀ ਦਾ ਸਮਾਗਮ ਨਾ ਕਰਕੇ ਸੋਗ ਮਨਾਉਂਦੇ ਹਨ ਪਰ ਕੁਝ ਨੌਜਵਾਨ ਉੱਚੀ ਆਵਾਜ਼ ਵਿੱਚ ਸਪੀਕਰ ਚਲਾ ਕੇ ਪਤਾ ਨਹੀਂ ਕਿਹੜਾ ਸੋਗ ਮਨਾ ਰਹੇ ਹੁੰਦੇ ਹਨ। ਪੰਜਾਬੀਆਂ ਨੇ ਵੱਖ- ਵੱਖ ਮੁਲਾਜਮ ਜਥੇਬੰਦੀਆਂ, ਰੋਡਵੇਜ਼ ਕਾਮਿਆਂ, ਬਿਜਲੀ ਮੁਲਾਜਮਾਂ, ਕਿਸਾਨ-ਮਜ਼ਦੂਰ ਜਥੇਬਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਵਾਜਾਈ ਠੱਪ ਕਰਨ ਤੋਂ ਗੁਰੇਜ ਕਰਨ ਅਤੇ ਆਪਣੀਆਂ ਜਾਇਜ਼ ਮੰਗਾਂ ਲਈ ਧਰਨਾ ਸੜਕਾਂ ਕਿਨਾਰੇ ਬੈਠ ਕੇ ਇਸ ਤਰੀਕੇ ਨਾਲ ਲਗਾਉਣ ਕਿ ਆਵਾਜਾਈ ਵਿੱਚ ਕੋਈ ਵਿਘਨ ਨਾ ਪਵੇ ਅਤੇ ਆਮ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।





# ਖਾੜੀ ਦੇਸ਼ਾਂ ਵੱਲ ਹੁੰਦੇ ਪ੍ਰਵਾਸ ਨੂੰ ਪਈ ਠੱਲ੍ਹ !

## ਅਮਰੀਕਾ-ਇਰਾਨ ਜੰਗ ਦਾ ਪੰਜਾਬੀਆਂ ਦੇ ਪ੍ਰਵਾਸ 'ਤੇ ਵੀ ਪਿਆ ਅਸਰ

## ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਖਾੜੀ ਦੇਸ਼ਾਂ 'ਚੋਂ ਪਰਤੇ ਭਾਰਤੀ




**ਜਗਮੋਹਨ ਸਿੰਘ ਲੱਕੀ**

**ਜੰਗ ਇੱਕ ਕੁਸੈਲੀ ਹਕੀਕਤ ਹੁੰਦੀ ਹੈ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ ਕਿਉਂਕਿ ਜੰਗ ਤਾਂ ਖੁਦ ਇੱਕ ਮਸਲਾ ਹੁੰਦੀ ਹੈ। ਅੱਜ ਦੇ ਲੋਕਤੰਤਰੀ ਯੁੱਗ ਵਿੱਚ ਵੱਖ- ਵੱਖ ਮੁਲਕਾਂ ਵੱਲੋਂ ਆਪਸੀ ਵਿਵਾਦ 'ਦੁਵੱਲੀ ਗੱਲਬਾਤ' ਰਾਹੀਂ ਸੁਲਝਾਏ ਜਾਣ ਦੀ ਥਾਂ ਫ਼ੌਜੀ ਹਮਲਿਆਂ ਨਾਲ ਇੱਕ -ਦੂਜੇ ਦੇਸ਼ਾਂ 'ਤੇ ਕਬਜ਼ੇ ਕਰਨ ਦਾ ਸ਼ੁਰੂ ਹੋਇਆ ਰੁਝਾਨ ਮੰਦਭਾਗਾ ਹੈ, ਜਿਸ ਨੂੰ ਜਿੰਨੀ ਜਲਦੀ ਠੱਲ੍ਹ ਪਾਏ ਜਾਵੇ, ਓਨਾ ਚੰਗਾ ਹੈ।**



ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂ.ਕੇ., ਨਿਊਜ਼ੀਲੈਂਡ ਅਤੇ ਹੋਰ ਦੇਸ਼ਾਂ ਵੱਲੋਂ ਆਪਣੇ ਵੀਜ਼ਾ ਨਿਯਮਾਂ ਨੂੰ ਸਖ਼ਤ ਕਰਨ ਅਤੇ ਅਮਰੀਕਾ 'ਚ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਹਨਾਂ ਵੱਲੋਂ 'ਡੰਕੀ' ਰੂਟ ਰਾਹੀਂ ਭਾਰਤ ਵਰਗੇ ਦੇਸ਼ਾਂ ਤੋਂ ਹੁੰਦੇ ਅਮਰੀਕਾ ਵੱਲ ਹੁੰਦੇ ਗ਼ੈਰ ਕਾਨੂੰਨੀ ਪ੍ਰਵਾਸ ਦੇ ਕਾਫ਼ੀ ਹੱਦ ਤੱਕ ਬੰਦ ਹੋਣ ਤੋਂ ਬਾਅਦ 'ਖਾੜੀ ਦੇਸ਼' ਪੰਜਾਬੀਆਂ ਦੀ ਪਹਿਲੀ ਪਸੰਦ ਬਣ ਗਏ ਸਨ। ਪਿਛਲੇ ਕੁਝ ਸਾਲਾਂ ਤੋਂ ਵੱਡੀ ਗਿਣਤੀ ਪੰਜਾਬੀ ਅਮਰੀਕਾ ਅਤੇ ਕੈਨੇਡਾ ਜਾਣ ਦੀ ਥਾਂ ਦੁਬਈ, ਯੂ.ਏ.ਈ., ਸਾਊਦੀ ਅਰਬ, ਕਤਰ, ਕੁਵੈਤ, ਬਹਿਰੀਨ, ਜਾਰਡਨ, ਆਬੂ ਧਾਬੀ, ਸ਼ਾਰਜਾਹ, ਓਮਾਨ ਅਤੇ ਹੋਰ ਖਾੜੀ ਦੇਸ਼ਾਂ ਵੱਲ ਜਾ ਰਹੇ ਸਨ ਪਰ ਅਮਰੀਕਾ ਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਸਾਂਝਾ ਫ਼ੌਜੀ ਹਮਲਾ ਕਰਨ ਤੋਂ ਬਾਅਦ ਭਾਰਤ ਸਮੇਤ ਹੋਰਨਾਂ ਦੇਸ਼ਾਂ ਤੋਂ ਖਾੜੀ ਦੇਸ਼ਾਂ ਵੱਲ ਹੁੰਦੇ ਪ੍ਰਵਾਸ ਨੂੰ ਇਕਦਮ ਠੱਲ੍ਹ ਪੈ ਗਈ ਹੈ। ਹਾਲਾਤ ਤਾਂ ਇਹ ਹੋ ਗਏ ਹਨ ਕਿ ਅਮਰੀਕਾ-ਇਰਾਨ ਜੰਗ ਕਾਰਨ ਪਹਿਲਾਂ ਤੋਂ ਖਾੜੀ ਦੇਸ਼ਾਂ 'ਚ ਰਹਿ ਰਹੇ ਭਾਰਤੀਆਂ ਨੂੰ ਵਾਪਸ ਆਪਣੇ 'ਵਤਨ' ਪਰਤਣ ਲਈ ਮਜਬੂਰ ਹੋਣਾ ਪੈ ਗਿਆ ਹੈ। ਜੰਗ ਦੇ ਮਾਹੌਲ ਵਿੱਚ ਵਤਨ ਵਾਪਸ ਪਰਤੇ ਭਾਰਤੀ ਅਨੇਕਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਭਾਰਤ ਵਿਚਲਾ ਮਾਹੌਲ ਉਹਨਾਂ ਨੂੰ ਰਾਸ ਨਹੀਂ ਆ ਰਿਹਾ ਅਤੇ ਜੰਗ ਚਲਦੀ ਹੋਣ ਕਾਰਨ ਉਹ ਵਾਪਸ ਜਾਣ ਜੋਗੇ ਨਹੀਂ ਰਹੇ। ਕਈ ਭਾਰਤੀ ਤਾਂ ਅਜਿਹੇ ਵੀ ਹਨ, ਜੋ ਕਿ ਭਾਰਤ ਵਿੱਚ ਆਪਣੇ ਘਰ, ਖੇਤ ਅਤੇ ਜਾਇਦਾਦਾਂ ਵੇਚ ਕੇ ਖਾੜੀ ਦੇਸ਼ਾਂ ਵੱਲ ਗਏ ਸਨ ਪਰ ਉਹਨਾਂ ਨੂੰ ਵਾਪਸ ਭਾਰਤ ਆ ਕੇ ਰਿਹਾਇਸ਼ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਕਈ ਭਾਰਤੀ ਤਾਂ ਆਪਣੇ ਰਿਸ਼ਤੇਦਾਰਾਂ ਦੇ ਘਰ ਰਹਿਣ ਲਈ ਮਜ਼ਬੂਰ ਹੋ ਗਏ ਹਨ।

ਜ਼ਿਕਰਯੋਗ ਹੈ ਕਿ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਸਮੇਤ ਹੋਰ ਪੱਛਮੀ ਮੁਲਕਾਂ ਵੱਲ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦਾ ਪ੍ਰਵਾਸ ਸ਼ੁਰੂ ਹੋਣ ਤੋਂ ਪਹਿਲਾਂ ਵੱਡੀ ਗਿਣਤੀ ਪੰਜਾਬੀ 'ਖਾੜੀ ਦੇਸ਼ਾਂ' ਵਿੱਚ ਹੀ ਜਾਂਦੇ ਸਨ ਅਤੇ ਉਥੇ ਦੱਸ -ਬਾਰਾਂ ਜਾਂ ਪੰਦਰਾਂ ਸਾਲ ਸਖ਼ਤ ਮਿਹਨਤ ਕਰਨ ਤੋਂ ਬਾਅਦ ਉਹ ਵਾਪਸ ਪੰਜਾਬ ਆ ਜਾਂਦੇ ਸਨ। ਅਜਿਹੇ ਲੋਕਾਂ ਨੂੰ 'ਦੁਬਈ' ਤੋਂ ਆਏ ਲੋਕ ਜਾਂ 'ਇਰਾਕ' ਤੋਂ ਪਰਤੇ ਲੋਕ ਕਿਹਾ ਜਾਂਦਾ ਸੀ, ਕਿਉਂਕਿ ਉਸ ਸਮੇਂ ਦੁਬਈ, ਯੂ.ਏ.ਟੀ. ਅਤੇ ਇਰਾਕ ਵਿੱਚ ਵੱਡੀ ਗਿਣਤੀ ਪੰਜਾਬੀ ਜਾਂਦੇ ਸਨ। ਕਈ ਸਾਲ ਪਹਿਲਾਂ ਇਰਾਕ ਨੂੰ ਅਮਰੀਕਾ ਵੱਲੋਂ ਤਬਾਹ ਕਰਨ ਤੋਂ ਬਾਅਦ ਇਰਾਕ ਵਿੱਚ ਜਾਣ ਦਾ ਰੁਝਾਨ ਪੰਜਾਬੀਆਂ ਵਿੱਚ ਘੱਟ ਗਿਆ ਅਤੇ ਉਹ ਹੋਰਨਾਂ ਖਾੜੀ ਦੇਸ਼ਾਂ ਅਤੇ ਪੱਛਮੀ ਮੁਲਕਾਂ ਵਿੱਚ ਜਾਣ ਲੱਗ ਪਏ। ਪਿਛਲੇ ਕੁਝ ਸਾਲਾਂ ਦੌਰਾਨ ਹਾਲਾਤ ਅਜਿਹੇ ਹੋ ਗਏ ਕਿ ਹਰ ਦਿਨ ਪੰਜਾਬੀਆਂ ਦੇ ਜਹਾਜ਼ ਭਰ ਕੇ ਕੈਨੇਡਾ ਪਹੁੰਚਣ ਲੱਗੇ, ਜਿਸ ਕਾਰਨ ਕੈਨੇਡਾ ਵਿੱਚ ਪੰਜਾਬੀਆਂ ਦੀ ਭਰਮਾਰ ਹੋ ਗਈ, ਜਿਸ ਨੂੰ ਉਥੋਂ ਦੇ ਮੂਲ ਕੈਨੇਡੀਅਨ ਵਸਨੀਕ ਚੰਗਾ ਨਹੀਂ ਸਮਝ ਰਹੇ। ਇਸ ਤੋਂ ਇਲਾਵਾ ਕੈਨੇਡਾ ਵਿਚ ਬੇਰੁਜ਼ਗਾਰੀ,ਰੁਜ਼ਗਾਰ ਅਤੇ ਰਿਹਾਇਸ਼ ਦੀ ਘਾਟ ਅਤੇ ਮਹਿੰਗਾਈ ਵਰਗੀਆਂ ਸਮੱਸਿਆਵਾਂ ਵੱਡੀ ਪੱਧਰ 'ਤੇ ਪੈਦਾ ਹੋ ਗਈਆਂ ਜਿਸ ਕਾਰਨ ਕੈਨੇਡਾ ਦੀ ਸਰਕਾਰ ਨੇ ਪਰਵਾਸੀ ਲੋਕਾਂ ਦੀ ਆਮਦ ਰੋਕਣ ਲਈ ਸਖ਼ਤ ਵੀਜ਼ਾ ਨਿਯਮ ਲਾਗੂ ਕਰ ਦਿੱਤੇ ਜਿਸ ਕਾਰਨ ਕੈਨੇਡਾ ਵੱਲ ਹੁੰਦੇ ਪਰਵਾਸ ਨੂੰ ਠੱਲ੍ਹ ਪੈ ਗਈ। ਦੂਜੇ ਪਾਸੇ ਟਰੰਪ ਨੇ ਅਮਰੀਕਾ ਦਾ ਰਾਸ਼ਟਰਪਤੀ ਬਣਦਿਆਂ ਹੀ ਅਮਰੀਕਾ ਦੇ ਬੂਹੇ ਪਰਵਾਸੀਆਂ ਲਈ ਬੰਦ ਕਰ ਦਿੱਤੇ ਅਤੇ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਜਹਾਜ਼ ਭਰ ਕੇ ਉਹਨਾਂ ਦੇ ਮੁਲਕਾਂ ਵਿੱਚ ਵਾਪਸ ਭੇਜ ਦਿੱਤਾ ਜਿਸ ਕਾਰਨ ਅਮਰੀਕਾ ਵੱਲ ਹੁੰਦੇ ਪਰਵਾਸ ਨੂੰ ਵੀ ਠੱਲ੍ਹ ਪੈ ਗਈ। ਇਹੋ ਜਿਹਾ ਹਾਲ ਆਸਟ੍ਰੇਲੀਆ ਅਤੇ ਹੋਰ ਮੁਲਕਾਂ ਵਿੱਚ ਹੋਇਆ, ਜਿਥੋਂ ਦੀਆਂ ਸਰਕਾਰਾਂ ਨੇ ਅੰਤਰਰਾਸ਼ਟਰੀ ਪ੍ਰਵਾਸ ਨੂੰ ਰੋਕਣ ਲਈ ਅਨੇਕਾਂ ਨਵੇਂ ਕਾਨੂੰਨ ਲਾਗੂ ਕਰ ਦਿੱਤੇ ਜਿਸ ਕਾਰਨ ਪੰਜਾਬੀਆਂ ਦਾ ਰੁਝਾਨ ਮੁੜ 'ਖਾੜੀ ਦੇਸ਼ਾਂ' ਵੱਲ ਹੋ ਗਿਆ ਅਤੇ ਪਿਛਲੇ ਚਾਰ ਪੰਜ ਸਾਲਾਂ ਦੌਰਾਨ ਵੱਡੀ ਗਿਣਤੀ ਪੰਜਾਬੀ ਖਾੜੀ ਦੇਸ਼ਾਂ ਵੱਲ ਪ੍ਰਵਾਸ ਕਰ ਗਏ। ਇਹ ਪੰਜਾਬੀ ਖਾੜੀ ਦੇਸ਼ਾਂ ਵਿੱਚ ਹੱਸਦੇ- ਵੱਸਦੇ ਰਹਿ ਰਹੇ ਸਨ ਕਿ ਕਿਸੇ ਚੰਦਰੇ ਦੀ ਇਹਨਾਂ ਨੂੰ ਨਜ਼ਰ ਲੱਗ ਗਈ ਅਤੇ ਮੰਦੇ ਭਾਗੀਂ ਅਮਰੀਕਾ ਤੇ ਇਰਾਨ ਵਿਚਾਲੇ ਜੰਗ ਸ਼ੁਰੂ ਹੋ ਗਈ, ਜਿਸ ਕਾਰਨ ਇਹਨਾਂ ਪੰਜਾਬੀਆਂ ਨੂੰ ਖਾੜੀ ਦੇਸ਼ਾਂ ਵਿਚਾਲੇ ਆਪਣੇ ਆਸ਼ੀਆਨੇ ਖਾਲੀ ਕਰਕੇ ਖਾਲੀ ਹੱਥ ਵਤਨ ਵਾਪਸ ਪਰਤਣਾ ਪਿਆ। ਇਸ ਸਮੇਂ ਖਾੜੀ ਦੇਸ਼ਾਂ ਤੋਂ ਵਤਨ ਪਰਤੇ ਭਾਰਤੀਆਂ ਸਾਹਮਣੇ ਅਜੀਬ ਸਥਿਤੀ ਬਣੀ ਹੋਈ ਹੈ। ਜਿਹੜੀ ਜਮ੍ਹਾਂ ਪੂੰਜੀ ਉਹ ਖਾੜੀ ਦੇਸ਼ਾਂ ਤੋਂ ਚੱਲਣ ਵੇਲੇ ਆਪਣੇ ਨਾਲ ਲਿਆਏ ਸਨ, ਉਹ ਦਿਨੋਂ ਦਿਨ ਸਮਾਪਤ ਹੁੰਦੀ ਜਾ ਰਹੀ ਹੈ ਅਤੇ ਭਾਰਤ ਵਿੱਚ ਉਹ ਇਸ ਸਮੇਂ ਕੋਈ ਕੰਮ ਧੰਦਾ ਸ਼ੁਰੂ ਕਰਨ ਅਤੇ ਆਮਦਨੀ ਦੇ ਸੋਮੇ ਪੈਦਾ ਕਰਨ ਦੇ ਸਮਰੱਥ ਨਹੀਂ। ਦੂਜੇ ਪਾਸੇ ਇਰਾਨ ਜੰਗ ਜਾਰੀ ਰਹਿਣ ਕਰਕੇ ਉਹ ਵਾਪਸ ਪਰਤਣ ਜੋਗੇ ਵੀ ਨਹੀਂ ਰਹੇ। ਉਹਨਾਂ ਨੂੰ ਇਹ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਜੇ ਰੂਸ ਤੇ ਯੂਕ੍ਰੇਨ ਵਾਂਗ ਅਮਰੀਕਾ ਤੇ ਇਰਾਨ ਜੰਗ ਲੰਬੀ ਚੱਲ ਪਈ ਤਾਂ ਆਪਣੇ ਚੰਗੇਰੇ ਭਵਿੱਖ ਦੀ ਬੁਣਤੀ ਬੁਣਦੇ ਇਹਨਾਂ ਭਾਰਤੀਆਂ ਦਾ ਵਰਤਮਾਨ ਹੀ ਹਨੇਰਮਈ ਹੋ ਗਿਆ ਹੈ।



ਇਰਾਨ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਵੱਖ- ਵੱਖ ਖਾੜੀ ਦੇਸ਼ਾਂ ਵਿੱਚ ਵਸੇ ਭਾਰਤੀਆਂ ਦੀ ਗਿਣਤੀ ਵੱਲ ਜੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿੱਚ ਭਾਰਤੀਆਂ ਦੀ ਆਬਾਦੀ ਸਭ ਤੋਂ ਵੱਧ ਹੈ, ਇਥੇ ਲਗਭਗ 3.55 ਮਿਲੀਅਨ ਭਾਰਤੀ ਰਹਿੰਦੇ ਹਨ। ਦੁਬਈ, ਆਬੂ ਧਾਬੀ ਅਤੇ ਸ਼ਾਰਜਾਹ ਵਿੱਚ ਭਾਰਤੀ ਭਾਈਚਾਰਾ ਵਪਾਰ, ਨਿਰਮਾਣ, ਸਿਹਤ ਸੰਭਾਲ ਅਤੇ ਆਈ.ਟੀ. ਖੇਤਰਾਂ ਵਿੱਚ ਸਰਗਰਮ ਹੈ।

ਇਸੇ ਤਰ੍ਹਾਂ ਲਗਭਗ 2.46 ਮਿਲੀਅਨ ਭਾਰਤੀ ਸਾਊਦੀ ਅਰਬ ਵਿੱਚ ਰਹਿੰਦੇ ਹਨ। ਇੱਥੇ ਭਾਰਤੀ ਤੇਲ, ਨਿਰਮਾਣ, ਸੁਰੱਖਿਆ ਅਤੇ ਸੇਵਾ ਖੇਤਰਾਂ ਵਿੱਚ ਮਹੱਤਵਪੂਰਨ ਤੌਰ 'ਤੇ ਸ਼ਾਮਲ ਹਨ। ਲਗਭਗ 9,90,000 ਭਾਰਤੀ ਕੁਵੈਤ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਬਲੂ-ਕਾਲਰ ਵਰਕਰ ਹਨ। ਪ੍ਰਵਾਸੀ ਕਾਮੇ ਕਿਸੇ ਵੀ ਖੇਤਰੀ ਟਕਰਾਅ ਦਾ ਸਭ ਤੋਂ ਪਹਿਲਾ ਪ੍ਰਭਾਵ ਪ੍ਰਵਾਸੀ ਵਰਕਰਾਂ ਉੱਤੇ ਹੀ ਪੈਂਦਾ ਹੈ। ਇਸੇ ਤਰ੍ਹਾਂ ਲਗਭਗ 8,35,000 ਭਾਰਤੀ ਕਤਰ ਵਿੱਚ ਰਹਿੰਦੇ ਹਨ। ਫੀਫਾ ਵਿਸ਼ਵ ਕੱਪ ਤੋਂ ਬਾਅਦ ਵੀ, ਭਾਰਤੀ ਕਾਮਾ ਵਰਗ ਉੱਥੇ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

ਖਾੜੀ ਦੇਸ਼ ਬਹਿਰੀਨ ਵਿੱਚ ਵੀ ਲਗਭਗ 3,23,000 ਭਾਰਤੀ ਰਹਿੰਦੇ ਹਨ। ਇਹ ਦੇਸ਼ ਆਕਾਰ ਵਿੱਚ ਛੋਟਾ ਹੈ, ਪਰ ਭਾਰਤੀ ਭਾਈਚਾਰੇ ਦਾ ਉੱਥੇ ਇੱਕ ਮਜ਼ਬੂਤ ਸਮਾਜਿਕ ਅਤੇ ਆਰਥਿਕ ਪ੍ਰਭਾਵ ਹੈ। ਲਗਭਗ 20,000 ਭਾਰਤੀ ਨਾਗਰਿਕ ਇਜ਼ਰਾਇਲ ਵਿੱਚ ਰਹਿੰਦੇ ਹਨ।

ਜੰਗ ਦੇ ਅੱਡਾ ਬਣੇ ਇਰਾਨ ਵਿੱਚ ਵੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਲਗਭਗ 10,320 ਭਾਰਤੀ ਰਹਿੰਦੇ ਸਨ। ਇਨ੍ਹਾਂ ਵਿੱਚ ਵਿਦਿਆਰਥੀ, ਕਾਰੋਬਾਰੀ ਅਤੇ ਧਾਰਮਿਕ ਯਾਤਰਾਵਾਂ ਵਿੱਚ ਸ਼ਾਮਲ ਲੋਕ ਸਨ। ਇਸੇ ਤਰ੍ਹਾਂ ਜਾਰਡਨ ਵਿੱਚ ਵੀ ਲਗਭਗ 16,897 ਭਾਰਤੀ ਨਾਗਰਿਕ ਰਹਿੰਦੇ ਹਨ। ਇੱਥੇ ਭਾਰਤੀ ਮੁੱਖ ਤੌਰ 'ਤੇ ਸਿੱਖਿਆ, ਸਿਹਤ ਅਤੇ ਉਸਾਰੀ ਖੇਤਰਾਂ ਵਿੱਚ ਕੰਮ ਕਰਦੇ ਹਨ। ਓਮਾਨ ਵਿੱਚ ਭਾਰਤੀ ਆਬਾਦੀ ਲਗਭਗ 6,80,000 ਹੈ। ਇਸ ਦੇਸ਼ ਨੂੰ ਭਾਰਤੀ ਪ੍ਰਵਾਸੀਆਂ ਲਈ ਸੁਰੱਖਿਅਤ ਮੰਨਿਆ ਜਾਂਦਾ ਹੈ, ਫਿਰ ਵੀ ਯੁੱਧ ਦਾ ਅਸਿੱਧਾ ਪ੍ਰਭਾਵ ਇੱਥੇ ਵੀ ਦਿਖਾਈ ਦੇ ਰਿਹਾ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਵੱਖ-ਵੱਖ ਖਾੜੀ ਦੇਸ਼ਾਂ ਵਿੱਚ ਭਾਰਤੀਆਂ ਦੀ ਗਿਣਤੀ ਦੇ ਉੱਪਰ ਦਿੱਤੇ ਗਏ ਵੇਰਵੇ ਇਰਾਨ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਦੇ ਹਨ ਅਤੇ ਜੰਗ ਸ਼ੁਰੂ ਹੋਣ ਤੋਂ ਬਾਅਦ ਵੱਖ- ਵੱਖ ਖਾੜੀ ਦੇਸ਼ਾਂ ਵਿੱਚ ਵਸੇ ਲੱਖਾਂ ਭਾਰਤੀਆਂ ਵਿਚੋਂ ਵੱਡੀ ਗਿਣਤੀ ਭਾਰਤੀ ਵਾਪਸ ਭਾਰਤ ਆ ਚੁੱਕੇ ਹਨ। ਇਸ ਤਰ੍ਹਾਂ ਅਮਰੀਕਾ-ਇਰਾਨ ਜੰਗ ਦਾ ਸੇਕ ਖਾੜੀ ਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਲੱਗ ਰਿਹਾ ਹੈ।

ਖਾੜੀ ਦੇਸ਼ਾਂ 'ਚੋਂ ਭਾਰਤ ਵਾਪਸ ਪਰਤੇ ਭਾਰਤੀ ਇਸ ਸਮੇਂ ਰੱਬ ਅੱਗੇ ਅਰਦਾਸ ਕਰ ਰਹੇ ਹਨ ਕਿ ਇਰਾਨ ਜੰਗ ਜਲਦੀ ਸਮਾਪਤ ਹੋਵੇ ਅਤੇ ਉਹ ਮੁੜ ਖਾੜੀ ਦੇਸ਼ਾਂ ਨੂੰ ਵਾਪਸ ਜਾ ਸਕਣ ਅਤੇ ਕੰਮ ਧੰਦੇ ਅਤੇ ਉਥੇ ਬਣੇ ਆਪਣੇ ਘਰ ਪਰਿਵਾਰ ਸੰਭਾਲ ਸਕਣ ਪਰ ਇਰਾਨ ਵੱਲੋਂ ਅਮਰੀਕਾ ਦਾ ਮੁਕਾਬਲਾ ਕਰਨ ਕਰਕੇ ਇਹ ਜੰਗ ਜਲਦੀ ਸਮਾਪਤ ਹੋਣ ਦੇ ਆਸਾਰ ਨਜ਼ਰ ਨਹੀਂ ਆ ਰਹੇ, ਜਿਸ ਕਾਰਨ ਇਹਨਾਂ ਭਾਰਤੀਆਂ ਦੇ ਚਿਹਰਿਆਂ 'ਤੇ ਚਿੰਤਾਵਾਂ ਦੀਆਂ ਲਕੀਰਾਂ ਉਭਰ ਆਈਆਂ ਹਨ। ਦੂਜੇ ਪਾਸੇ ਇਰਾਨ ਜੰਗ ਸ਼ੁਰੂ ਹੋਣ ਕਰਕੇ ਪੰਜਾਬ ਤੋਂ ਖਾੜੀ ਦੇਸ਼ਾਂ ਵੱਲ ਹੁੰਦੇ ਪਰਵਾਸ ਨੂੰ ਵੱਡੀ ਠੱਲ੍ਹ ਪੈ ਗਈ ਹੈ ਅਤੇ ਜਿਹੜੇ ਨੌਜਵਾਨ ਖਾੜੀ ਦੇਸ਼ਾਂ ਵੱਲ ਪਰਵਾਸ ਕਰਨ ਦੀ ਤਿਆਰੀ ਕਰੀ ਬੈਠੇ ਸਨ, ਉਹ ਵੀ ਹੁਣ ਖਾੜੀ ਦੇਸ਼ਾਂ ਦੀ ਥਾਂ ਪੱਛਮੀ ਦੇਸ਼ਾਂ ਵੱਲ ਪਰਵਾਸ ਕਰਨ ਲਈ ਹੀਲਾ ਵਸੀਲਾ ਕਰਨ ਲੱਗ ਪਏ ਹਨ।





## ਸ਼੍ਰੋਮਣੀ ਕਮੇਟੀ ਉੱਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ

# ਸਾਬਕਾ ਜਥੇਦਾਰ ਨੇ ਸੰਸਥਾ ਦੀ ਸ਼ਾਖ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕਿਉਂ ਕੀਤੀ ?

## ਕੀ ਹੈ ਇਸ ਮਾਮਲੇ ਦੀ ਅਸਲ ਸੱਚਾਈ ?

ਸਿੱਖ ਪੰਥ ਦੀ ਸਭ ਤੋਂ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਰਹੇ ਗਿਆਨੀ ਰਘਬੀਰ ਸਿੰਘ ਵਿਚਕਾਰ ਚੱਲ ਰਿਹਾ ਵਿਵਾਦ ਇਸ ਸਮੇਂ ਪੰਥਕ ਗਲਿਆਰਿਆਂ ਵਿੱਚ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਮਾਮਲਾ ਕੇਵਲ ਇੱਕ ਸੇਵਾਮੁਕਤੀ ਤੱਕ ਸੀਮਤ ਨਹੀਂ, ਸਗੋਂ ਇਸਦੇ ਤਾਰ ਸੰਸਥਾ ਦੇ ਪ੍ਰਬੰਧਨ, ਵਿੱਤੀ ਪਾਰਦਰਸ਼ਤਾ ਅਤੇ ਸਿਆਸੀ ਦਖਲਅੰਦਾਜ਼ੀ ਨਾਲ ਜੁੜੇ ਹੋਏ ਹਨ।

ਗਿਆਨੀ ਰਘਬੀਰ ਸਿੰਘ ਨੇ ਆਪਣੀ ਸੇਵਾਮੁਕਤੀ ਤੋਂ ਬਾਅਦ ਅਤੇ ਉਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ 'ਤੇ ਗੰਭੀਰ ਸਵਾਲ ਚੁੱਕੇ ਹਨ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਸ਼ਹੀਦਾਂ ਦੀ ਜਥੇਬੰਦੀ ਮੰਨੀ ਜਾਣ ਵਾਲੀ ਇਸ ਸੰਸਥਾ 'ਤੇ ਇੱਕ ਖਾਸ ਪਰਿਵਾਰ ਦਾ ਕਬਜ਼ਾ ਹੋ ਚੁੱਕਾ ਹੈ।

ਸੰਸਥਾ ਦੇ ਉੱਚ ਅਹੁਦਿਆਂ 'ਤੇ ਕਾਬਜ਼ ਅਧਿਕਾਰੀਆਂ ਨੂੰ ਭ੍ਰਿਸ਼ਟ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਮਿਹਰਬਾਨੀ ਵਜੋਂ ਤਰੱਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਸਭ ਤੋਂ ਵੱਡਾ ਖੁਲਾਸਾ ਇਹ ਕੀਤਾ ਗਿਆ ਹੈ ਕਿ ਸਾਲ 2023 ਤੋਂ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਕਰਨ ਵਾਲੇ ਚੈਨਲ ਤੋਂ ਕਰੀਬ 7 ਤੋਂ 8 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਵਸੂਲ ਨਹੀਂ ਕੀਤੀ ਜਾ ਰਹੀ। ਜ਼ਮੀਨਾਂ ਦੀ ਖਰੀਦ-ਵੇਚ ਅਤੇ ਲੰਗਰ ਵਿੱਚ ਵਰਤੀ ਜਾਣ ਵਾਲੀ ਸਮੱਗਰੀ (ਸੁੱਕੀਆਂ ਰੋਟੀਆਂ ਸਮੇਤ) ਵਿੱਚ ਵੱਡੇ ਘਪਲਿਆਂ ਦੇ ਦੋਸ਼ ਲਗਾਏ ਗਏ ਹਨ।




**ਨੋਟ:** ਗਿਆਨੀ ਰਘਬੀਰ ਸਿੰਘ ਨੇ ਕਿਸੇ ਖਾਸ ਅਧਿਕਾਰੀ ਦਾ ਨਾਮ ਲੈਣ ਦੀ ਬਜਾਏ ਸੰਸਥਾ ਦੇ ਪ੍ਰਬੰਧਕੀ ਢਾਂਚੇ ਵਿੱਚ ਭ੍ਰਿਸ਼ਟਾਚਾਰ ਹੋਣ ਦੇ ਆਮ ਦੋਸ਼ ਲਗਾਏ ਹਨ।

ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਸੇਵਾਮੁਕਤ ਕਰਨ ਦਾ ਫੈਸਲਾ ਲਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਨੁਸਾਰ, ਗਿਆਨੀ ਰਘਬੀਰ ਸਿੰਘ ਨੂੰ 72 ਘੰਟਿਆਂ ਦਾ ਨੋਟਿਸ ਦਿੱਤਾ ਗਿਆ ਸੀ ਤਾਂ ਜੋ ਉਹ ਆਪਣੇ ਦੋਸ਼ਾਂ ਦੇ ਸਬੂਤ ਪੇਸ਼ ਕਰ ਸਕਣ। ਉਹ ਨਿਰਧਾਰਿਤ ਸਮੇਂ ਵਿੱਚ ਕੋਈ ਵੀ ਠੋਸ ਸਬੂਤ ਪੇਸ਼ ਨਹੀਂ ਕਰ ਸਕੇ। ਪ੍ਰਬੰਧਕਾਂ ਦਾ ਮੰਨਣਾ ਹੈ ਕਿ ਬਿਨਾਂ ਸਬੂਤਾਂ ਦੇ ਪ੍ਰੈੱਸ ਕਾਨਫਰੰਸ ਕਰਕੇ ਸੰਸਥਾ ਦੇ ਅਕਸ ਨੂੰ ਢਾਹ ਲਾਈ ਗਈ ਹੈ, ਜਿਸ ਨਾਲ ਮੁੱਖ ਗ੍ਰੰਥੀ ਦੇ ਅਹੁਦੇ ਦੀ ਮਾਣ-ਮਰਿਆਦਾ ਵੀ ਪ੍ਰਭਾਵਿਤ ਹੋਈ ਹੈ। ਪ੍ਰਧਾਨ ਧਾਮੀ ਨੇ ਇਹ ਵੀ ਦੋਸ਼ ਲਗਾਇਆ ਕਿ ਗਿਆਨੀ ਰਘਬੀਰ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਸਵੇਰ-ਸ਼ਾਮ ਦੀ ਸੇਵਾ ਵੀ ਪੂਰੀ ਤਰ੍ਹਾਂ ਨਹੀਂ ਨਿਭਾ ਰਹੇ ਸਨ।

ਗਿਆਨੀ ਰਘਬੀਰ ਸਿੰਘ ਨੇ ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਉਹ ਸਬੂਤਾਂ ਦਾ ਰਿਕਾਰਡ ਆਪਣੇ ਕੋਲ ਰੱਖਦੇ ਹਨ ਅਤੇ ਸਮਾਂ ਆਉਣ 'ਤੇ ਸੰਗਤ ਦੇ ਸਾਹਮਣੇ ਜ਼ਰੂਰ ਰੱਖਣਗੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਹ ਸਾਰੀ ਕਾਰਵਾਈ 2 ਦਸੰਬਰ, 2024 ਨੂੰ ਲਏ ਗਏ ਕੁਝ ਫੈਸਲਿਆਂ ਦਾ ਨਤੀਜਾ ਹੈ, ਜੋ ਕਿਸੇ ਖਾਸ ਪਰਿਵਾਰ ਨੂੰ ਰਾਸ ਨਹੀਂ ਆਏ ਸਨ। ਸ਼੍ਰੋਮਣੀ ਕਮੇਟੀ ਨੇ ਆਪਣੀ ਵਿੱਤੀ ਪਾਰਦਰਸ਼ਤਾ ਦਿਖਾਉਣ ਲਈ ਪਿਛਲੇ ਕੁਝ ਸਾਲਾਂ ਦੇ ਅੰਕੜੇ ਜਾਰੀ ਕੀਤੇ ਹਨ, ਜੋ ਉਨ੍ਹਾਂ ਦੇ ਵਿਕਾਸ ਕਾਰਜਾਂ ਨੂੰ ਦਰਸਾਉਂਦੇ ਹਨ:

ਗੁਰਦੁਆਰਾ ਬਜਟ 2020-21 ਤੋਂ 2025-26 ਤਕ 577 ਕਰੋੜ ਤੋਂ 1120 ਕਰੋੜ ਰੁਪਏ ਤੱਕ ਵਾਧਾ ਹੋਇਆ

ਗੁਰਦੁਆਰਾ ਐੱਫ.ਡੀ.ਆਰ. 2020-21 ਤੋਂ 2025-26 ਤਕ 600 ਕਰੋੜ ਰੁਪਏ ਦਾ ਵਾਧਾ ਹੋਇਆ।

ਸ਼੍ਰੋਮਣੀ ਕਮੇਟੀ ਐੱਫ.ਡੀ.ਆਰ. 2020-21 ਤੋਂ 2025-26 ਤਕ 273.60 ਕਰੋੜ ਰੁਪਏ ਦਾ ਵਾਧਾ ਹੋਇਆ।

ਧਰਮ ਪ੍ਰਚਾਰ ਕਮੇਟੀ ਐੱਫ.ਡੀ.ਆਰ. 2020-21 ਤੋਂ 2025-26 ਤਕ 121.45 ਕਰੋੜ ਰੁਪਏ ਦਾ ਵਾਧਾ ਹੋਇਆ।

ਜਾਇਦਾਦ ਖਰੀਦ 2020-21 ਤੋਂ 2025-26 ਤਕਕਰੀਬ 111 ਕਰੋੜ ਰੁਪਏ ਦੀ ਨਵੀਂ ਜਾਇਦਾਦ ਬਣੀ। (ਬਾਕੀ ਸਫ਼ਾ 27 'ਤੇ)

## ਇਸ ਮਾਮਲੇ ਦੀ ਕੌਣ ਜਾਂਚ ਕਰ ਸਕਦਾ ਹੈ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਵਿਧਾਨਕ ਸੰਸਥਾ ਹੈ ਜੋ 'ਸਿੱਖ ਗੁਰਦੁਆਰਾ ਐਕਟ, 1925' ਤਹਿਤ ਕੰਮ ਕਰਦੀ ਹੈ। ਇਸ ਲਈ, ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਂਚ ਦੀ ਪ੍ਰਕਿਰਿਆ ਆਮ ਪ੍ਰਾਈਵੇਟ ਕੰਪਨੀਆਂ ਨਾਲੋਂ ਵੱਖਰੀ ਹੁੰਦੀ ਹੈ। ਇਸ ਮਾਮਲੇ ਦੀ ਜਾਂਚ ਦੇ ਮੁੱਖ ਤੌਰ 'ਤੇ ਤਿੰਨ ਪੱਖ ਹੋ ਸਕਦੇ ਹਨ:

**ਧਾਰਮਿਕ ਅਤੇ ਸੰਸਥਾਗਤ ਪੱਧਰ**

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਜਾਂ ਜਨਰਲ ਹਾਊਸ ਖੁਦ ਇੱਕ ਉੱਚ-ਪੱਧਰੀ ਜਾਂਚ ਕਮੇਟੀ ਬਣਾ ਸਕਦੇ ਹਨ। ਆਮ ਤੌਰ 'ਤੇ ਅਜਿਹੇ ਮਾਮਲਿਆਂ ਵਿੱਚ ਮਾਣਯੋਗ ਮੈਂਬਰਾਂ ਜਾਂ ਸੇਵਾ-ਮੁਕਤ ਜੱਜਾਂ ਦੀ ਇੱਕ ਕਮੇਟੀ ਬਣਾਈ ਜਾਂਦੀ ਹੈ ਜੋ ਸਬੂਤਾਂ ਦੀ ਪੜਤਾਲ ਕਰਦੀ ਹੈ।

ਜੇਕਰ ਸੰਸਥਾ ਦੇ ਅੰਦਰੂਨੀ ਪ੍ਰਬੰਧ ਜਾਂ ਅਹੁਦੇਦਾਰਾਂ ਦੀ ਨੈਤਿਕਤਾ 'ਤੇ ਸਵਾਲ ਉੱਠਦੇ ਹਨ, ਤਾਂ ਸਿੱਖ ਸੰਗਤ ਅਤੇ ਸੰਸਥਾ ਦੀ ਆਖਰੀ ਅਥਾਰਟੀ ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਜਥੇਦਾਰ ਸਾਹਿਬ ਇਸ ਮਾਮਲੇ ਦਾ ਨੋਟਿਸ ਲੈ ਕੇ ਜਾਂਚ ਲਈ ਪੰਜ ਸਿੰਘ ਸਾਹਿਬਾਨ ਦੀ ਕਮੇਟੀ ਜਾਂ ਕੋਈ ਹੋਰ ਵਿਸ਼ੇਸ਼ ਕਮੇਟੀ ਗਠਿਤ ਕਰ ਸਕਦੇ ਹਨ।

ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਸਿੱਖ ਗੁਰਦੁਆਰਾ ਐਕਟ ਤਹਿਤ ਇੱਕ ਨਿਰਧਾਰਤ ਅਦਾਲਤੀ ਸੰਸਥਾ ਹੈ। ਜੇਕਰ ਮਾਮਲਾ ਵਿੱਤੀ ਬੇਨਿਯਮੀਆਂ ਜਾਂ ਐਕਟ ਦੀ ਉਲੰਘਣਾ ਨਾਲ ਜੁੜਿਆ ਹੋਇਆ ਹੈ, ਤਾਂ ਕੋਈ ਵੀ ਸਬੰਧਤ ਧਿਰ ਜਾਂ ਮੈਂਬਰ ਇਸ ਕਮਿਸ਼ਨ ਕੋਲ ਪਹੁੰਚ ਕਰ ਸਕਦਾ ਹੈ। ਇਹ ਕਮਿਸ਼ਨ ਇੱਕ ਅਦਾਲਤ ਵਾਂਗ ਕੰਮ ਕਰਦਾ ਹੈ ਅਤੇ ਮਾਮਲੇ ਦੀ ਕਾਨੂੰਨੀ ਜਾਂਚ ਕਰਵਾ ਸਕਦਾ ਹੈ।

ਜੇਕਰ ਭ੍ਰਿਸ਼ਟਾਚਾਰ ਦੇ ਪੁਖ਼ਤਾ ਸਬੂਤ ਹੋਣ ਅਤੇ ਅੰਦਰੂਨੀ ਜਾਂਚ 'ਤੇ ਭਰੋਸਾ ਨਾ ਹੋਵੇ, ਤਾਂ ਕੋਈ ਵੀ ਵਿਅਕਤੀ ਜਾਂ ਸੰਸਥਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਸਕਦੀ ਹੈ। ਅਦਾਲਤ ਨਿਰਪੱਖ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਜਾਂ ਕਿਸੇ ਬਾਹਰੀ ਏਜੰਸੀ ਨੂੰ ਜਾਂਚ ਦੇ ਹੁਕਮ ਦੇ ਸਕਦੀ ਹੈ।

ਸ਼੍ਰੋਮਣੀ ਕਮੇਟੀ ਦੇ ਆਪਣੇ ਵਿੱਤੀ ਆਡਿਟ ਵਿਭਾਗ ਹੁੰਦੇ ਹਨ। ਜੇਕਰ ਸਵਾਲ ਵਿੱਤੀ ਘਪਲਿਆਂ ਬਾਰੇ ਹਨ, ਤਾਂ ਕਮੇਟੀ ਦੇ ਅੰਦਰੂਨੀ ਆਡਿਟ ਤੋਂ ਇਲਾਵਾ ਇੱਕ ਸੁਤੰਤਰ ਆਡਿਟ ਫਰਮ ਤੋਂ ਜਾਂਚ ਕਰਵਾਈ ਜਾ ਸਕਦੀ ਹੈ, ਜਿਸ ਦੀ ਰਿਪੋਰਟ ਜਨਤਕ ਕੀਤੀ ਜਾ ਸਕਦੀ ਹੈ।

**ਕੌਣ ਜਾਂਚ ਕਰਵਾ ਸਕਦਾ ਹੈ ?**

ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰ ਇਕੱਠੇ ਹੋ ਕੇ ਜਾਂਚ ਦੀ ਮੰਗ ਕਰ ਸਕਦੇ ਹਨ। ਜੇਕਰ ਸੰਗਤਾਂ ਵਿੱਚ ਵਿਆਪਕ ਰੋਸ ਹੋਵੇ, ਤਾਂ ਦਬਾਅ ਬਣਾ ਕੇ ਜਾਂਚ ਲਈ ਮਜਬੂਰ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਨੇ ਆਈ.ਪੀ.ਸੀ. ਤਹਿਤ ਅਪਰਾਧਿਕ ਸ਼ਿਕਾਇਤ ਦਰਜ ਕਰਵਾਈ ਹੋਵੇ, ਤਾਂ ਪੁਲਿਸ ਜਾਂਚ ਵੀ ਇੱਕ ਰਸਤਾ ਹੋ ਸਕਦਾ ਹੈ।

**ਜਵਾਬਦੇਹੀ ਦੇ ਤਿੰਨ ਮੁੱਖ ਥੰਮ੍ਹ**

**ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ:** ਇਹ ਐਕਟ ਤਹਿਤ ਸਭ ਤੋਂ ਮਜ਼ਬੂਤ ਸੰਦ ਹੈ। ਜੇਕਰ ਕਿਸੇ ਉੱਤੇ ਭ੍ਰਿਸ਼ਟਾਚਾਰ ਦੇ ਪੁਖ਼ਤਾ ਸਬੂਤ ਹਨ, ਤਾਂ ਇਹ ਕਮਿਸ਼ਨ ਸਬੂਤਾਂ ਦੇ ਆਧਾਰ 'ਤੇ ਜਾਂਚ ਕਰ ਸਕਦਾ ਹੈ ਅਤੇ ਫੈਸਲਾ ਸੁਣਾ ਸਕਦਾ ਹੈ। ਇਹ ਸਿਵਲ ਕੋਰਟ ਵਾਂਗ ਕੰਮ ਕਰਦਾ ਹੈ।

**ਸਾਲਾਨਾ ਬਜਟ ਇਜਲਾਸ:** ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਹਰ ਸਾਲ ਬਜਟ ਪਾਸ ਕਰਦਾ ਹੈ। ਜੇਕਰ ਚੁਣੇ ਹੋਏ ਮੈਂਬਰ ਚਾਹੁਣ, ਤਾਂ ਉਹ ਇਸ ਇਜਲਾਸ ਦੌਰਾਨ ਵਿੱਤੀ ਖਰਚਿਆਂ 'ਤੇ ਸਵਾਲ ਉਠਾ ਸਕਦੇ ਹਨ ਅਤੇ ਜਵਾਬਤਲਬੀ ਕਰ ਸਕਦੇ ਹਨ।

**ਸਰਕਾਰੀ ਆਡਿਟ:** ਐਕਟ ਦੇ ਨਿਯਮਾਂ ਅਨੁਸਾਰ, ਗੁਰਦੁਆਰਾ ਫੰਡਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਆਡਿਟ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ, ਜੋ ਕਿ ਪਾਰਦਰਸ਼ਤਾ ਲਈ ਜ਼ਰੂਰੀ ਹਨ।

# 2027 ਵਿਧਾਨ ਸਭਾ ਚੋਣਾਂ ਲਈ ਭਾਜਪਾ ਨੇ ਕੀਤੇ ਕਮਰਕਸੇ

**➤ ਪੰਜਾਬ ਵਿੱਚ ਕਰਵਾਇਆ ਗੁਪਤ ਸਰਵੇਖਣ ➤ ਕੀ ਮਜੀਠੀਆ ਨਾਲ ਭਾਜਪਾ ਦਾ ਸਮਝੌਤਾ ਹੋ ਗਿਆ ਹੈ ? ➤ ਕੀ ਅਕਾਲੀ ਦਲ ਨਾਲ ਭਾਜਪਾ ਦਾ ਗੱਠਜੋੜ ਹੋਵੇਗਾ ?**

ਪੰਜਾਬ ਵਿੱਚ 2027 ਵਿਧਾਨ ਸਭਾ ਚੋਣਾਂ ਅਜੇ ਕਾਫ਼ੀ ਦੂਰ ਹਨ, ਪਰ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਪਣੀਆਂ ਤਿਆਰੀਆਂ ਪੂਰੇ ਜ਼ੋਰ-ਸ਼ੋਰ ਨਾਲ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸੂਬੇ ਵਿੱਚ ਆਪਣੇ ਪੈਰ ਜਮਾਉਣ ਅਤੇ ਸੱਤਾ ਵੱਲ ਵਧਣ ਲਈ ਭਾਜਪਾ ਨੇ ਇੱਕ ਵੱਡੀ ਰਣਨੀਤੀ ਅਪਣਾਈ ਹੈ, ਜਿਸ ਵਿੱਚ ਗੁਪਤ ਚੋਣ ਸਰਵੇਖਣ ਮੁੱਖ ਭੂਮਿਕਾ ਨਿਭਾ ਰਹੇ ਹਨ। ਪਾਰਟੀ ਨੇ ਪੰਜਾਬ ਭਰ ਵਿੱਚ ਇੱਕ ਵਿਆਪਕ ਅਤੇ ਗੁਪਤ ਸਰਵੇਖਣ ਕਰਵਾਇਆ ਹੈ, ਜਿਸ ਨਾਲ ਨਾ ਸਿਰਫ਼ ਲੋਕਾਂ ਦੇ ਰੁਝਾਨ ਨੂੰ ਸਮਝਣ ਵਿੱਚ ਮਦਦ ਮਿਲੀ ਹੈ ਬਲਕਿ ਆਉਣ ਵਾਲੀਆਂ ਚੋਣਾਂ ਲਈ ਰਣਨੀਤੀ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ। ਇਸ ਸਰਵੇਖਣ ਨੂੰ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਕਰਵਾਇਆ ਗਿਆ ਹੈ, ਜਿਸ ਵਿੱਚ ਨਿੱਜੀ ਏਜੰਸੀਆਂ ਅਤੇ ਪਾਰਟੀ ਵਰਕਰਾਂ ਨੇ ਹਿੱਸਾ ਲਿਆ ਹੈ। ਇਸ ਦੇ ਨਾਲ ਹੀ, ਅਕਾਲੀ ਦਲ ਨਾਲ ਸੰਭਾਵਿਤ ਗੱਠਜੋੜ, ਬਿਕਰਮ ਸਿੰਘ ਮਜੀਠਿਆ ਨਾਲ ਗੁਪਤ ਸਮਝੌਤੇ ਅਤੇ ਸਿੱਖ ਵਰਗ ਨਾਲ ਸੰਬੰਧਾਂ ਨੂੰ ਲੈ ਕੇ ਵੀ ਗਰਮੋ ਗਰਮ ਚਰਚਾਵਾਂ ਚੱਲ ਰਹੀਆਂ ਹਨ।

ਭਾਜਪਾ ਦੀ ਇਸ ਵੱਡੀ ਤਿਆਰੀ ਦੀ ਸ਼ੁਰੂਆਤ ਕੇਂਦਰੀ ਲੀਡਰਸ਼ਿਪ ਵੱਲੋਂ ਕੀਤੀ ਗਈ ਹੈ। ਪਾਰਟੀ ਦੇ ਉੱਚ ਅਧਿਕਾਰੀਆਂ ਨੇ ਪੰਜਾਬ ਇਕਾਈ ਨੂੰ ਚੋਣ ਮੋਡ ਵਿੱਚ ਆਉਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਅਨੁਸਾਰ, ਗੁਪਤ ਸਰਵੇਖਣ ਕਰਵਾਇਆ ਗਿਆ ਹੈ। ਸਰਵੇਖਣ ਵਿੱਚ ਲੋਕਾਂ ਨੂੰ ਕਿਸਾਨੀ ਸੰਕਟ, ਬੇਰੁਜ਼ਗਾਰੀ, ਉਦਯੋਗਿਕ ਵਿਕਾਸ, ਨਸ਼ਾ ਅਤੇ ਕਾਨੂੰਨ-ਵਿਵਸਥਾ ਵਰਗੇ ਮੁੱਦਿਆਂ ਬਾਰੇ ਪੁੱਛਿਆ ਗਿਆ ਹੈ। ਇਹ ਮੁੱਦੇ ਪੰਜਾਬ ਵਿੱਚ ਹਮੇਸ਼ਾ ਹੀ ਸਿਆਸੀ ਚਰਚਾ ਦਾ ਕੇਂਦਰ ਰਹੇ ਹਨ ਅਤੇ ਭਾਜਪਾ ਇਨ੍ਹਾਂ ਨੂੰ ਆਪਣੇ ਚੋਣ ਏਜੰਡੇ ਵਿੱਚ ਸ਼ਾਮਲ ਕਰਕੇ ਲੋਕਾਂ ਨੂੰ ਆਕਰਸ਼ਿਤ ਕਰਨਾ ਚਾਹੁੰਦੀ ਹੈ। ਸਰਵੇਖਣ ਦੇ ਨਤੀਜੇ ਪਾਰਟੀ ਨੂੰ ਜ਼ਮੀਨੀ ਹਕੀਕਤ ਨੂੰ ਸਮਝਣ ਵਿੱਚ ਮਦਦ ਕਰ ਰਹੇ ਹਨ, ਜਿਸ ਨਾਲ ਬੂਥ ਅਤੇ ਮੰਡਲ ਪੱਧਰ ਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਆਉਣ ਵਾਲੇ ਮਹੀਨਿਆਂ ਵਿੱਚ ਭਾਜਪਾ ਹਾਈਕਮਾਂਡ ਵਲੋਂ ਜਨ ਸੰਪਰਕ ਮੁਹਿੰਮਾਂ, ਵਰਕਰ ਮੀਟਿੰਗਾਂ ਅਤੇ ਵੱਡੀਆਂ ਰੈਲੀਆਂ ਕੀਤੀਆਂ ਜਾਣਗੀਆਂ। ਇਸ ਸਰਵੇਖਣ ਦੀ ਵਿਸਥਾਰ ਰਿਪੋਰਟ ਕੇਂਦਰੀ ਹਾਈਕਮਾਂਡ ਨੂੰ ਮਿਲ ਚੁੱਕੀ ਹੈ ਅਤੇ ਇਸ ਅਧਾਰ ਤੇ ਅਗਲੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਕੇਂਦਰੀ ਆਗੂ ਜਲਦੀ ਹੀ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਦੌਰੇ ਕਰਨਗੇ ਤਾਂ ਜੋ ਲੋਕਾਂ ਨਾਲ ਸਿੱਧਾ ਸੰਪਰਕ ਵਧਾਇਆ ਜਾ ਸਕੇ।



ਇਸ ਸਰਵੇਖਣ ਨਾਲ ਜੁੜੀ ਇੱਕ ਵੱਡੀ ਖਬਰ ਇਹ ਵੀ ਹੈ ਕਿ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਗੁਪਤ ਸਮਝੌਤਾ ਕੀਤਾ ਹੈ। ਸੂਤਰਾਂ ਮੁਤਾਬਕ, ਇਹ ਸਮਝੌਤਾ ਅਕਾਲੀ ਦਲ ਵਿੱਚ ਅੰਦਰੂਨੀ ਲੜਾਈ ਅਤੇ ਭਾਜਪਾ ਦੀ ਪੰਜਾਬ ਵਿੱਚ ਵਧਦੀ ਪਕੜ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। ਮਜੀਠੀਆ, ਜੋ ਅਕਾਲੀ ਦਲ ਦੇ ਪ੍ਰਮੁੱਖ ਚਿਹਰਿਆਂ ਵਿੱਚੋਂ ਇੱਕ ਹਨ ਅਤੇ ਸੁਖਬੀਰ ਸਿੰਘ ਬਾਦਲ ਦੇ ਸਾਲੇ ਹਨ, ਨੇ ਭਾਜਪਾ ਨਾਲ ਮਿਲ ਕੇ ਕੁਝ ਵਿਧਾਨ ਸਭਾ ਹਲਕਿਆਂ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ ਹੈ। ਮਜੀਠੀਆ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਭਾਜਪਾ ਦੇ ਕਈ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਸਨ, ਜਿਸ ਨਾਲ ਇਸ ਸਮਝੌਤੇ ਦੀਆਂ ਅਟਕਲਾਂ ਨੂੰ ਹੋਰ ਬਲ ਮਿਲਿਆ ਹੈ। ਮਜੀਠੀਆ ਦਾ ਅਮਲੋਹ ਅਤੇ ਮਜੀਠਾ ਵਰਗੇ ਖੇਤਰਾਂ ਵਿੱਚ ਵੱਡਾ ਪ੍ਰਭਾਵ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਭਾਜਪਾ ਅਕਾਲੀ ਦਲ ਨਾਲ ਸਮਝੌਤਾ ਕਰੇਗੀ ? ਪਿਛਲੇ ਕੁਝ ਸਾਲਾਂ ਵਿੱਚ ਦੋਵਾਂ ਪਾਰਟੀਆਂ ਵਿਚਾਲੇ ਸੰਬੰਧ ਤਣਾਅਪੂਰਨ ਰਹੇ ਹਨ। 2020 ਵਿੱਚ ਕਿਸਾਨ ਅੰਦੋਲਨ ਨੇ ਇਨ੍ਹਾਂ ਨੂੰ ਵੱਖ ਕਰ ਦਿੱਤਾ ਸੀ ਅਤੇ ਅਕਾਲੀ ਦਲ ਨੇ ਐਨ.ਡੀ.ਏ. ਤੋਂ ਵੱਖ ਹੋ ਕੇ ਆਪਣਾ ਰਾਹ ਚੁਣ ਲਿਆ ਸੀ। ਪਰ ਹੁਣ ਚੋਣਾਂ ਨੇੜੇ ਆਉਣ ਨਾਲ ਗੱਠਜੋੜ ਦੀਆਂ ਅਟਕਲਾਂ ਤੇਜ਼ ਹੋ ਗਈਆਂ ਹਨ। ਭਾਜਪਾ ਦੇ ਪੰਜਾਬ ਇੰਚਾਰਜ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਹਾਲ ਦੀ ਘੜੀ ਅਕਾਲੀ ਦਲ ਨਾਲ ਕੋਈ ਗੱਠਜੋੜ ਨਹੀਂ ਹੈ ਅਤੇ ਭਾਜਪਾ ਇਕੱਲੀ ਚੋਣਾਂ ਲੜੇਗੀ ਤੇ ਸਰਕਾਰ ਬਣਾਏਗੀ। ਉਨ੍ਹਾਂ ਨੇ ਪੰਜਾਬ ਵਿੱਚ ਭਾਜਪਾ ਦੀ ਵਧਦੀ ਤਾਕਤ ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਪਾਰਟੀ ਨੇ ਹਿੰਦੂ ਅਤੇ ਸਿੱਖ ਵਰਗਾਂ ਵਿੱਚ ਆਪਣੀ ਪਕੜ ਮਜ਼ਬੂਤ ਕੀਤੀ ਹੈ। ਦੂਜੇ ਪਾਸੇ, ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਭਾਜਪਾ ਦੇ ਇਸ ਦਾਅਵੇ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਕਿ ਅਸੀਂ ਭਾਜਪਾ ਨੂੰ ਸਾਰੀਆਂ ਸੀਟਾਂ 'ਤੇ ਲੜਨ ਲਈ ਸੱਦਾ ਦਿੰਦੇ ਹਾਂ। ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਅਕਾਲੀ ਦਲ ਪੰਜਾਬ ਦੇ ਮੁੱਦਿਆਂ 'ਤੇ ਆਪਣੇ ਸਟੈਂਡ ਨੂੰ ਨਹੀਂ ਬਦਲੇਗਾ।

ਸਿਆਸੀ ਮਾਹਿਰਾਂ ਦੇ ਇਸ ਬਾਰੇ ਵਿਚਾਰ ਵੱਖਰੇ ਹਨ। ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਸਿਆਸੀ ਵਿਸ਼ਲੇਸ਼ਕ ਡਾ. ਰੌਣਕੀ ਰਾਮ ਨੇ ਕਿਹਾ ਕਿ ਭਾਜਪਾ ਨੂੰ ਪੰਜਾਬ ਵਿੱਚ ਪੈਰ ਜਮਾਉਣ ਲਈ ਅਕਾਲੀ ਦਲ ਜਾਂ ਕਿਸੇ ਸਿੱਖ ਸੰਗਠਨ ਨਾਲ ਗੱਠਜੋੜ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਬਿਨਾਂ ਗੱਠਜੋੜ ਤੋਂ ਬਿਨਾਂ ਭਾਜਪਾ ਨੂੰ ਸਿੱਖ ਵੋਟਾਂ ਮਿਲਣੀਆਂ ਮੁਸ਼ਕਿਲ ਹਨ ਅਤੇ ਪਾਰਟੀ ਨੂੰ ਕਿਸਾਨ ਅੰਦੋਲਨ ਵੱਲੋਂ ਲੱਗੇ ਦਾਗ ਨੂੰ ਮਿਟਾਉਣ ਲਈ ਕਾਫ਼ੀ ਮਿਹਨਤ ਕਰਨੀ ਪਵੇਗੀ। ਸਾਬਕਾ ਅਕਾਲੀ ਆਗੂ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅਕਾਲੀ ਦਲ ਨਾਲ ਸਮਝੌਤੇ ਤੋਂ ਬਿਨਾਂ ਭਾਜਪਾ ਦਾ ਸੱਤਾ ਵਿੱਚ ਆਉਣਾ ਅਸੰਭਵ ਹੈ।

(ਬਾਕੀ ਸਫ਼ਾ 26 'ਤੇ)


## ਦਰਪਣ ਝੂਠ ਨਹੀਂ ਬੋਲਦਾ

# ਇਰਾਨ ਦੀ ਸੱਤਾ ਦਾ ਨਵਾਂ ਵਾਰਿਸ ਬਣਿਆ ਮੁਜਤਬਾ ਖਮੇਨੇਈ

## ਟਰੰਪ ਦੀ 'ਰੈਜੀਮ ਚੇਂਜ' ਦੀ ਰਣਨੀਤੀ ਕਿਉਂ ਹੋਈ ਫੇਲ੍ਹ ?

## ਕੀ ਮੁਜਤਬਾ ਖਮੇਨੇਈ ਇਰਾਨ ਨੂੰ ਜੰਗ ਦੇ ਨਵੇਂ ਮੋੜ 'ਤੇ ਲੈ ਜਾਣਗੇ ?

ਇਰਾਨ ਦੇ ਇਤਿਹਾਸ ਵਿੱਚ ਇਹ ਸਮਾਂ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜੋ ਪਿਛਲੇ ਦਹਾਕਿਆਂ ਦੀਆਂ ਸਾਰੀਆਂ ਰਾਜਨੀਤਿਕ ਧਾਰਨਾਵਾਂ ਨੂੰ ਚੁਣੌਤੀ ਦੇ ਰਿਹਾ ਹੈ। ਅਲੀ ਖਮੇਨੇਈ ਦੇ ਦੇਹਾਂਤ ਤੋਂ ਬਾਅਦ, ਉਨ੍ਹਾਂ ਦੇ ਪੁੱਤਰ ਮੁਜਤਬਾ ਖਮੇਨੇਈ ਦੀ ਸੁਪਰੀਮ ਲੀਡਰ ਵਜੋਂ ਨਿਯੁਕਤੀ ਨਾ ਸਿਰਫ਼ ਇੱਕ ਉੱਤਰਾਧਿਕਾਰੀ ਦੀ ਚੋਣ ਹੈ, ਸਗੋਂ ਇਹ ਇਰਾਨ ਦੀ ਅੰਦਰੂਨੀ ਰਾਜਨੀਤੀ ਅਤੇ ਵਿਦੇਸ਼ ਨੀਤੀ ਵਿੱਚ ਇੱਕ ਵੱਡੀ ਤਬਦੀਲੀ ਦਾ ਸੰਕੇਤ ਹੈ। ਇਸ ਨਿਯੁਕਤੀ ਨੇ ਅੰਤਰਰਾਸ਼ਟਰੀ ਮੀਡੀਆ ਅਤੇ ਗਲੋਬਲ ਪਾਵਰ ਸੈਂਟਰਾਂ ਵਿੱਚ ਇੱਕ ਭੂਚਾਲ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਦੁਨੀਆ ਭਰ ਦੇ ਵੱਡੇ ਅਖ਼ਬਾਰਾਂ ਅਤੇ ਨਿਊਜ਼ ਏਜੰਸੀਆਂ ਇਸ ਘਟਨਾਕ੍ਰਮ ਨੂੰ ਇੱਕ 'ਇਤਿਹਾਸਕ ਮੋੜ' ਅਤੇ 'ਖਤਰਨਾਕ ਅਸਥਿਰਤਾ' ਦੇ ਰੂਪ ਵਿੱਚ ਦੇਖ ਰਹੀਆਂ ਹਨ। ਇਹ ਘਟਨਾਕ੍ਰਮ ਸਿਰਫ਼ ਇੱਕ ਉੱਤਰਾਧਿਕਾਰੀ ਦੀ ਚੋਣ ਨਹੀਂ ਹੈ, ਸਗੋਂ ਇਹ ਉਸ 'ਸ਼ਾਸਨ ਤਬਦੀਲੀ' ਦੀ ਰਣਨੀਤੀ ਲਈ ਇੱਕ ਵੱਡੀ ਚੁਣੌਤੀ ਹੈ ਜਿਸ ਦੀ ਅਗਵਾਈ ਅਮਰੀਕਾ ਅਤੇ ਇਜ਼ਰਾਇਲ ਕਰ ਰਹੇ ਹਨ। ਇਹ ਨਿਯੁਕਤੀ ਇੱਕ ਅਜਿਹੇ ਸਮੇਂ ਹੋਈ ਹੈ ਜਦੋਂ ਇਰਾਨ ਅਮਰੀਕਾ ਅਤੇ ਇਜ਼ਰਾਇਲ ਨਾਲ ਸਿੱਧੀ ਜੰਗ ਵਿੱਚ ਉਲਝਿਆ ਹੋਇਆ ਹੈ। ਸਭ ਤੋਂ ਪਹਿਲਾਂ, ਇਹ ਸਮਝਣਾ ਜ਼ਰੂਰੀ ਹੈ ਕਿ ਇਹ ਨਿਯੁਕਤੀ ਕਿੰਨੀ ਨਾਜ਼ੁਕ ਹੈ। 1979 ਦੇ ਇਸਲਾਮੀ ਇਨਕਲਾਬ ਦੀ ਨੀਂਹ ਹੀ ਰਾਜਸ਼ਾਹੀ (ਮੋਨਾਰਕੀ) ਨੂੰ ਖਤਮ ਕਰਨ ਅਤੇ ਇੱਕ ਲੋਕਤੰਤਰੀ-ਧਾਰਮਿਕ ਢਾਂਚਾ ਸਥਾਪਿਤ ਕਰਨ 'ਤੇ ਰੱਖੀ ਗਈ ਸੀ। ਜਦੋਂ ਹੁਣ ਇੱਕ ਸੁਪਰੀਮ ਲੀਡਰ ਦੇ ਪੁੱਤਰ ਨੂੰ ਹੀ ਸੱਤਾ ਦੀ ਵਾਗਡੋਰ ਸੌਂਪ ਦਿੱਤੀ ਗਈ ਹੈ, ਤਾਂ ਇਹ ਇਰਾਨ ਦੇ ਇਨਕਲਾਬੀ ਆਦਰਸ਼ਾਂ ਅਤੇ ਅਸਲੀਅਤ ਵਿਚਕਾਰ ਇੱਕ ਵੱਡਾ ਪਾੜਾ ਪੈਦਾ ਕਰਦਾ ਹੈ। ਇਹ ਫੈਸਲਾ, ਜੋ ਕਿ ਅਸੈਂਬਲੀ ਆਫ਼ ਐਕਸਪਰਟਸ ਦੁਆਰਾ ਲਿਆ ਗਿਆ ਹੈ, ਦਰਸਾਉਂਦਾ ਹੈ ਕਿ ਇਰਾਨੀ ਸੱਤਾ ਦੇ ਕੇਂਦਰ ਵਿੱਚ 'ਪਰਿਵਾਰਕ ਵਫ਼ਾਦਾਰੀ' ਹੁਣ 'ਇਨਕਲਾਬੀ ਚੋਣ' ਉੱਤੇ ਭਾਰੂ ਪੈ ਗਈ ਹੈ।



ਮੁਜਤਬਾ ਖਮੇਨੇਈ (56) ਇਰਾਨੀ ਰਾਜਨੀਤੀ ਵਿੱਚ ਕੋਈ ਨਵਾਂ ਨਾਮ ਨਹੀਂ ਹੈ, ਪਰ ਉਹ ਇੱਕ ਰਹੱਸਮਈ ਚਿਹਰਾ ਰਹੇ ਹਨ। ਦਹਾਕਿਆਂ ਤੋਂ ਉਹ ਆਪਣੇ ਪਿਤਾ ਦੇ ਸਭ ਤੋਂ ਨਜ਼ਦੀਕੀ ਸਲਾਹਕਾਰ ਵਜੋਂ ਜਾਣੇ ਜਾਂਦੇ ਸਨ। ਅਸੈਂਬਲੀ ਆਫ਼ ਐਕਸਪਰਟਸ ਨੇ ਮੁਜਤਬਾ ਦੇ ਨਾਮ 'ਤੇ ਮੋਹਰ ਲਗਾ ਕੇ ਇਹ ਸੰਦੇਸ਼ ਦਿੱਤਾ ਹੈ ਕਿ ਇਰਾਨ ਦਾ ਮੌਜੂਦਾ ਸਿਸਟਮ ਕਿਸੇ ਵੀ ਬਾਹਰੀ ਦਬਾਅ ਅੱਗੇ ਝੁਕਣ ਲਈ ਤਿਆਰ ਨਹੀਂ ਹੈ। ਮੁਜਤਬਾ ਦਾ 'ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ' ਨਾਲ ਗਹਿਰਾ ਤਾਲਮੇਲ ਹੈ। ਮੁਜਤਬਾ ਦੀ ਨਿਯੁਕਤੀ ਦੀ ਸਭ ਤੋਂ ਮਜ਼ਬੂਤ ਕੜੀ ਉਨ੍ਹਾਂ ਦੇ ਸੁਰੱਖਿਆ ਬਲਾਂ ਨਾਲ ਸਬੰਧ ਹਨ। 'ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ' ਦਾ ਉਨ੍ਹਾਂ ਨੂੰ ਤੁਰੰਤ ਸਮਰਥਨ ਦੇਣਾ ਇਸ ਗੱਲ ਦਾ ਸਬੂਤ ਹੈ ਕਿ ਇਹ ਨਿਯੁਕਤੀ ਸਿਰਫ਼ ਧਾਰਮਿਕ ਕੌਂਸਲ ਦਾ ਫੈਸਲਾ ਨਹੀਂ, ਸਗੋਂ ਇਰਾਨ ਦੇ ਫੌਜੀ ਅਤੇ ਖੁਫ਼ੀਆ ਤੰਤਰ ਦੀ ਮਨਜ਼ੂਰੀ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਮੁਜਤਬਾ ਦੀ ਸੱਤਾ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਸੁਰੱਖਿਅਤ ਹੈ ਜੋ ਦੇਸ਼ ਦੇ ਸੁਰੱਖਿਆ ਢਾਂਚੇ ਨੂੰ ਕੰਟਰੋਲ ਕਰਦੇ ਹਨ। ਇਹ ਗੱਠਜੋੜ ਇਰਾਨ ਨੂੰ ਹੋਰ ਜ਼ਿਆਦਾ ਸੈਨਿਕ-ਕੇਂਦਰਿਤ ਰਾਸ਼ਟਰ ਬਣਾ ਸਕਦਾ ਹੈ। ਇਸ ਨਿਯੁਕਤੀ ਦਾ ਅਰਥ ਹੈ ਕਿ ਇਰਾਨ ਹੁਣ ਇੱਕ ਮਜ਼ਬੂਤ ਮਿਲਟਰੀ-ਕਲੈਰੀਕਲ (ਸੈਨਿਕ-ਧਾਰਮਿਕ) ਗਠਜੋੜ ਵੱਲ ਵਧ ਰਿਹਾ ਹੈ।

ਮੁਜਤਬਾ ਖਮੇਨੇਈ ਦਾ ਨਾਮ ਸਿਰਫ਼ ਰਾਜਨੀਤੀ ਨਾਲ ਨਹੀਂ, ਸਗੋਂ ਵੱਡੇ ਵਿੱਤੀ ਵਿਵਾਦਾਂ ਨਾਲ ਵੀ ਜੁੜਿਆ ਹੋਇਆ ਹੈ। ਪੱਛਮੀ ਮੀਡੀਆ ਦੀਆਂ ਰਿਪੋਰਟਾਂ (ਖਾਸ ਕਰਕੇ ਬਲੂਮਬਰਗ) ਮੁਤਾਬਕ, ਉਹ ਕਥਿਤ ਤੌਰ 'ਤੇ ਅਰਬਾਂ ਡਾਲਰਾਂ ਦੇ ਆਰਥਿਕ ਸਾਮਰਾਜ ਦੇ ਮਾਲਕ ਹਨ। ਮੁਜਤਬਾ ਉੱਪਰ ਇਲਜ਼ਾਮ ਹਨ ਕਿ ਤੇਲ ਦੀ ਵਿਕਰੀ ਤੋਂ ਆਉਣ ਵਾਲਾ ਪੈਸਾ ਕਈ ਦੇਸ਼ਾਂ ਵਿੱਚ ਸ਼ੈੱਲ ਕੰਪਨੀਆਂ ਰਾਹੀਂ ਲਗਜ਼ਰੀ ਰੀਅਲ ਅਸਟੇਟ, ਹੋਟਲਾਂ ਅਤੇ ਜਾਇਦਾਦਾਂ ਵਿੱਚ ਨਿਵੇਸ਼ ਕੀਤਾ ਗਿਆ ਹੈ। ਉਨ੍ਹਾਂ ਦੇ ਸਬੰਧ ਅਲੀ ਅੰਸਾਰੀ ਵਰਗੇ ਕਾਰੋਬਾਰੀਆਂ ਨਾਲ ਜੋੜੇ ਜਾਂਦੇ ਹਨ, ਜਿਨ੍ਹਾਂ ਦੇ ਬੈਂਕ ਦੇ ਡੁੱਬਣ ਕਾਰਨ ਇਰਾਨ ਦੀ ਮਹਿੰਗਾਈ ਵਧੀ ਅਤੇ ਆਮ ਲੋਕਾਂ ਦਾ ਪੈਸਾ ਡੁੱਬ ਗਿਆ। ਹਾਲਾਂਕਿ, ਮੁਜਤਬਾ ਨੇ ਕਦੇ ਵੀ ਇਨ੍ਹਾਂ ਦੋਸ਼ਾਂ 'ਤੇ ਜਨਤਕ ਪ੍ਰਤੀਕਿਰਿਆ ਨਹੀਂ ਦਿੱਤੀ।

# ਚੋਣਾਂ ਦੇ ਮੌਸਮ 'ਚ ਸਾਧ ਰਾਮ ਰਹੀਮ ਨੂੰ ਹਾਈਕੋਰਟ ਵੱਲੋਂ 'ਕਲੀਨ ਚਿੱਟ' ਕਿਉਂ ?


## ਸਿਆਸੀ ਗਲਿਆਰਿਆਂ ਵਿੱਚ ਚਰਚਾ: ਕੀ ਭਾਜਪਾ ਨੂੰ ਹੋਵੇਗਾ ਫਾਇਦਾ ਜਾਂ ਨੁਕਸਾਨ ?

## ਡੇਰਾ ਮੁਖੀ ਦੇ ਬਰੀ ਹੋਣ ਨਾਲ ਪੰਜਾਬ ਤੋਂ ਹਰਿਆਣਾ ਤੱਕ ਕੀ ਬਦਲਣਗੇ ਚੋਣ ਸਮੀਕਰਨ ?

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਸਿਰਸਾ ਮੁਖੀ ਸੌਦਾ ਸਾਧ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਕਤਲ ਕੇਸ ਵਿੱਚ ਬਰੀ ਕਰਨ ਦਾ ਫੈਸਲਾ ਇੱਕ ਗੁੰਝਲਦਾਰ ਕਾਨੂੰਨੀ ਅਤੇ ਸਿਆਸੀ ਮੋੜ ਹੈ। ਪਰ ਇਹ ਫੈਸਲਾ ਸਿਰਫ਼ ਇੱਕ ਖਾਸ ਕੇਸ ਨਾਲ ਸਬੰਧਿਤ ਹੈ। ਹਾਈ ਕੋਰਟ ਨੇ ਪੱਤਰਕਾਰ ਰਾਮਚੰਦਰ ਛਤਰਪਤੀ ਕਤਲ ਕੇਸ ਵਿੱਚ ਸਬੂਤਾਂ ਦੇ ਆਧਾਰ 'ਤੇ ਡੇਰਾ ਮੁਖੀ ਨੂੰ ਦੋਸ਼ ਮੁਕਤ ਕੀਤਾ ਹੈ। ਹਾਲਾਂਕਿ ਇਸ ਕੇਸ ਦੇ ਹੋਰ ਤਿੰਨ ਦੋਸ਼ੀਆਂ ਦੀ ਸਜ਼ਾ ਨੂੰ ਅਦਾਲਤ ਨੇ ਬਰਕਰਾਰ ਰੱਖਿਆ ਹੈ। ਹਾਈ ਕੋਰਟ ਦੀ ਬੈਂਚ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਸੀ.ਬੀ.ਆਈ. ਵੱਲੋਂ ਪੇਸ਼ ਕੀਤੇ ਗਏ ਸਬੂਤ ਸਾਧ ਰਾਮ ਰਹੀਮ ਨੂੰ ਕਤਲ ਦੀ ਸਾਜ਼ਿਸ਼ ਵਿੱਚ ਸਿੱਧੇ ਤੌਰ 'ਤੇ ਜੋੜਨ ਵਿੱਚ ਨਾਕਾਮ ਰਹੇ ਹਨ। ਅਦਾਲਤ ਨੇ ਨੋਟ ਕੀਤਾ ਕਿ ਗਵਾਹਾਂ ਦੇ ਬਿਆਨਾਂ ਵਿੱਚ ਅਸੰਗਤੀਆਂ ਹਨ ਅਤੇ ਕੋਈ ਠੋਸ ਪ੍ਰਮਾਣ ਨਹੀਂ ਮਿਲਿਆ ਜੋ ਡੇਰਾ ਮੁਖੀ ਨੂੰ ਦੋਸ਼ੀ ਠਹਿਰਾਉਣ ਲਈ ਕਾਫ਼ੀ ਹੋਵੇ। ਹਾਲਾਂਕਿ, ਅਦਾਲਤ ਨੇ ਕੇਸ ਵਿੱਚ ਸ਼ਾਮਲ ਤਿੰਨ ਹੋਰ ਦੋਸ਼ੀਆਂ – ਕ੍ਰਿਸ਼ਨ ਲਾਲ, ਨਿਰਮਲ ਅਤੇ ਕੁਲਦੀਪ – ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਇਹ ਫੈਸਲਾ ਚੀਫ਼ ਜਸਟਿਸ ਦੀ ਅਗਵਾਈ ਵਾਲੀ ਬੈਂਚ ਨੇ ਸੁਣਾਇਆ, ਜਿਸ ਨੇ ਡੇਰਾ ਮੁਖੀ ਦੀ ਅਪੀਲ ਨੂੰ ਮਨਜ਼ੂਰ ਕੀਤਾ। ਡੇਰਾ ਮੁਖੀ ਦੇ ਵਕੀਲ ਜਤਿੰਦਰ ਖੁਰਾਨਾ ਨੇ ਫੈਸਲੇ ਨੂੰ ਸੱਚਾਈ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਸੀ ਕਿ ਅਸੀਂ ਸ਼ੁਰੂ ਤੋਂ ਹੀ ਕਹਿੰਦੇ ਆ ਰਹੇ ਹਾਂ ਕਿ ਸਾਧ ਰਾਮ ਰਹੀਮ ਦਾ ਇਸ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅੱਜ ਅਦਾਲਤ ਨੇ ਇਹ ਮੰਨ ਲਿਆ ਹੈ ਅਤੇ ਉਨ੍ਹਾਂ ਨੂੰ ਬਰੀ ਕੀਤਾ ਹੈ। ਇਹ ਨਿਆਂ ਦੀ ਜਿੱਤ ਹੈ।

ਇਹ ਮਾਮਲਾ 2002 ਵਿੱਚ ਸ਼ੁਰੂ ਹੋਇਆ ਜਦੋਂ ਹਰਿਆਣਾ ਦੇ ਸਿਰਸਾ ਦੇ ਇੱਕ ਅਖ਼ਬਾਰ ਦੇ ਸੰਪਾਦਕ ਰਾਮ ਚੰਦਰ ਛਤਰਪਤੀ ਨੂੰ ਉਨ੍ਹਾਂ ਦੇ ਘਰ ਬਾਹਰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਛਤਰਪਤੀ ਡੇਰਾ ਸੌਦਾ ਵਿੱਚ ਹੋ ਰਹੇ ਕਥਿਤ ਅਪਰਾਧਾਂ ਬਾਰੇ ਰਿਪੋਰਟਿੰਗ ਕਰ ਰਹੇ ਸਨ, ਜਿਸ ਵਿੱਚ ਡੇਰਾ ਮੁਖੀ 'ਤੇ ਸਾਧਵੀਆਂ ਨਾਲ ਜਬਰ-ਜਨਾਹ ਦੇ ਇਲਜ਼ਾਮ ਸਨ। ਛਤਰਪਤੀ ਨੇ ਡੇਰੇ ਵਿੱਚੋਂ ਆਈ ਇੱਕ ਅਣਪਛਾਤੀ ਚਿੱਠੀ ਨੂੰ ਆਪਣੇ ਅਖ਼ਬਾਰ ਵਿੱਚ ਛਾਪਿਆ ਸੀ, ਜਿਸ ਵਿੱਚ ਡੇਰਾ ਮੁਖੀ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਗਏ ਸਨ। 24 ਅਕਤੂਬਰ 2002 ਨੂੰ ਹੋਏ ਹਮਲੇ ਵਿੱਚ ਛਤਰਪਤੀ ਨੂੰ ਗੰਭੀਰ ਜ਼ਖ਼ਮੀ ਹੋ ਗਏ ਅਤੇ 21 ਨਵੰਬਰ ਨੂੰ ਅਪੋਲੋ ਹਸਪਤਾਲ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ।

ਸ਼ੁਰੂ ਵਿੱਚ ਪੁਲਿਸ ਜਾਂਚ ਨਾਲ ਅਸੰਤੁਸ਼ਟ ਪਰਿਵਾਰ ਨੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਸੀ। ਜਨਵਰੀ 2003 ਵਿੱਚ ਅੰਸ਼ੁਲ ਛਤਰਪਤੀ ਨੇ ਹਾਈ ਕੋਰਟ ਵਿੱਚ ਰਿਟ ਪਟੀਸ਼ਨ ਦਾਇਰ ਕੀਤੀ ਅਤੇ ਨਵੰਬਰ 2003 ਵਿੱਚ ਸੀ.ਬੀ.ਆਈ. ਨੇ ਜਾਂਚ ਸ਼ੁਰੂ ਕੀਤੀ ਸੀ। ਇਸ ਨੂੰ ਰਣਜੀਤ ਸਿੰਘ ਕਤਲ ਕੇਸ ਨਾਲ ਵੀ ਜੋੜਿਆ ਗਿਆ ਸੀ, ਜੋ ਡੇਰਾ ਪੈਰੋਕਾਰ ਸੀ ਅਤੇ ਉਸ ਨੂੰ ਵੀ 2002 ਵਿੱਚ ਮਾਰਿਆ ਗਿਆ ਸੀ। ਸੀ.ਬੀ.ਆਈ. ਨੇ ਡੇਰਾ ਮੁਖੀ ਨੂੰ ਮੁੱਖ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਕੀਤਾ ਸੀ । ਡੇਰੇ ਨੇ ਜਾਂਚ ਵਿਰੁੱਧ ਅਪੀਲ ਕੀਤੀ ਪਰ ਸੁਪਰੀਮ ਕੋਰਟ ਨੇ ਉਹ ਖਾਰਜ ਕਰ ਦਿੱਤੀ।




ਸਾਧ ਰਾਮ ਰਹੀਮ ਅਜੇ ਵੀ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਰਹਿਣਗੇ। ਉਹ 2017 ਵਿੱਚ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਭੁਗਤ ਰਹੇ ਹਨ। ਇਸ ਲਈ, ਕਤਲ ਕੇਸ ਵਿੱਚ ਬਰੀ ਹੋਣ ਦਾ ਮਤਲਬ ਉਨ੍ਹਾਂ ਦੀ ਪੂਰੀ ਰਿਹਾਈ ਨਹੀਂ ਹੈ।

ਪੱਤਰਕਾਰ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਫੈਸਲੇ ਤੋਂ ਨਿਰਾਸ਼ ਹਨ ਅਤੇ ਇਸ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਗੇ।

ਪੰਜਾਬ ਅਤੇ ਹਰਿਆਣਾ ਦੀ ਸਿਆਸਤ ਵਿੱਚ ਇਸ ਫੈਸਲੇ ਨੂੰ ਲੈ ਕੇ ਵੱਡੀ ਚਰਚਾ ਹੈ। ਕੀ ਭਾਜਪਾ ਨੂੰ ਇਸ ਦਾ ਫਾਇਦਾ ਹੋਵੇਗਾ ? ਇਹ ਇੱਕ 'ਦੋਧਾਰੀ ਤਲਵਾਰ' ਵਰਗੀ ਸਥਿਤੀ ਹੈ। ਡੇਰਾ ਸੌਦਾ ਦਾ ਹਰਿਆਣਾ ਦੇ ਸਰਹੱਦੀ ਜ਼ਿਲ੍ਹਿਆਂ (ਸਿਰਸਾ, ਹਿਸਾਰ, ਕੁਰੂਕਸ਼ੇਤਰ) ਅਤੇ ਪੰਜਾਬ ਦੇ ਮਾਲਵਾ ਖੇਤਰ (ਬਠਿੰਡਾ, ਮਾਨਸਾ, ਸੰਗਰੂਰ, ਪਟਿਆਲਾ) ਵਿੱਚ ਮਜ਼ਬੂਤ ਆਧਾਰ ਹੈ। ਚੋਣਾਂ ਦੇ ਸਮੇਂ ਇਨ੍ਹਾਂ ਵੋਟਾਂ ਦਾ ਇੱਕਤਰਫਾ ਪ੍ਰਭਾਵ ਨਤੀਜੇ ਬਦਲ ਸਕਦਾ ਹੈ।

ਭਾਜਪਾ ਜੋ ਪੰਜਾਬ ਵਿੱਚ ਆਪਣਾ ਆਧਾਰ ਵਧਾਉਣ ਲਈ ਸੰਘਰਸ਼ ਕਰ ਰਹੀ ਹੈ, ਉਸ ਲਈ ਡੇਰਾ ਪ੍ਰੇਮੀਆਂ ਦਾ ਸਮਰਥਨ ਇੱਕ ਰਣਨੀਤਕ ਮੌਕਾ ਹੋ ਸਕਦਾ ਹੈ। ਪੰਜਾਬ ਵਿੱਚ ਸਿੱਖ ਭਾਵਨਾਵਾਂ ਅਤੇ ਬੇਅਦਬੀ ਦੇ ਮੁੱਦੇ ਬਹੁਤ ਸੰਵੇਦਨਸ਼ੀਲ ਹਨ। ਡੇਰਾ ਮੁਖੀ ਦਾ ਨਾਂਅ ਬੇਅਦਬੀ ਮਾਮਲਿਆਂ ਨਾਲ ਜੁੜਿਆ ਹੋਣ ਕਾਰਨ, ਉਨ੍ਹਾਂ ਦਾ ਸਮਰਥਨ ਕਰਨ ਨਾਲ ਭਾਜਪਾ ਨੂੰ ਪੰਜਾਬ ਦੇ ਪੰਥਕ ਵੋਟਰਾਂ ਦੀ ਵੱਡੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਕਿਸਾਨ ਅੰਦੋਲਨ ਅਤੇ ਭਾਜਪਾ ਪ੍ਰਤੀ ਪਹਿਲਾਂ ਹੀ ਵਿਰੋਧ ਹੈ। ਭਾਜਪਾ ਦੀ ਡੇਰੇ ਨਾਲ ਨੇੜਤਾ ਇਸ ਵਿਰੋਧ ਨੂੰ ਹੋਰ ਤੇਜ਼ ਕਰ ਸਕਦੀ ਹੈ। ਡੇਰਾ ਸਿਰਸਾ ਦਾ ਪ੍ਰਭਾਵ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ ਹੈ, ਇਹ ਸਮਾਜਿਕ ਅਤੇ ਸੱਭਿਆਚਾਰਕ ਵੀ ਹੈ। ਮਾਲਵਾ (ਪੰਜਾਬ) ਸੰਗਰੂਰ, ਬਠਿੰਡਾ, ਮਾਨਸਾ ਵਿੱਚ ਵੱਡੀ ਗਿਣਤੀ ਡੇਰਾ ਸੌਦਾ ਦੇ ਪੈਰੋਕਾਰ ਹਨ। ਸਿਆਸੀ ਪਾਰਟੀਆਂ ਖੁੱਲ੍ਹ ਕੇ ਬੋਲਣ ਤੋਂ ਡਰਦੀਆਂ ਹਨ। ਸਿਰਸਾ ਅਤੇ ਨੇੜਲੇ ਜ਼ਿਲ੍ਹਿਆਂ ਵਿੱਚ ਡੇਰੇ ਦਾ ਗੜ੍ਹ ਹੈ। ਨਗਰ ਨਿਗਮ ਅਤੇ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਪ੍ਰੇਮੀਆਂ ਨੇ ਭਾਜਪਾ ਦੀ ਜਿੱਤ ਵਿੱਚ ਫੈਸਲਾਕੁੰਨ ਰੋਲ ਨਿਭਾਇਆ ਸੀ।

# ਪੰਜਾਬ ਦਾ ਨਸ਼ਾ ਸੰਕਟ: 74 ਲੱਖ ਲੋਕ ਡਰੱਗ ਦੀ ਦਲਦਲ ਵਿੱਚ ਫਸੇ

## 7 ਲੱਖ ਪੰਜਾਬੀ ਬੱਚੇ, ਜਿਨ੍ਹਾਂ ਦੀ ਉਮਰ ਮਹਿਜ਼ 10 ਤੋਂ 17 ਸਾਲ ਹੈ ਡਰੱਗ ਦੀ ਲਪੇਟ 'ਚ

ਪੰਜਾਬ ਦੀ ਧਰਤੀ, ਜੋ ਕਦੇ 'ਖੁਸ਼ਹਾਲੀ, ਅਣਖ ਅਤੇ ਹਰਿਆਵਲ' ਦੀ ਪ੍ਰਤੀਕ ਮੰਨੀ ਜਾਂਦੀ ਸੀ, ਅੱਜ 'ਨਸ਼ਿਆਂ ਦੀ ਦਲਦਲ' ਵਿੱਚ ਗ੍ਰਸਿਤ ਨਜ਼ਰ ਆ ਰਹੀ ਹੈ। ਇਹ ਕੋਈ ਆਮ ਸਮੱਸਿਆ ਨਹੀਂ, ਸਗੋਂ ਪੰਜਾਬ ਦੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ 'ਤੇ ਇੱਕ ਬਹੁਤ ਵੱਡਾ ਸਵਾਲੀਆ ਨਿਸ਼ਾਨ ਹੈ। ਤਾਜ਼ਾ ਰਿਪੋਰਟਾਂ ਅਤੇ ਅੰਕੜੇ ਦਰਸਾਉਂਦੇ ਹਨ ਕਿ ਸੂਬਾ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਦੇਰੀ ਕੀਤਾ ਗਿਆ ਹਰ ਇੱਕ ਕਦਮ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ। ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਦੇ ਜ਼ੋਨਲ ਡਾਇਰੈਕਟਰ ਅਮਨਜੀਤ ਸਿੰਘ ਨੇ ਹਾਲ ਹੀ ਵਿੱਚ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦੀ ਕਮੇਟੀ ਦੀ 51ਵੀਂ ਰਿਪੋਰਟ ਦੇ ਹਵਾਲੇ ਨਾਲ ਇੱਕ ਖੌਫ਼ਨਾਕ ਤਸਵੀਰ ਪੇਸ਼ ਕੀਤੀ ਹੈ। ਇਸ ਰਿਪੋਰਟ ਅਨੁਸਾਰ, ਪੰਜਾਬ ਵਿੱਚ ਨਸ਼ਾ ਕਰਨ ਵਾਲਿਆਂ ਦੀ ਕੁੱਲ ਗਿਣਤੀ 74 ਲੱਖ ਹੈ, ਜਿਨ੍ਹਾਂ ਵਿੱਚੋਂ 7 ਲੱਖ ਅਜਿਹੇ ਬੱਚੇ ਹਨ ਜਿਨ੍ਹਾਂ ਦੀ ਉਮਰ ਮਹਿਜ਼ 10 ਤੋਂ 17 ਸਾਲਾਂ ਵਿੱਚ ਹੈ।

ਐੱਨ.ਸੀ.ਬੀ. ਅਧਿਕਾਰੀ ਨੇ ਦੱਸਿਆ ਕਿ ਪੰਜਾਬ ਇਸ ਵੇਲੇ ਹੈਰੋਇਨ, ਓਪੀਔਡਜ਼, ਨੀਂਦ ਦੀਆਂ ਗੋਲੀਆਂ ਅਤੇ ਇਨਹੇਲੈਂਟਸ ਵਰਗੇ ਨਸ਼ਿਆਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਵੱਧ ਤੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਹੁਣ ਕੋਕੀਨ ਵਰਗੇ ਮਹਿੰਗੇ ਅਤੇ ਖ਼ਤਰਨਾਕ ਨਸ਼ੇ ਵੀ ਪੰਜਾਬ ਵਿੱਚ ਪੈਰ ਪਸਾਰ ਰਹੇ ਹਨ।

ਇਹ ਰਿਪੋਰਟ 2022-23 ਦੇ ਸੰਸਦੀ ਸਥਾਈ ਕਮੇਟੀ ਦੇ ਅੰਕੜਿਆਂ ਤੇ ਆਧਾਰਿਤ ਹੈ, ਜਿਸ ਅਨੁਸਾਰ 18 ਤੋਂ 75 ਸਾਲਾਂ ਦੇ ਬਾਲਗਾਂ ਵਿੱਚ 73.31 ਲੱਖ ਲੋਕ ਸ਼ਰਾਬ ਦੇ ਨਸ਼ੇ ਵਿੱਚ ਡੁੱਬੇ ਹਨ, 30.68 ਲੱਖ ਕੈਨਾਬਿਸ (ਭੰਗ) ਵਰਤਦੇ ਹਨ, ਅਤੇ 21.36 ਲੱਖ ਓਪੀਔਡ ਨਸ਼ੇ ਕਰਦੇ ਹਨ। ਬੱਚਿਆਂ ਬਾਰੇ ਗੱਲ ਕਰੀਏ ਤਾਂ 3.43 ਲੱਖ ਬੱਚੇ ਓਪੀਔਡ, 1.43 ਲੱਖ ਕੈਨਾਬਿਸ, 93 ਹਜ਼ਾਰ ਨੀਂਦ ਦੀਆਂ ਗੋਲੀਆਂ, ਅਤੇ 72 ਹਜ਼ਾਰ ਇਨਹੇਲੈਂਟਸ ਵਰਤ ਰਹੇ ਹਨ। ਇਸ ਤੋਂ ਇਲਾਵਾ, 28,800 ਬੱਚੇ ਐਮਫੈਟਾਮੀਨ ਟਾਈਪ ਸਟਿਮੂਲੈਂਟਸ ਅਤੇ 18,100 ਕੋਕੀਨ ਨਾਲ ਜੂਝ ਰਹੇ ਹਨ। ਇਹ ਅੰਕੜੇ ਪੰਜਾਬ ਨੂੰ ਭਾਰਤ ਦੇ ਸਭ ਤੋਂ ਵੱਧ ਨਸ਼ਾ ਪ੍ਰਭਾਵਿਤ ਸੂਬਿਆਂ ਵਿੱਚ ਸ਼ਾਮਲ ਕਰਦੇ ਹਨ, ਜਿੱਥੇ ਛਤੀਸਗੜ੍ਹ, ਤ੍ਰਿਪੁਰਾ ਅਤੇ ਅਰੁਣਾਚਲ ਪ੍ਰਦੇਸ਼ ਵਰਗੇ ਸੂਬੇ ਵੀ ਉੱਚ ਪੱਧਰ 'ਤੇ ਪ੍ਰਭਾਵਿਤ ਹਨ। ਪੰਜਾਬ ਸਰਕਾਰ ਨੇ ਨਸ਼ੇ ਨੂੰ ਕੰਟਰੋਲ ਕਰਨ ਲਈ ਕਈ ਕਦਮ ਚੁੱਕੇ ਹਨ, ਪਰ ਵਿਰੋਧੀ ਪਾਰਟੀਆਂ ਅਤੇ ਮਾਹਿਰਾਂ ਅਨੁਸਾਰ ਇਹ ਕਾਫ਼ੀ ਨਹੀਂ ਹਨ।

(ਬਾਕੀ ਸਫ਼ਾ 27 'ਤੇ)

# ਪੰਜਾਬ ਯੂਨੀਵਰਸਿਟੀ ’ਚ ਆਰ. ਐੱਸ. ਐੱਸ.-ਭਾਜਪਾ ਸੈਮੀਨਾਰ ਦਾ ਵਿਦਿਆਰਥੀਆਂ ਵੱਲੋਂ ਵਿਰੋਧ

## ਵਿਦਿਆਰਥੀਆਂ ’ਤੇ ਬੇਰਹਿਮ ਲਾਠੀਚਾਰਜ, ਪੱਗਾਂ ਲੱਥੀਆਂ, ਹਿਰਾਸਤ ਵਿੱਚ ਲਿਆ, ਪੁਲਿਸ ਵੱਲੋਂ ਧੱਕੇਸ਼ਾਹੀ





ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਬੀਤੇ ਦਿਨ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਨਾ ਸਿਰਫ਼ ਵਿਦਿਆਰਥੀਆਂ ਦੇ ਅਧਿਕਾਰਾਂ ਨੂੰ ਕੁਚਲਿਆ ਗਿਆ, ਬਲਕਿ ਸਿੱਖ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਅਤੇ ਪੰਜ ਪਿਆਰਿਆਂ ਨੂੰ ਲੈ ਕੇ ਆਯੋਜਿਤ ਸੈਮੀਨਾਰ ਵਿੱਚ ਆਰ ਐੱਸ ਐੱਸ ਅਤੇ ਭਾਜਪਾ ਨਾਲ ਜੁੜੇ ਬੁਲਾਰਿਆਂ ਨੂੰ ਸੱਦੇ ਜਾਣ ਨੂੰ ਲੈ ਕੇ ਵਿਦਿਆਰਥੀ ਜਥੇਬੰਦੀਆਂ ਨੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕੀਤਾ ਪਰ ਚੰਡੀਗੜ੍ਹ ਪੁਲਿਸ ਨੇ ਇਸ ਨੂੰ ਬੇਰਹਿਮੀ ਨਾਲ ਕੁਚਲਦਿਆਂ ਲਾਠੀਚਾਰਜ ਕੀਤਾ, ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਖਿੱਚ-ਧੂਹ ਵਿੱਚ ਕਈਆਂ ਦੀਆਂ ਪੱਗਾਂ ਤੱਕ ਲੱਥ ਗਈਆਂ। ਵਿਦਿਆਰਥੀ ਲੀਡਰਾਂ ਨੇ ਇਸ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲਿਸ ਦੀ ਧੱਕੇਸ਼ਾਹੀ ਕਰਾਰ ਦਿੱਤਾ ਹੈ, ਜਦਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ।

ਘਟਨਾ ਦੀ ਸ਼ੁਰੂਆਤ ਤੋਂ ਲੈ ਕੇ ਵਿਸਥਾਰ ਵਿੱਚ ਜਾਣੀਏ ਤਾਂ ਪਿਛਲੇ ਦਿਨੀਂ ਯੂਨੀਵਰਸਿਟੀ ਦੇ ਲਾਅ ਆਡੀਟੋਰੀਅਮ ਵਿੱਚ ‘ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਪੰਜ ਪਿਆਰੇ’ ਵਿਸ਼ੇ ’ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ ਸੀ। ਇਸ ਵਿੱਚ ਮੁੱਖ ਬੁਲਾਰੇ ਵਜੋਂ ਆਰ ਐੱਸ ਐੱਸ ਦੇ ਉੱਤਰੀ ਜ਼ੋਨ ਪ੍ਰਚਾਰਕ ਬਨਵੀਰ ਸਿੰਘ (ਜਾਂ ਬਨਵੀਰ ਰਾਣਾ ਵਜੋਂ ਵੀ ਜਾਣੇ ਜਾਂਦੇ) ਅਤੇ ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਨੂੰ ਸੱਦਿਆ ਗਿਆ ਸੀ। ਵਿਦਿਆਰਥੀ ਜਥੇਬੰਦੀਆਂ ਜਿਵੇਂ ਕਿ ‘ਸੱਥ’, ਪੀ.ਐੱਸ.ਯੂ. (ਲਲਕਾਰ) ਅਤੇ ਐੱਸ.ਐੱਫ.ਐੱਸ. ਨੇ ਇਸ ਨੂੰ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ। ਉਨ੍ਹਾਂ ਮੁਤਾਬਕ, ਇਹ ਬੁਲਾਰੇ ਪਹਿਲਾਂ ਵੀ ਸਿੱਖ ਧਰਮ ਬਾਰੇ ਗਲਤ ਟਿੱਪਣੀਆਂ ਕਰ ਚੁੱਕੇ ਹਨ ਅਤੇ ਆਰ. ਐੱਸ. ਐੱਸ. ਦੀ ਵਿਚਾਰਧਾਰਾ ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਨਾਲ ਵਿਤਕਰੇ ਵਾਲੀ ਹੈ। ਦੋ ਦਿਨ ਪਹਿਲਾਂ ਹੀ ਵਿਦਿਆਰਥੀਆਂ ਨੇ ਡੀਨ ਵਿਦਿਆਰਥੀ ਭਲਾਈ ਨੂੰ ਵਿਰੋਧ ਪੱਤਰ ਦਿੱਤਾ ਸੀ ਅਤੇ ਸੈਮੀਨਾਰ ਰੱਦ ਕਰਨ ਦੀ ਮੰਗ ਕੀਤੀ ਸੀ, ਪਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਨੂੰ ਨਜ਼ਰਅੰਦਾਜ਼ ਕਰ ਕੇ ਪ੍ਰੋਗਰਾਮ ਜਾਰੀ ਰੱਖਿਆ। ਵਾਈਸ ਚਾਂਸਲਰ ਪ੍ਰੋਫੈਸਰ ਰੇਨੂ ਵਿੱਗ ਵੀ ਇਸ ਵਿੱਚ ਸ਼ਾਮਲ ਹੋਏ, ਜਿਸ ਨੂੰ ਵਿਦਿਆਰਥੀਆਂ ਨੇ ਪ੍ਰਸ਼ਾਸਨ ਦੀ ਮਿਲੀਭੁਗਤ ਵਜੋਂ ਵੇਖਿਆ।

ਵਿਦਿਆਰਥੀ ਲੀਡਰ ਅਸ਼ਮੀਤ ਸਿੰਘ, ਜੋ ਵਿਦਿਆਰਥੀ ਕੌਂਸਲ ਦੇ ਮੀਤ ਪ੍ਰਧਾਨ ਅਤੇ ‘ਸੱਥ’ ਜਥੇਬੰਦੀ ਨਾਲ ਜੁੜੇ ਹਨ, ਨੇ ਦੱਸਿਆ ਕਿ ਜਦੋਂ ਵਿਦਿਆਰਥੀ ਵਿਰੋਧ ਲਈ ਇਕੱਠੇ ਹੋਏ ਤਾਂ ਡੀ.ਐੱਸ.ਪੀ. ਦੀ ਅਗਵਾਈ ਵਿੱਚ ਸੈਂਕੜੇ ਪੁਲਿਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਘੇਰ ਲਿਆ। ਵਿਦਿਆਰਥੀ ਲੀਡਰ ਅਸ਼ਮੀਤ ਸਿੰਘ ਨੇ ਕਿਹਾ ਕਿ ਅਸੀਂ ਸ਼ਾਂਤਮਈ ਤਰੀਕੇ ਨਾਲ ਆਪਣੀ ਗੱਲ ਰੱਖ ਰਹੇ ਸੀ, ਪਰ ਪੁਲਿਸ ਨੇ ਬਿਨਾਂ ਕਿਸੇ ਪੁੱਛਗਿੱਛ ਤੋਂ ਵੈਨਾਂ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ। ਧੱਕਾ-ਮੁੱਕੀ ਵਿੱਚ ਕਈ ਵਿਦਿਆਰਥੀਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਸੱਟਾਂ ਲੱਗੀਆਂ। ਉਨ੍ਹਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ’ਤੇ ਦੋਸ਼ ਲਾਇਆ ਕਿ ਚੰਡੀਗੜ੍ਹ ਪ੍ਰਸ਼ਾਸਨ ਤੇ ਯੂਨੀਵਰਸਿਟੀ ਅਧਿਕਾਰੀ ਜੇਐੱਨਯੂ ਵਾਂਗ ਪੰਜਾਬ ਯੂਨੀਵਰਸਿਟੀ ਨੂੰ ਆਰ.ਐੱਸ.ਐੱਸ. ਦਾ ਬੌਧਿਕ ਅੱਡਾ ਬਣਾਉਣਾ ਚਾਹੁੰਦੇ ਹਨ, ਜਿਸ ਨੂੰ ਇਨਸਾਫ਼ਪਸੰਦ ਵਿਦਿਆਰਥੀ ਬਰਦਾਸ਼ਤ ਨਹੀਂ ਕਰਨਗੇ। ਪੀ.ਐੱਸ.ਯੂ. (ਲਲਕਾਰ) ਤੋਂ ਜੋਬਨ ਸਿੰਘ ਅਤੇ ਐੱਸ.ਐੱਫ.ਐੱਸ. ਤੋਂ ਸੰਦੀਪ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਅਤੇ ਕਿਹਾ ਕਿ ਆਰ. ਐੱਸ. ਐੱਸ. ਦੀ ਵਿਚਾਰਧਾਰਾ ਧਾਰਮਿਕ ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਵਿਤਕਰੇ ਵਾਲੀ ਹੈ, ਅਤੇ ਅਜਿਹੇ ਲੋਕਾਂ ਨੂੰ ਗੁਰੂ ਜੀ ਦੇ ਵਿਸ਼ੇ ’ਤੇ ਬੋਲਣ ਦਾ ਕੋਈ ਹੱਕ ਨਹੀਂ।

ਇਸ ਘਟਨਾ ਨੇ ਵਿਦਿਆਰਥੀਆਂ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓਜ਼ ਵਿੱਚ ਦੇਖਿਆ ਜਾ ਸਕਦਾ ਹੈ ਕਿ ਪੁਲੀਸ ਵਿਦਿਆਰਥੀਆਂ ਨੂੰ ਬੱਸਾਂ ਵਿੱਚ ਸੁੱਟ ਰਹੀ ਹੈ ਅਤੇ ਲਾਠੀਆਂ ਵਰ੍ਹਾ ਰਹੀ ਹੈ। ਇੱਕ ਵੀਡੀਓ ਵਿੱਚ ਪੁਲਿਸ ਵਾਲੇ ਵਿਦਿਆਰਥੀਆਂ ਨੂੰ ਖਿੱਚਦੇ ਹੋਏ ਦਿਖਾਈ ਦਿੰਦੇ ਹਨ, ਜਿਸ ਵਿੱਚ ਪੱਗਾਂ ਡਿੱਗਣ ਅਤੇ ਵਿਦਿਆਰਥੀਆਂ ਦੇ ਚੀਕਣ ਦੀਆਂ ਆਵਾਜ਼ਾਂ ਸੁਣੀਆਂ ਜਾ ਸਕਦੀਆਂ ਹਨ। ਇਹਨਾਂ ਵੀਡੀਓਜ਼ ਨੇ ਸਿੱਖ ਭਾਈਚਾਰੇ ਵਿੱਚ ਗੁੱਸੇ ਨੂੰ ਹੋਰ ਵਧਾ ਦਿੱਤਾ ਹੈ।

ਵਿਦਿਆਰਥੀਆਂ ਦੇ ਪੱਖ ਨੂੰ ਮਜ਼ਬੂਤੀ ਨਾਲ ਪੇਸ਼ ਕਰਦੇ ਹੋਏ, ਇਹ ਕਹਿਣਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਵਿਰੋਧ ਬਿਲਕੁਲ ਜਾਇਜ਼ ਸੀ। ਯੂਨੀਵਰਸਿਟੀ ਵਰਗੇ ਅਕਾਦਮਿਕ ਅਦਾਰੇ ਵਿੱਚ ਰਾਜਨੀਤਿਕ ਜਾਂ ਵਿਚਾਰਧਾਰਕ ਪ੍ਰਚਾਰ ਨੂੰ ਰੋਕਣਾ ਵਿਦਿਆਰਥੀਆਂ ਦਾ ਅਧਿਕਾਰ ਹੈ। ਅਸ਼ਮੀਤ ਸਿੰਘ ਨੇ ਕਿਹਾ, ‘ਅਸੀਂ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ ਕਿ ਜੇ ਪ੍ਰੋਗਰਾਮ ਰੱਦ ਨਾ ਕੀਤਾ ਗਿਆ ਤਾਂ ਵਿਰੋਧ ਕੀਤਾ ਜਾਵੇਗਾ। ਪਰ ਪ੍ਰਸ਼ਾਸਨ ਨੇ ਸਾਡੀ ਗੱਲ ਨਹੀਂ ਸੁਣੀ ਅਤੇ ਪੁਲਿਸ ਨੂੰ ਬੁਲਾ ਕੇ ਜਬਰ ਵਰਤਿਆ।’ ਲਗਭਗ 30 ਤੋਂ 40 ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ, ਜਿਨ੍ਹਾਂ ਵਿੱਚੋਂ ਕਈਆਂ ਨੂੰ ਬਾਅਦ ਵਿੱਚ ਰਿਹਾਅ ਕੀਤਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨੂੰ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ, ‘ਜੇ ਵਿਦਿਆਰਥੀਆਂ ਨੂੰ ਕੋਈ ਇਤਰਾਜ਼ ਸੀ ਤਾਂ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਗੱਲ ਸੁਣਨੀ ਚਾਹੀਦੀ ਸੀ, ਨਾ ਕਿ ਜਬਰ ਕਰਨਾ ਚਾਹੀਦਾ ਸੀ। ਸਿੱਖ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰਨਾ ਬਰਦਾਸ਼ਤਯੋਗ ਨਹੀਂ। ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇ।’ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਘਟਨਾ ਨੂੰ ਨਿੰਦਣਯੋਗ ਕਰਾਰ ਦਿੱਤਾ। ਉਨ੍ਹਾਂ ਕਿਹਾ, ‘ਦਸਤਾਰ ਸਿੱਖ ਜੀਵਨ ਦਾ ਅਹਿਮ ਹਿੱਸਾ ਹੈ। ਪੁਲਿਸ ਵੱਲੋਂ ਬਲ ਵਰਤ ਕੇ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰਨਾ ਸਿੱਖ ਭਾਵਨਾਵਾਂ ਅਤੇ ਸਿੱਖੀ ਗੌਰਵ ਦਾ ਨਿਰਾਦਰ ਹੈ। ਵਿਦਿਆਰਥੀਆਂ ਨੂੰ ਆਪਣੀ ਗੱਲ ਰੱਖਣ ਦਾ ਹੱਕ ਹੈ ਅਤੇ ਇਸ ’ਤੇ ਰੋਕ ਧੱਕੇਸ਼ਾਹੀ ਹੈ।’ ਧਾਮੀ ਨੇ ਦਸਤਾਰਾਂ ਉਤਾਰਨ ਵਾਲੇ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਵੀ ਲਾਠੀਚਾਰਜ ਨੂੰ ਮੰਦਭਾਗਾ ਕਰਾਰ ਦਿੱਤਾ।

ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲਿਸ ਦੇ ਪੱਖ ਨੂੰ ਵੇਖੀਏ ਤਾਂ ਉਨ੍ਹਾਂ ਨੇ ਇਸ ਨੂੰ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜ਼ਰੂਰੀ ਕਾਰਵਾਈ ਕਿਹਾ ਹੈ। ਇੱਕ ਰਿਪੋਰਟ ਮੁਤਾਬਕ, ਪੁਲਿਸ ਨੇ ਕਿਹਾ ਕਿ ਵਿਦਿਆਰਥੀਆਂ ਨੇ ਸੈਮੀਨਾਰ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਹਿੰਸਕ ਹੋ ਗਏ, ਜਿਸ ਕਰ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਪਰ ਵਿਦਿਆਰਥੀਆਂ ਨੇ ਇਸ ਨੂੰ ਝੂਠਾ ਦੱਸਿਆ ਅਤੇ ਕਿਹਾ ਕਿ ਉਹ ਸ਼ਾਂਤਮਈ ਸਨ ਅਤੇ ਪੁਲਿਸ ਨੇ ਪਹਿਲਾਂ ਹਮਲਾ ਕੀਤਾ। ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏਬੀਵੀਪੀ) ਦੇ ਪ੍ਰਧਾਨ ਆਸ਼ੀਸ਼ ਸ਼ਰਮਾ ਨੇ ਕਿਹਾ ਕਿ ਬਨਵੀਰ ਰਾਣਾ ਨੂੰ ਸੱਦਿਆ ਗਿਆ ਸੀ ਅਤੇ ਇਹ ਇੱਕ ਅਕਾਦਮਿਕ ਪ੍ਰੋਗਰਾਮ ਸੀ, ਨਾ ਕਿ ਭਗਵੀਂ ਰਾਜਨੀਤੀ ਦਾ ਪ੍ਰੋਗਰਾਮ। ਪਰ ਵਿਦਿਆਰਥੀ ਜਥੇਬੰਦੀਆਂ ਨੇ ਇਸ ਨੂੰ ਭਾਜਪਾ ਦੇ ਰਾਜਨੀਤਿਕ ਪ੍ਰਚਾਰ ਵਜੋਂ ਵੇਖਿਆ ਅਤੇ ਕਿਹਾ ਕਿ ਅਜਿਹੇ ਅਦਾਰੇ ਵਿੱਚ ਨਿਰਪੱਖਤਾ ਬਣਾਈ ਰੱਖਣੀ ਚਾਹੀਦੀ ਹੈ। ਵਿਦਿਆਰਥੀ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀਆਂ ਵਿਰੁੱਧ ਜਾਂਚ ਹੋਵੇ ਅਤੇ ਵਿਦਿਆਰਥੀਆਂ ਨੂੰ ਨਿਆਂ ਮਿਲੇ। ਕਾਂਗਰਸ ਪਾਰਟੀ ਨੇ ਵੀ ਇਸ ਘਟਨਾ ਨੂੰ ਨਿਖੇਧੀ ਕੀਤੀ ਹੈ ਅਤੇ ਕਿਹਾ ਕਿ ਇਹ ਵਿਦਿਆਰਥੀ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਹੈ।

ਇਸ ਘਟਨਾ ਨੇ ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਨੂੰ ਵੀ ਯਾਦ ਕਰਵਾਇਆ ਹੈ, ਜਿੱਥੇ ਵਿਦਿਆਰਥੀ ਅੰਦੋਲਨ ਹਮੇਸ਼ਾ ਮਜ਼ਬੂਤ ਰਿਹਾ ਹੈ। ਇੱਥੇ ਵਿਦਿਆਰਥੀ ਨਾ ਸਿਰਫ਼ ਪੜ੍ਹਾਈ ਕਰਦੇ ਹਨ ਬਲਕਿ ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ ’ਤੇ ਵੀ ਆਵਾਜ਼ ਉਠਾਉਂਦੇ ਹਨ। ਪਰ ਅਜਿਹੀਆਂ ਘਟਨਾਵਾਂ ਨੇ ਯੂਨੀਵਰਸਿਟੀ ਨੂੰ ਰਾਜਨੀਤਿਕ ਅਖਾੜਾ ਬਣਾਉਣ ਦੀ ਕੋਸ਼ਿਸ਼ ਨੂੰ ਉਜਾਗਰ ਕੀਤਾ ਹੈ। ਵਿਦਿਆਰਥੀਆਂ ਨੇ ਕਿਹਾ ਕਿ ਉਹ ਇਸ ਵਿਰੁੱਧ ਲੜਾਈ ਜਾਰੀ ਰੱਖਣਗੇ। ਇਸ ਪੁਲਸੀਆ ਕਾਰਵਾਈ ਨੇ ਲੋਕਤੰਤਰ ਵਿੱਚ ਵਿਰੋਧ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ ਹੈ ਅਤੇ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਅਕਾਦਮਿਕ ਅਦਾਰੇ ਅਸਲ ਵਿੱਚ ਨਿਰਪੱਖ ਹਨ ਜਾਂ ਰਾਜਨੀਤਿਕ ਏਜੰਡੇ ਦਾ ਸਾਧਨ ਬਣ ਰਹੇ ਹਨ।

## ਸੁਪਰੀਮ ਕੋਰਟ ਦਾ ਇਤਿਹਾਸਕ ਫ਼ੈਸਲਾ

# 13 ਸਾਲਾਂ ਤੋਂ ਬੇਹੋਸ਼ੀ ਦੀ ਹਾਲਤ ’ਚ ਪਏ ਨੌਜਵਾਨ ਨੂੰ ਮਿਲੀ ‘ਸਨਮਾਨਜਨਕ ਮੌਤ’ ਦੀ ਇਜਾਜ਼ਤ



ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਇੱਕ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ, 2013 ਤੋਂ ਵੈਜੀਟੇਟਿਵ ਸਟੇਟ (ਬੇਹੋਸ਼ੀ ਵਰਗੀ ਹਾਲਤ) ਵਿੱਚ ਪਏ ਇੱਕ 32 ਸਾਲਾ ਨੌਜਵਾਨ ਲਈ ਪਹਿਲੀ ਵਾਰ ‘ਪੈਸਿਵ ਯੂਥੇਨੇਸ਼ੀਆ’ (ਮੌਤ ਦੀ ਇਜਾਜ਼ਤ) ਦੀ ਮਨਜ਼ੂਰੀ ਦੇ ਦਿੱਤੀ ਹੈ। ਹਰੀਸ਼ ਰਾਣਾ ਨਾਮ ਦੇ ਇਸ ਵਿਅਕਤੀ ਦੀ 13 ਸਾਲ ਪਹਿਲਾਂ ਇੱਕ ਇਮਾਰਤ ਤੋਂ ਡਿੱਗਣ ਕਾਰਨ ਇਹ ਹਾਲਤ ਹੋਈ ਸੀ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਹਰੀਸ਼ ਦੇ ਪਿਤਾ ਅਸ਼ੋਕ ਰਾਣਾ ਦੀ ਪਟੀਸ਼ਨ ’ਤੇ ਇਹ ਹੁਕਮ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਦਿੱਤੀਆਂ ਜਾ ਰਹੀਆਂ ਜੀਵਨ-ਰੱਖਿਅਕ ਸਹੂਲਤਾਂ ਨੂੰ ਹਟਾਉਣ ਦੀ ਮੰਗ ਕੀਤੀ ਸੀ। ਅਦਾਲਤ ਨੇ 2018 ਦੇ ‘ਕਾਮਨ ਕਾਜ਼’ ਫੈਸਲੇ ਦਾ ਹਵਾਲਾ ਦਿੱਤਾ, ਜੋ ਮਨੁੱਖ ਨੂੰ ਸਨਮਾਨ ਨਾਲ ਮਰਨ ਦੇ ਮੌਲਿਕ ਅਧਿਕਾਰ ਦੀ ਮਾਨਤਾ ਦਿੰਦਾ ਹੈ।

ਅਦਾਲਤ ਵੱਲੋਂ ਗਠਿਤ ਕੀਤੇ ਗਏ ਦੋ ਮੈਡੀਕਲ ਬੋਰਡਾਂ ਨੇ ਪਹਿਲਾਂ ਹੀ ਇਹ ਸਾਫ਼ ਕਰ ਦਿੱਤਾ ਸੀ ਕਿ ਹਰੀਸ਼ ਦੇ ਠੀਕ ਹੋਣ ਦੀ ਕੋਈ ਉਮੀਦ ਨਹੀਂ ਹੈ। ਮੈਡੀਕਲ ਰਿਪੋਰਟਾਂ ਅਨੁਸਾਰ ਉਸ ਦੀ ਹਾਲਤ ਬਹੁਤ ਤਰਸਯੋਗ ਸੀ। ਉਹ ਸਾਹ ਲੈਣ ਅਤੇ ਖਾਣਾ ਖਾਣ ਲਈ ਪਾਈਪਾਂ ’ਤੇ ਨਿਰਭਰ ਸੀ ਅਤੇ ਉਸ ਦੇ ਸਰੀਰ ’ਤੇ ਡੂੰਘੇ ਜ਼ਖ਼ਮ ਹੋ ਚੁੱਕੇ ਸਨ। ਬੈਂਚ ਨੇ ਕਿਹਾ ਕਿ ਕਿਉਂਕਿ ਮੈਡੀਕਲ ਬੋਰਡਾਂ ਨੇ ਜੀਵਨ ਸਹਾਇਤਾ ਹਟਾਉਣ ਦੀ ਪੁਸ਼ਟੀ ਕਰ ਦਿੱਤੀ ਹੈ, ਇਸ ਲਈ ਹੁਣ ਅਦਾਲਤ ਦੀ ਦਖਲਅੰਦਾਜ਼ੀ ਦੀ ਲੋੜ ਨਹੀਂ ਹੈ, ਪਰ ਕਿਉਂਕਿ ਇਹ ਪਹਿਲਾ ਮਾਮਲਾ ਸੀ, ਇਸ ਲਈ ਅਦਾਲਤ ਦਾ ਫੈਸਲਾ ਜ਼ਰੂਰੀ ਸਮਝਿਆ ਗਿਆ।

ਸੁਪਰੀਮ ਕੋਰਟ ਨੇ ਏਮਜ਼ ਦਿੱਲੀ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਮਰੀਜ਼ ਨੂੰ ਆਪਣੇ ਪੈਲੀਏਟਿਵ ਕੇਅਰ ਸੈਂਟਰ ਵਿੱਚ ਦਾਖਲ ਕਰਨ ਤਾਂ ਜੋ ਮਰੀਜ਼ ਨੂੰ ਦਿੱਤੀ ਜਾ ਰਹੀ ਖੁਰਾਕ ਅਤੇ ਹੋਰ ਡਾਕਟਰੀ ਸਹਾਇਤਾ ਨੂੰ ਹਟਾਉਣ ਦੀ ਪ੍ਰਕਿਰਿਆ ਸਨਮਾਨਜਨਕ ਤਰੀਕੇ ਨਾਲ ਪੂਰੀ ਕੀਤੀ ਜਾ ਸਕੇ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਾਰੀਆਂ ਹਾਈ ਕੋਰਟਸ ਅਤੇ ਜ਼ਿਲ੍ਹਾ ਮੁੱਖ ਮੈਡੀਕਲ ਅਫ਼ਸਰਾਂ ਨੂੰ ਅਜਿਹੇ ਮਾਮਲਿਆਂ ਲਈ ਮੈਡੀਕਲ ਬੋਰਡਾਂ ਦੇ ਪੈਨਲ ਤਿਆਰ ਰੱਖਣੇ ਚਾਹੀਦੇ ਹਨ। ਪੈਸਿਵ ਯੂਥੇਨੇਸ਼ੀਆ ਦਾ ਮਤਲਬ ਹੈ ਕਿਸੇ ਅਜਿਹੇ ਮਰੀਜ਼ ਨੂੰ ਮਰਨ ਦੀ ਇਜਾਜ਼ਤ ਦੇਣਾ ਜਿਸ ਦੇ ਬਚਣ ਦੀ ਉਮੀਦ ਨਾ ਹੋਵੇ ਅਤੇ ਉਸ ਨੂੰ ਜਿਉਂਦਾ ਰੱਖਣ ਵਾਲੀਆਂ ਮਸ਼ੀਨਾਂ ਜਾਂ ਇਲਾਜ ਨੂੰ ਰੋਕ ਦੇਣਾ।

# ਕਿਸਾਨ ਮੋਰਚੇ ਵੱਲੋਂ ਭਾਰਤ-ਅਮਰੀਕੀ ਸਮਝੌਤੇ ਵਿਰੁੱਧ ਸੰਘਰਸ਼ ਦਾ ਐਲਾਨ

## ਗੋਇਲ ਨੂੰ ਕੇਂਦਰੀ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕਰਨ ਦੀ ਮੰਗ



ਬਰਨਾਲਾ/ਏ.ਟੀ.ਨਿਊਜ਼: ਸੰਯੁਕਤ ਕਿਸਾਨ ਮੋਰਚਾ ਨੇ ਅੱਜ ਬਰਨਾਲਾ ਦੀ ਦਾਣਾ ਮੰਡੀ ਵਿੱਚ ਵੱਡੀ ਰੈਲੀ ਕਰ ਕੇ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਨੂੰ ਖੇਤੀ ਅਤੇ ਕਿਸਾਨੀ ਲਈ ਤਬਾਹਕੁਨ ਕਰਾਰ ਦਿੱਤਾ ਤੇ ਇਸ ਵਿਰੁੱਧ ਡਟ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ। ਅੱਜ ਦੀ ਰੈਲੀ ਵਿੱਚ ਪੰਜਾਬ ਦੇ ਪਾਣੀ ਦੇ ਪਲੀਤ ਹੋਣ ਦੇ ਸਿੱਟੇ ਵਜੋਂ ਕੈਂਸਰ ਅਤੇ ਹੋਰ ਬਿਮਾਰੀਆਂ ਦਾ ਕਾਰਨ ਬਣਨ ਦੀਆਂ ਖ਼ਬਰਾਂ ’ਤੇ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਹਰ ਖੇਤ ਨੂੰ ਨਹਿਰੀ ਪਾਣੀ ਅਤੇ ਹਰ ਘਰ ਨੂੰ ਪੀਣ

(ਬਾਕੀ ਸਫ਼ਾ 26 ’ਤੇ)

# ਸ਼੍ਰੋਮਣੀ ਕਮੇਟੀ ਦਾ ਸਲਾਨਾ ਬਜਟ ਜਨਰਲ ਇਜਲਾਸ 28 ਮਾਰਚ ਨੂੰ

## ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕੀਤਾ ਜਾਵੇਗਾ : ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ ਇਜਲਾਸ 28 ਮਾਰਚ ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਨੇ ਬਜਟ ਸਬ-ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਦਿਆਂ ਇਹ ਫੈਸਲਾ ਲਿਆ ਹੈ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਕੱਤਰਤਾ 'ਚ ਸਾਲ 2026-2027 ਦਾ ਸਾਲਾਨਾ ਬਜਟ ਇਜਲਾਸ 28 ਮਾਰਚ ਨੂੰ ਸੱਦੇ ਜਾਣ ਦਾ ਫੈਸਲਾ ਹੋਇਆ ਹੈ। ਜਿਸ ਵਿੱਚ ਸ਼੍ਰੋਮਣੀ ਕਮੇਟੀ, ਗੁਰਦੁਆਰਾ ਸਾਹਿਬਾਨ, ਟਰੱਸਟ ਵਿਭਾਗ, ਜਨਰਲ ਬੋਰਡ ਫੰਡ, ਵਿਦਿਅਕ ਅਦਾਰੇ, ਪ੍ਰਿੰਟਿੰਗ ਪ੍ਰੈੱਸਾਂ, ਧਰਮ ਪਚਾਰ ਕਮੇਟੀ, ਸਿੱਖ ਇਤਿਹਾਸ ਰਿਸਰਚ ਬੋਰਡ ਆਦਿ ਦਾ ਸਾਲਾਨਾ ਬਜਟ ਪਾਸ ਕਰਨ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਵੱਲੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਕਾਰਜ ਵਿਚਾਰੇ ਜਾਣਗੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਬੇਅਦਬੀਆਂ ਦੇ ਮਾਮਲਿਆਂ ਸਬੰਧੀ ਕਾਨੂੰਨ ਬਣਾਉਣ ਲਈ ਸਮਾਣਾ ਵਿਖੇ ਭਾਈ ਗੁਰਜੀਤ ਸਿੰਘ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪੂਰਨ ਸਮਰਥਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਬੇਅਦਬੀਆਂ ਦੇ ਮਾਮਲੇ 'ਤੇ ਸਖ਼ਤ ਕਾਨੂੰਨ ਦੀ ਹਮੇਸ਼ਾ ਮੰਗ ਕਰਦੀ ਰਹੀ ਹੈ।

ਅੰਤ੍ਰਿੰਗ ਕਮੇਟੀ ਨੇ ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਰਤਲਾਮ ਵਿੱਚ ਲੋਕ ਸੇਵਾ ਕਮਿਸ਼ਨ ਦੀ ਪ੍ਰੀਖਿਆ ਦੌਰਾਨ ਸਿੱਖ ਬੱਚੀ ਦੀ ਦਸਤਾਰ ਅਤੇ ਕਿਰਪਾਨ ਉਤਾਰੇ ਜਾਣ ਦੀ ਘਟਨਾ ਬਾਰੇ ਨਿੰਦਾ ਮਤਾ ਪਾਸ ਕਰਦਿਆਂ ਇਸ ਨੂੰ ਸਿੱਖਾਂ ਦੇ ਮੌਲਿਕ ਅਧਿਕਾਰਾਂ 'ਤੇ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨ ਅੰਦਰ ਧਰਮ ਦੀ ਆਜ਼ਾਦੀ ਲਈ ਮਿਲੇ ਅਧਿਕਾਰਾਂ ਨੂੰ ਪ੍ਰੀਖਿਆਵਾਂ ਸਮੇਂ ਖੋਹਿਆ ਜਾ ਰਿਹਾ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਹਰ ਹਲਕੇ ਵਿੱਚ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਮੀਰ ਸਿੰਘ ਰਸੀਦਾਂ ਤੇ ਟੈਕਸਲਾ ਟੈਲੀਵਿਜ਼ਨ ਦੇ ਸੰਸਥਾਪਕ ਰਾਜਾ ਸਿੰਘ ਦੇ ਅਕਾਲ ਚਲਾਣਾ ਕਰ ਜਾਣੇ 'ਤੇ ਮੂਲਮੰਤਰ ਤੇ ਗੁਰਮੰਤਰ ਦਾ ਜਾਪ ਕਰਕੇ ਸਤਿਕਾਰ ਭੇਟ ਕੀਤਾ ਗਿਆ। ਇਸ ਮੌਕੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ ਆਦਿ ਸ਼ਾਮਲ ਸਨ।

## ਪੀਟੀਸੀ ਚੈਨਲ ਵੱਲ ਸ਼੍ਰੋਮਣੀ ਕਮੇਟੀ ਦਾ ਬਕਾਇਆ ਹੋਣ ਬਾਰੇ ਗ਼ਲਤ ਪ੍ਰਚਾਰ ਕੀਤਾ ਜਾ ਰਿਹੈ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਉਪਰੰਤ ਪ੍ਰੈਸ ਕਾਨਫਰੰਸ ਦੌਰਾਨ ਸਵਾਲ ਦੇ ਜਵਾਬ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੀਟੀਸੀ ਚੈਨਲ ਵੱਲ ਸ਼੍ਰੋਮਣੀ ਕਮੇਟੀ ਦਾ ਬਕਾਇਆ ਹੋਣ ਬਾਰੇ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪੀਟੀਸੀ ਚੈਨਲ ਵੱਲੋਂ ਕੀਤੇ ਜਾ ਰਹੇ ਗੁਰਬਾਣੀ ਪ੍ਰਸਾਰਨ ਦੇ ਤਕਰੀਬਨ 8 ਕਰੋੜ ਰੁਪਏ ਦੇ ਬਕਾਏ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਅਨੁਸਾਰ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕੀਤਾ ਸੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਪੱਤਰ ਦੀ ਰੋਸ਼ਨੀ ਵਿੱਚ ਸੰਗਤਾਂ ਦੀ ਮੰਗ ਅਤੇ ਭਾਵਨਾਵਾਂ ਅਨੁਸਾਰ ਪੀਟੀਸੀ ਚੈਨਲ 'ਤੇ ਗੁਰਬਾਣੀ ਪ੍ਰਸਾਰਨ ਜਾਰੀ ਰੱਖਣ ਦਾ ਫੈਸਲਾ ਹੋਇਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਚੈਨਲ ਨੂੰ ਚਲਾਉਣ ਲਈ ਵੱਖ-ਵੱਖ ਕੰਪਨੀਆਂ ਨਾਲ ਚਰਚਾ ਹੋਈ ਸੀ, ਜਿਸ 'ਚ ਮਹੀਨਾਵਾਰ ਵੱਡੀ ਰਾਸ਼ੀ ਦਾ ਖਰਚ ਮੰਗਿਆ ਗਿਆ ਸੀ। ਪੀਟੀਸੀ ਚੈਨਲ ਵੱਲੋਂ ਆਪਣਾ ਸੈੱਟਅੱਪ ਲਗਾ ਕੇ ਸ਼੍ਰੋਮਣੀ ਕਮੇਟੀ ਦਾ ਵੈੱਬ ਚੈਨਲ ਬਿਨਾਂ ਕਿਸੇ ਖਰਚੇ ਦੇ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣਾ ਸੈਟੇਲਾਈਟ ਚੈਨਲ ਚਲਾਉਣ ਲਈ ਵੀ ਨਿਰੰਤਰ ਕਾਰਜਸ਼ੀਲ ਹੈ। ਪਿਛਲੇ ਸਮੇਂ ਦੌਰਾਨ ਕੇਂਦਰੀ ਪ੍ਰਸਾਰਨ ਮੰਤਰੀ ਨਾਲ ਮੁਲਾਕਾਤ ਕਰ ਕੇ ਲਿਖਤੀ ਰੂਪ ਵਿੱਚ ਚੈਨਲ ਸ਼ੁਰੂ ਕਰਨ ਦੀ ਮੰਗ ਵੀ ਰੱਖੀ ਗਈ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇੱਕ ਧਾਰਮਿਕ ਸੰਸਥਾ ਹੋਣ ਕਾਰਨ ਨਿੱਜੀ ਚੈਨਲ ਸ਼ੁਰੂ ਕਰਨ ਦੀ ਸਰਕਾਰ ਵੱਲੋਂ ਪ੍ਰਵਾਨਗੀ ਨਹੀਂ ਮਿਲ ਰਹੀ, ਜਿਸ ਸਬੰਧੀ ਕੋਈ ਹੋਰ ਵਿਕਲਪ ਲੱਭਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਆਪਣੇ ਯੂ-ਟਿਊਬ ਚੈਨਲ 'ਤੇ ਗੁਰਬਾਣੀ ਦਾ ਪ੍ਰਸਾਰਣ ਚਲਾਉਣ ਲਈ ਨਾ ਤਾਂ ਪੀਟੀਸੀ ਨੂੰ ਕੋਈ ਪੈਸਾ ਦੇ ਰਹੀ ਹੈ ਅਤੇ ਨਾ ਹੀ ਨਵੇਂ ਸਮਝੌਤੇ ਤਹਿਤ ਕੋਈ ਪੈਸਾ ਲੈ ਰਹੀ ਹੈ। ਦਸਣਯੋਗ ਹੈ ਕਿ ਪੀਟੀਸੀ ਚੈਨਲ ਵੱਲੋਂ ਗੁਰਬਾਣੀ ਪ੍ਰਸਾਰਨ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਕਰੀਬ 2 ਕਰੋੜ ਰੁਪਏ ਸਾਲ ਦਾ ਦਸਵੰਦ ਦਿੱਤਾ ਜਾਂਦਾ ਸੀ, ਜੋ ਕਿ ਵਿਵਾਦ ਸ਼ੁਰੂ ਹੋਣ ਤੋਂ ਬਾਅਦ 2023 ਵਿੱਚ ਇਹ ਸਮਝੌਤਾ ਖਤਮ ਕਰ ਦਿੱਤਾ ਸੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਯੂ-ਟਿਊਬ ਚੈਨਲ ਨੂੰ ਚਲਾਉਣ ਦਾ ਸਾਰਾ ਖਰਚ ਪੀਟੀਸੀ ਚੈਨਲ 'ਤੇ ਸਮਝੌਤੇ ਤਹਿਤ ਪਾ ਦਿੱਤਾ ਸੀ।

## ਦਿੱਲੀ ਗੁਰਦੁਆਰਾ ਚੋਣਾਂ 30 ਸਤੰਬਰ ਤੱਕ ਹੋਣਗੀਆਂ, ਦਿੱਲੀ ਹਾਈ ਕੋਰਟ ਨੇ ਹੁਕਮ ਸੁਣਾਇਆ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਹਾਈ ਕੋਰਟ ਨੇ 30 ਸਤੰਬਰ 2026 ਤੱਕ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਆਮ ਚੋਣਾਂ ਕਰਵਾਏ ਜਾਣ ਦਾ ਹੁਕਮ ਸੁਣਾਇਆ ਹੈ। ਅਦਾਲਤ ਨੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਨੂੰ ਆਦੇਸ਼ ਦਿੱਤਾ ਹੈ ਕਿ ਗੁਰਦੁਆਰਾ ਚੋਣਾਂ ਲਈ ਬਣਾਈ ਜਾ ਰਹੀ ਨਵੀਂ ਵੋਟਰ ਸੂਚੀ ਤੇ ਚੋਣ ਹਲਕਿਆਂ ਦੀ ਹੱਦਬੰਦੀ ਦੀ ਪ੍ਰਕਿਰਿਆ ਬੇਸ਼ੱਕ ਕਿਸੇ ਵੀ ਸਥਿਤੀ ਵਿੱਚ ਹੋਵੇ, ਪਰ ਗੁਰਦੁਆਰਾ ਚੋਣਾਂ ਹਰ ਹਾਲਤ ਵਿੱਚ 30 ਸਤੰਬਰ ਤੱਕ ਕਰਵਾ ਲਈਆਂ ਜਾਣੀਆਂ ਚਾਹੀਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸਾਬਕਾ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਐਡਵੋਕੇਟ ਰਾਜਿੰਦਰ ਛਾਬੜਾ ਤੇ ਹੋਰਾਂ ਦੀ ਮੌਜੂਦਗੀ ਵਿੱਚ ਇਸ ਮਾਮਲੇ ਦੇ ਪਟੀਸ਼ਨਰ ਗੁਰਮੀਤ ਸਿੰਘ ਸ਼ੰਟੀ (ਕੌਮੀ ਜਨਰਲ ਸਕੱਤਰ) ਨੇ ਦੱਸਿਆ ਕਿ 30 ਸਤੰਬਰ ਤੱਕ ਚੋਣਾਂ ਕਰਵਾਏ ਜਾਣ ਦੇ ਨਾਲ ਹੀ ਅਦਾਲਤ ਨੇ ਦਿੱਲੀ ਗੁਰਦੁਆਰਾ ਡਾਇਰੈਕਟੋਰੇਟ ਕੋਲੋਂ ਚੋਣ ਪ੍ਰਕਿਰਿਆ ਦੀ ਸਾਰੀ ਕਾਰਵਾਈ ਬਾਰੇ 27 ਅਪ੍ਰੈਲ ਤੱਕ ਸਥਿਤੀ ਰਿਪੋਰਟ ਦਾਖ਼ਲ ਕਰਨ ਦਾ ਵੀ ਹੁਕਮ ਸੁਣਾਇਆ ਹੈ । ਸ਼ੰਟੀ ਨੇ ਕਿਹਾ ਕਿ ਦਿੱਲੀ ਕਮੇਟੀ 'ਤੇ ਕਾਬਜ਼ ਧਿਰ ਵਲੋਂ ਇਹ ਚੋਣਾਂ ਲਮਕਾਉਣ ਲਈ ਕਈ ਹੱਥਕੰਡੇ ਵਰਤੇ ਜਾ ਰਹੇ ਸਨ ਤੇ ਸਰਕਾਰ 'ਚ ਆਪਣੀ ਪਹੁੰਚ ਦਾ ਹਵਾਲਾ ਦੇ ਕੇ ਇਹ ਚੋਣਾਂ 2030 ਤੱਕ ਨਾ ਹੋਣ ਦੇਣ ਦੇ ਕਥਿਤ ਦਾਅਵੇ ਕੀਤੇ ਜਾ ਰਹੇ ਸਨ। ਸਰਨਾ ਤੇ ਜੀ.ਕੇ. ਨੇ ਕਿਹਾ ਕਿ ਮੌਜੂਦਾ ਪ੍ਰਬੰਧਕਾਂ ਨੂੰ ਇਹ ਅਹਿਸਾਸ ਹੋ ਚੁੱਕਾ ਹੈ ਕਿ ਹੁਣ ਚੋਣਾਂ 'ਚ ਸੰਗਤ ਵੱਲੋਂ ਉਨ੍ਹਾਂ ਨੂੰ ਕਰਾਰਾ ਸਬਕ ਸਿਖਾਇਆ ਜਾਵੇਗਾ।

## ਸ਼੍ਰੋਮਣੀ ਕਮੇਟੀ ਨੇ ਜਾਰੀ ਕੀਤਾ ਨਵੇਂ ਸਾਲ ਦਾ ਨਾਨਕਸ਼ਾਹੀ ਕੈਲੰਡਰ



ਅੰਮ੍ਰਿਤਸਰ/ਏ.ਟੀ.ਨਿਊਜ਼: ਨਵੇਂ ਸਾਲ ਨਾਨਕਸ਼ਾਹੀ ਸੰਮਤ 558 (ਸੰਨ 2026-27) ਦਾ ਕੈਲੰਡਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਗਿਆ। ਇਹ ਕੈਲੰਡਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੌਜੂਦਗੀ ਵਿੱਚ ਜਾਰੀ ਕੀਤਾ। ਇਸ ਵਾਰ ਦਾ ਨਾਨਕਸ਼ਾਹੀ ਕੈਲੰਡਰ ਭਗਤ ਰਵਿਦਾਸ ਦੇ 650 ਸਾਲਾ ਜਨਮ ਦਿਹਾੜੇ ਅਤੇ ਸ੍ਰੀ ਕੀਰਤਪੁਰ ਸਾਹਿਬ ਦੀ 400 ਸਾਲਾ ਸਥਾਪਨਾ ਦਿਵਸ ਦੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਹੈ।

ਸਿੱਖ ਕੌਮ ਦਾ ਇਹ ਕੈਲੰਡਰ 2003 ਵਿੱਚ ਪਹਿਲੀ ਵਾਰ ਰਿਲੀਜ਼ ਕੀਤਾ ਗਿਆ ਸੀ ਅਤੇ 2010 ਵਿੱਚ ਇਸ ਨੂੰ ਸੋਧ ਕੇ ਮੁੜ ਰਿਲੀਜ਼ ਕੀਤਾ ਗਿਆ ਸੀ। ਸੋਧਣ ਤੋਂ ਬਾਅਦ ਇਸ ਕੈਲੰਡਰ ਬਾਰੇ ਅੱਜ ਤੱਕ ਸਿੱਖ ਕੌਮ ਵਿੱਚ ਵਿਵਾਦ ਹੈ।

ਕੈਲੰਡਰ ਜਾਰੀ ਕਰਨ ਮੌਕੇ ਜਥੇਦਾਰ ਗਿਆਨੀ ਗੜਗੱਜ ਨੇ ਸਿੱਖ ਜਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਸਿੱਖਾਂ ਦਾ ਨਵਾਂ ਵਰ੍ਹਾ 1 ਚੇਤ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਦਿਨ ਹਰ ਗੁਰਦੁਆਰੇ ਵਿੱਚ ਗੁਰਮਤਿ ਸਮਾਗਮ ਕਰ ਕੇ ਇਸ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ। ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣਾ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਸਿੱਖ ਜਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ ਘਰ ਅਤੇ ਆਪਣੇ ਘਰਾਂ ਵਿੱਚ ਲਗਾਉਣ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਸਾਲ ਭਗਤ ਰਵਿਦਾਸ ਦਾ 650 ਸਾਲਾ ਜਨਮ ਦਿਹਾੜਾ ਅਤੇ ਸ੍ਰੀ ਕੀਰਤਪੁਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਕੌਮ ਵੱਲੋਂ ਚੜ੍ਹਦੀਕਲਾ ਅਤੇ ਪੰਥਕ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਨੂੰ ਵੀ ਸਮੂਹ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ ਦੇ ਸਹਿਯੋਗ ਨਾਲ ਯਾਦਗਾਰੀ ਬਣਾਉਣ ਵਾਸਤੇ ਕਾਰਜ ਕੀਤੇ ਜਾਣਗੇ।

ਸ੍ਰੀ ਧਾਮੀ ਨੇ ਭਾਈ ਤਾਰਾ ਸਿੰਘ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਬਾਰੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 11 ਤੋਂ 14 ਮਾਰਚ ਤੱਕ ਪਿੰਡ ਵਾਂ, ਜ਼ਿਲ੍ਹਾ ਤਰਨ ਤਾਰਨ ਵਿੱਚ ਸ਼ਤਾਬਦੀ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਨਾਨਕਸ਼ਾਹੀ ਸੰਮਤ 558 ਦੀ ਸ਼ੁਰੂਆਤ ਮੌਕੇ 13 ਮਾਰਚ ਦੀ ਰਾਤ ਨੂੰ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਹੋ ਰਹੇ ਗੁਰਮਤਿ ਸਮਾਗਮ ਵਿੱਚ ਪੁੱਜਣ ਲਈ ਵੀ ਕਿਹਾ।

## ਜਨਗਣਨਾ ਵਿੱਚ 'ਸਹਿਜਧਾਰੀ ਸਿੱਖਾਂ' ਨੂੰ ਵੱਖਰੀ ਸ਼੍ਰੇਣੀ ਵਜੋਂ ਮਾਨਤਾ ਦਿੱਤੀ ਜਾਵੇ : ਡਾ. ਰਾਣੂ

### ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪਿਆ ਮੰਗ ਪੱਤਰ

ਚੰਡੀਗੜ੍ਹ/ਏ.ਟੀ.ਨਿਊਜ਼: ਸਹਿਜਧਾਰੀ ਸਿੱਖਾਂ ਨੇ 2027 ਵਿੱਚ ਹੋਣ ਵਾਲੀ ਕੌਮੀਂ ਜਨਗਣਨਾ ਵਿੱਚ ਆਪਣੇ ਆਪ ਨੂੰ ਇੱਕ 'ਵੱਖਰੀ ਸ਼੍ਰੇਣੀ' ਜਾਂ ਉਪ-ਸ਼੍ਰੇਣੀ ਵਜੋਂ ਸ਼ਾਮਲ ਕਰਨ ਲਈ ਕੇਂਦਰੀ ਗ੍ਰਹਿ ਮੰਤਰਾਲੇ ਤੱਕ ਪਹੁੰਚ ਕੀਤੀ ਹੈ। ਸਹਿਜਧਾਰੀ ਸਿੱਖ ਪਾਰਟੀ (ਐਸ.ਐਸ.ਪੀ.) ਦੇ ਕੌਮੀਂ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਅਧਿਕਾਰਤ ਪੱਤਰ ਭੇਜਿਆ ਹੈ।



ਡਾ. ਰਾਣੂ ਅਨੁਸਾਰ, ਕਰੋੜਾਂ ਸਹਿਜਧਾਰੀ ਸਿੱਖ, ਜੋ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੂਰਨ ਵਿਸ਼ਵਾਸ ਰੱਖਦੇ ਹਨ ਪਰ ਕੇਸਧਾਰੀ ਸਰੂਪ ਵਿੱਚ ਨਹੀਂ ਹਨ, ਲਗਾਤਾਰ ਹਾਸ਼ੀਏ 'ਤੇ ਧੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਵਿੱਚ ਹਾਲੀਆ ਸੋਧਾਂ ਕਾਰਨ ਸਹਿਜਧਾਰੀਆਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਚੋਣਾਂ ਵਿੱਚ ਵੋਟ ਪਾਉਣ ਦਾ ਹੱਕ ਖੋਹ ਲਿਆ ਗਿਆ ਹੈ, ਜਿਸ ਨਾਲ ਉਨ੍ਹਾਂ ਦੀ ਪਛਾਣ 'ਤੇ ਸੰਕਟ ਖੜ੍ਹਾ ਹੋ ਗਿਆ ਹੈ।

(ਬਾਕੀ ਸਫ਼ਾ 26 'ਤੇ)

## ਕਰਤਾਰਪੁਰ ਲਾਂਘੇ 'ਤੇ ਨਗਰ ਕੀਰਤਨ ਦਾ ਸਵਾਗਤ



ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼: ਸ੍ਰੀ ਮੁਕਤਸਰ ਸਾਹਿਬ ਸਥਿਤ ਗੁਰਦੁਆਰਾ ਗੁਪਤਸਰ ਸਾਹਿਬ ਤੋਂ ਚੱਲੇ 16ਵੇਂ ਨਗਰ ਕੀਰਤਨ ਦਾ ਇੱਥੇ ਕਰਤਾਰਪੁਰ ਲਾਂਘੇ 'ਤੇ ਪੁੱਜਣ 'ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਅਤੇ ਹੋਰਾਂ ਨੇ ਨਿਰੋਲ ਸੇਵਾ ਸੰਸਥਾ ਦੇ ਮੁੱਖ ਸੇਵਾਦਾਰ ਡਾ. ਜਗਦੀਪ ਸਿੰਘ ਸੋਢੀ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕਰ ਕੇ ਸਨਮਾਨਿਤ ਕੀਤਾ।

ਸ੍ਰੀ ਛੋਟੇਪੁਰ ਨੇ ਡਾ. ਸੋਢੀ ਵੱਲੋਂ 16 ਸਾਲਾਂ ਤੋਂ ਲਗਾਤਾਰ ਕੀਤੇ ਜਾ ਰਹੇ ਨਗਰ ਕੀਰਤਨ ਅਤੇ ਸੰਗਤ ਨੂੰ ਵਿਛੜੇ ਗੁਰਧਾਮਾਂ, ਖਾਸ ਕਰਕੇ ਸ੍ਰੀ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਵਾਉਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਨਗਰ ਕੀਰਤਨ ਵਿੱਚ ਸ਼ਾਮਲ ਵੱਖ-ਵੱਖ ਗੁਰਧਾਮਾਂ ਦੇ ਸੁੰਦਰ ਮਾਡਲਾਂ ਦੀ ਵੀ ਤਾਰੀਫ਼ ਕੀਤੀ। ਇਸ ਮੌਕੇ ਡਾ. ਸੋਢੀ ਨੇ ਦੱਸਿਆ ਕਿ ਜਦੋਂ ਤੋਂ ਡੇਰਾ ਬਾਬਾ ਨਾਨਕ ਵਿੱਚ ਕੌਮਾਂਤਰੀ ਕਰਤਾਰਪੁਰ ਲਾਂਘਾ ਖੁੱਲ੍ਹਿਆ ਹੈ, ਉਹ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸੰਗਤ ਸਮੇਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨਤਮਸਤਕ ਹੁੰਦੇ ਆ ਰਹੇ ਹਨ। ਹਾਲਾਂਕਿ, ਇਸ ਵਾਰ ਲਾਂਘਾ ਬੰਦ ਹੋਣ ਕਾਰਨ ਨਗਰ ਕੀਰਤਨ ਸਿਰਫ਼ ਕੌਮਾਂਤਰੀ ਸਰਹੱਦ 'ਤੇ ਬਣੇ ਲਾਂਘੇ ਅਤੇ ਪੈਸੰਜਰ ਟਰਮੀਨਲ ਤੱਕ ਹੀ ਜਾ ਸਕਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਪੰਜਾਬ ਵਿਧਾਨ ਸਭਾ ਦਾ ਹੰਗਾਮੇ ਭਰਪੂਰ ਬਜਟ ਇਜਲਾਸ

ਪੰਜਾਬ ਦੀ ਤਸਵੀਰ ਵਿਧਾਨ ਸਭਾ ਦੇ ਵਿੱਚ ਸਾਫ਼ ਦਿਖਣੀ ਚਾਹੀਦੀ ਸੀ ਪਰ ਜਿਸ ਤਰ੍ਹਾਂ ਇਸ ਬਜਟ ਇਜਲਾਸ ਦੇ ਵਿੱਚ ਸਾਰਥਿਕ ਬਹਿਸ ਨੂੰ ਛੱਡ ਕੇ ਲੀਡਰ ਮਿਹਣੋ ਮਿਹਣੀ ਹੋ ਰਹੇ ਨੇ, ਲੋਕਾਂ ਦਾ ਵਿਚਾਰ ਤਾਂ ਇਹ ਹੈ ਕਿ ਵਿਧਾਨ ਸਭਾ ਦਾ ਇਜਲਾਸ ਬੰਦ ਹੀ ਕਰ ਦੇਣਾ ਚਾਹੀਦਾ ਹੈ ਕਿਉਂਕਿ ਜੋ ਚੀਜ਼ਾਂ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਨੇ, ਉਹ ਗੱਲਾਂ ਹੋ ਨਹੀਂ ਰਹੀਆਂ। ਲੋਕਾਂ ਦੇ ਮਸਲਿਆਂ 'ਤੇ ਚਰਚਾ ਛੱਡ ਕੇ ਆਪਣੇ ਨਿੱਜੀ ਮਸਲਿਆਂ 'ਤੇ ਬਜਟ ਇਜਲਾਸ ਟਿੱਕ ਕੇ ਰਹਿ ਗਿਆ ਹੈ। ਕਦੇ ਸਮਾਂ ਹੁੰਦਾ ਸੀ ਵਿਧਾਨ ਸਭਾ ਦੇ ਵਿੱਚ ਇੱਕ ਨਿਰਪੱਖ ਅਤੇ ਸਾਰਥਿਕ ਬਹਿਸ ਹੁੰਦੀ ਸੀ। ਸਾਰੇ ਲੀਡਰ ਪੂਰੀ ਤਿਆਰੀ ਦੇ ਨਾਲ ਆਉਂਦੇ ਸੀ ਪਰ ਹੁਣ ਇਹ ਵੇਖਿਆ ਗਿਆ ਕਿ ਲੀਡਰਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਗਵਰਨਰ ਐਡਰੈਸ ਦੇ ਬਾਰੇ ਵਿੱਚ ਗੱਲ ਕਰ ਰਹੇ ਹਨ ਜਾਂ ਕਿਸੇ ਹੋਰ ਮੁੱਦੇ 'ਤੇ। ਬਿਨਾਂ ਤਿਆਰੀ ਤੋਂ ਆਏ ਲੀਡਰ ਲੋਕਾਂ ਦੇ ਮਨੋਂ ਲੱਥਦੇ ਨਜ਼ਰ ਆਏ। ਇੱਥੋਂ ਤੱਕ ਕਿ ਸੱਤਾਧਾਰੀ ਧਿਰ ਵੀ ਆਪਣੇ ਆਪ ਨੂੰ ਜ਼ਿੰਮੇਵਾਰ ਧਿਰ ਬਣਕੇ ਨਹੀਂ ਵਿਚਰ ਰਹੀ, ਉਹ ਆਪਣੇ ਆਪ ਨੂੰ ਵਿਰੋਧੀ ਧਿਰ ਹੀ ਵਿਚੋ ਵਿੱਚ ਸ਼ੈਸ਼ਨ ਦੇ ਮੰਨ ਲੈਂਦੀ ਹੈ। ਉਦਾਹਰਨ ਵਜੋਂ ਗਵਰਨਰ ਐਡਰੈਸ ਸਮੇਂ ਅਮਨ ਅਰੋੜਾ ਦਾ ਸਦਨ ਵਿਚੋਂ ਬਾਹਰ ਆਉਣਾ ਬੜਾ ਅਜੀਬ ਲੱਗਿਆ ਕਿ ਕਦੇ ਸੱਤਾ ਧਿਰ ਵੀ ਬਾਹਰ ਆਉਂਦੀ ਹੁੰਦੀ ਹੈ।

ਇੱਕ ਸਮਾਂ ਅਜਿਹਾ ਵੀ ਵੇਖਿਆ ਗਿਆ ਕਿ ਬਜਟ ਇਜਲਾਸ ਵਿੱਚ ਬਹਿਸ ਚੱਲ ਰਹੀ ਸੀ। ਸੱਤਾਧਾਰੀ ਧਿਰ ਦੇ ਬੰਦੇ 26 ਸਨ ਤੇ 9 ਵਿਰੋਧੀ ਧਿਰ ਦੇ ਬੰਦੇ ਸਨ। ਚਾਰ ਪੰਜ ਪੱਤਰਕਾਰ ਸਨ। ਕਦੀ ਉਹ ਵੀ ਸਮਾਂ ਹੁੰਦਾ ਸੀ ਆਮ ਬੰਦੇ ਨੂੰ ਵੀ ਪਤਾ ਹੁੰਦਾ ਸੀ ਕਿ ਕਿਹੜੇ ਸਮੇਂ 'ਤੇ ਕਿਹੜਾ ਲੀਡਰ ਵਿਧਾਨ ਸਭਾ ਵਿੱਚ ਭਾਸ਼ਣ ਦੇਵੇਗਾ ਜਾਂ ਕਿਸੇ ਮੁੱਦੇ 'ਤੇ ਚਰਚਾ ਕਰੇਗਾ ਪਰ ਹੁਣ ਭੀੜ ਹੋਵੇ ਵੀ ਕਿਉਂ? ਕਿਉਂਕਿ ਹੁਣ ਪੰਜਾਬ ਦੇ ਮੁੱਦੇ 'ਤੇ ਜ਼ਮੀਨੀ ਪੱਧਰ 'ਤੇ ਚਰਚਾ ਕਰਨ ਦਾ ਰਿਵਾਜ਼ ਖਤਮ ਹੁੰਦਾ ਜਾ ਰਿਹਾ ਹੈ। ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਇਸ ਲਈ ਰਾਣਾ ਗੁਰਜੀਤ ਦੀ ਗੱਲ ਕਰਨੀ ਜ਼ਰੂਰ ਬਣਦੀ ਹੈ। ਉਨ੍ਹਾਂ ਨੇ ਇਜਲਾਸ ਦੇ ਵਿੱਚ ਸਾਫ਼ ਕਿਹਾ ਕਿ "ਜੇ ਪਾਣੀ ਤੇ ਕਿਸਾਨੀ ਨਾ ਬਚੀ ਤੇ ਪੰਜਾਬ ਵੀ ਨਹੀਂ ਬਚੇਗਾ।" ਉਨ੍ਹਾਂ ਨੇ ਕਿਹਾ ਕਿ ਅਸੀਂ ਖੇਤੀ ਨੂੰ ਕਿਵੇਂ ਬਚਾ ਸਕਾਂਗੇ? ਸਾਡੇ ਕੋਲ ਅਜੇ ਐਗਰੀਕਲਚਰ ਪਾਲਿਸੀ ਹੀ ਨਹੀਂ ਹੈ। ਰਾਣਾ ਗੁਰਜੀਤ ਖੁਦ ਕਿਸਾਨੀ ਦੇ ਨਾਲ ਜੁੜਿਆ ਹੋਇਆ ਹੈ। ਆਪਣੇ ਵਪਾਰ ਨੂੰ ਅੱਗੇ ਲੈ ਕੇ ਜਾਣ ਲਈ ਜ਼ਮੀਨੀ ਪੱਧਰ ਦੀਆਂ ਮੁਸ਼ਕਿਲਾਂ ਤੋਂ ਜਾਣੂ ਹੈ। ਇਸੇ ਲਈ ਉਹ ਹੱਲ ਵੀ ਦੱਸਣ ਦੀ ਕੋਸ਼ਿਸ਼ ਕਰਦਾ ਹੈ। ਚੰਗੀ ਗੱਲ ਇਹ ਰਹੀ ਕਿ ਵਿੱਤ ਮੰਤਰੀ ਨੇ ਉਨ੍ਹਾਂ ਦੀ ਗੱਲ ਦੇ ਵਿੱਚ ਹਾਂਪੱਖੀ ਇਸ਼ਾਰਾ ਕੀਤਾ। ਹਾਲੇ ਤੱਕ ਸੱਤਾਧਾਰੀ ਧਿਰ ਤੋਂ ਕਿਸੇ ਨੇ ਵੀ ਕੋਈ ਵੱਡੇ ਵਿਜ਼ਨ ਵਾਲੀ ਗੱਲ ਨਹੀਂ ਕੀਤੀ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਉਹ ਲੋਕਾਂ ਦੀ ਤਰਜ਼ਮਾਨੀ ਕਰਦੇ ਹਾਲੇ ਤੱਕ ਨਜ਼ਰ ਨਹੀਂ ਆਏ। ਰਹੀ ਗੱਲ ਸਪੀਕਰ ਸਾਹਿਬ ਦੀ ਤਾਂ ਉਹ ਤਾਂ ਏਨੇ ਕਾਹਲੇ ਚਲਦੇ ਨੇ ਕਿ ਕਿਸੇ ਨੂੰ ਗੱਲ ਵੀ ਪੂਰੀ ਨਹੀਂ ਕਰਨ ਦਿੰਦੇ। ਵੈਸੇ ਸਪੀਕਰ ਨਿਰਪੱਖ ਹੋਣਾ ਚਾਹੀਦਾ ਹੈ ਤੇ ਕਦੇ ਸਮਾਂ ਸੀ ਕਿ ਸਪੀਕਰ ਨਿਰਪੱਖ ਰਹੇ ਵੀ ਨੇ ਪਰ ਹੁਣ ਦੀਆਂ ਸਰਕਾਰਾਂ ਦੇ ਸਪੀਕਰ ਸੱਤਾ ਧਿਰ ਦੇ ਹੱਕ ਦੇ ਵਿੱਚ ਭੁਗਤਦੇ ਹਨ। ਇੱਥੇ ਉਦਾਹਰਨ ਇਹ ਹੈ ਕਿ ਸੁਖਪਾਲ ਸਿੰਘ ਖਹਿਰਾ ਵਾਲੀ। ਉਨ੍ਹਾਂ ਨੇ ਸੁਖਪਾਲ ਖਹਿਰਾ ਦਾ ਪੱਖ ਜਾਣੇ ਬਿਨਾਂ ਹੀ ਨਿੰਦਾ ਪ੍ਰਸਤਾਵ ਦੇ ਉੱਤੇ ਮੋਹਰ ਲਗਾ ਦਿੱਤੀ। ਇਹ ਉਨ੍ਹਾਂ ਦਾ ਇੱਕ ਪਾਸੜ ਫ਼ੈਸਲਾ ਸੀ। ਸੰਵਿਧਾਨਿਕ ਪਰੰਪਰਾਵਾਂ, ਮਰਿਆਦਾਵਾਂ ਹੋਣਗੀਆਂ ਆਪਣੇ ਥਾਂ 'ਤੇ, ਸਾਨੂੰ ਕੀ?

ਕੁੰਵਰ ਵਿਜੈ ਪ੍ਰਤਾਪ ਪੰਜਾਬ ਦੇ ਮਸਲਿਆਂ 'ਤੇ ਖੁੱਲ੍ਹ ਕੇ ਬੋਲਣ ਦੇ ਲਈ ਵਿਚਾਰਾ ਬੜੇ ਹੱਥ ਪੈਰ ਮਾਰਦਾ ਪਰ ਸੱਤਾਧਾਰੀ ਧਿਰ ਕਿਉਂ ਮੁਸੀਬਤ ਮੁੱਲ ਲਵੇ। ਬਹਿਸ ਦੌਰਾਨ ਵਿਧਾਇਕ ਗੁਰਪ੍ਰੀਤ ਸਿੰਘ ਵਣਾਂਵਾਲੀ ਨੇ ਛੜਿਆਂ ਪ੍ਰਤੀ ਹਮਦਰਦੀ ਜਤਾਈ ਤੇ ਮੰਗ ਕੀਤੀ ਕਿ ਪੈਨਸ਼ਨਾਂ ਲਗਾਉਣ ਹੀ ਲੱਗੇ ਹੋ ਤਾਂ ਛੜਿਆਂ ਦੀਆਂ ਵੀ ਲਗਾ ਦਿਓ। ਖੈਰ, ਸਮਾਜ ਦਾ ਇਹ ਵੀ ਇੱਕ ਲੁਕਵਾਂ ਪੱਖ ਹੈ, ਜਿਹੜਾ ਉਨ੍ਹਾਂ ਨੇ ਉਠਾਇਆ। ਅਮਰੀਕਾ ਅਤੇ ਭਾਰਤ ਵਿਚਾਲੇ ਹੋਈ 'ਟਰੇਡ ਡੀਲ' ਦੇ ਉੱਤੇ ਮੁੱਖ ਮੰਤਰੀ ਸਾਹਿਬ ਬੜੇ ਤੱਤੇ ਸੁਭਾਅ ਦੇ ਨਾਲ ਬੋਲੇ। ਕਹਿਣ ਲੱਗੇ ਕਿ ਇਹ ਡੀਲ ਤਿੰਨ ਖੇਤੀ ਕਾਨੂੰਨਾਂ ਤੋਂ ਵੀ ਜ਼ਿਆਦਾ ਖਤਰਨਾਕ ਹੈ। ਸਿਰਫ਼ ਖਤਰਨਾਕ ਦੇ ਨਾਲ ਗੱਲ ਨਹੀਂ ਨਿਬੜਦੀ, ਸਾਨੂੰ ਪਤਾ ਹੋਣਾ ਚਾਹੀਦਾ ਕਿ ਸਾਡੀ ਪਾਲਿਸੀ ਫੇਰ ਕੀ ਹੋਣੀ ਚਾਹੀਦੀ ਹੈ? ਸਾਡੀ ਰਣਨੀਤੀ ਕੀ ਹੋਵੇਗੀ? ਅਸੀਂ ਇਸ ਸਥਿਤੀ ਦੇ ਨਾਲ ਕਿਵੇਂ ਨਿਬੜਾਂਗੇ? ਇਸ ਸਭ ਕੁਝ 'ਤੇ ਚਾਨਣਾਂ ਪਾਉਣ ਦੀ ਬਜਾਏ ਮਾੜਾ ਮਾੜਾ ਕਹਿ ਕੇ ਮੁੱਖ ਮੰਤਰੀ ਸਾਹਿਬ ਨੇ ਪ੍ਰਧਾਨ ਮੰਤਰੀ ਦੀ ਝੋਲੀ ਵਿੱਚ ਹੀ ਸਾਰੀ ਗੱਲ ਸੁੱਟ ਦਿੱਤੀ।

ਮੁੱਕਦੀ ਗੱਲ, ਪੰਜਾਬ ਦੇ ਵਿੱਚ ਮੁੱਦੇ ਬਹੁਤ ਨੇ। ਵਿਗੜ ਰਹੀ ਕਾਨੂੰਨ ਵਿਵਸਥਾ, ਫਰਜ਼ੀ ਪੁਲਿਸ ਮੁਕਾਬਲੇ ਤੇ ਨਸ਼ੇ ਵਰਗੇ ਗੰਭੀਰ ਮੁੱਦਿਆਂ ਤੋਂ ਧਿਆਨ ਹਟਾਉਣ ਦੇ ਲਈ ਵਿਧਾਨ ਸਭਾ ਦੇ ਵਿੱਚ ਖਹਿਰਾ ਖਹਿਰਾ ਹੋਈ ਪਈ ਹੈ।

# ਵਗੀ ਪੂਰੇ ਦੀ 'ਵਾ ਪੰਜਾਬੇ....



ਗੁਰਮੀਤ ਸਿੰਘ ਪਲਾਹੀ



ਇੱਕੋ ਸਾਲ ਰਹਿ ਗਿਆ ਪੰਜਾਬ ਦੇ ਹਾਕਮਾਂ ਦੀ ਮੁੜ ਚੋਣ ਲਈ। ਹੁਣੇ ਤੋਂ ਸਿਆਸੀ ਧਿਰਾਂ ਨੇ ਕਮਰਕੱਸੇ ਕਰ ਲਏ ਹਨ, ਉਹਨਾਂ ਪਰ ਤੋਲਣੇ ਸ਼ੁਰੂ ਕਰ ਲਏ ਹਨ। ਰਾਸ਼ਟਰੀ ਧਿਰਾਂ ਕਾਂਗਰਸ, ਭਾਜਪਾ, ਹਾਕਮ ਧਿਰ ਆਮ ਆਦਮੀ ਪਾਰਟੀ, ਖੇਤਰੀ ਧਿਰਾਂ-ਅਕਾਲੀ ਦਲ, ਬਸਪਾ ਅਤੇ ਖੱਬੀਆਂ ਧਿਰਾਂ ਸਮਾਂ ਰਹਿੰਦਿਆਂ ਹੀ ਸਰਗਰਮ ਦਿਸਣ ਲੱਗ ਪਈਆਂ ਹਨ। ਪੰਜਾਬ ਦੀ ਡੋਰ ਸੰਭਾਲਣ ਵਾਲੀ ਮਜ਼ਬੂਤ ਧਿਰ 'ਕਾਂਗਰਸ' ਦੇ ਨੇਤਾ ਰਾਹੁਲ ਗਾਂਧੀ ਨੇ ਬਰਨਾਲਾ 'ਚ ਚੋਣ ਬਿਗਲ ਵਜਾਉਂਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਦੇ ਹਿੱਤ ਅਮਰੀਕਾ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉੱਥੇ ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ 'ਭਾਜਪਾ' ਦੀ 'ਬੀ' ਟੀਮ ਵਜੋਂ ਕੰਮ ਕਰ ਰਹੀ ਹੈ।

ਨਰਿੰਦਰ ਮੋਦੀ ਕੁਝ ਦਿਨ ਪਹਿਲਾਂ ਜਲੰਧਰ ਲਾਗਲੇ ਡੇਰਾ ਬੱਲਾਂ ਪਧਾਰੇ। ਇੱਕ ਨਵੀਂ ਇਬਾਰਤ ਲਿਖ ਗਏ। ਇੱਕ ਸ਼ਕਤੀਸ਼ਾਲੀ ਧਿਰ ਨੂੰ ਆਪਣੇ ਹੱਕ 'ਚ ਕਰਨ ਲਈ ਕੁਝ ਇਹੋ ਜਿਹੇ ਬਚਨ-ਵਿਲਾਸ ਕਰ ਗਏ, ਜਿਹਨਾਂ ਨੇ ਡਬਲ ਇੰਜਣ ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰਨਾ ਹੈ।

ਹਾਕਮ ਧਿਰ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਕੇਜਰੀਵਾਲ ਅਤੇ ਪੰਜਾਬ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਦੇ ਦੂਜੇ ਪੜਾਅ 'ਚ ਲੋਕਾਂ ਨੂੰ ਸ਼ਾਮਲ ਕਰਨ ਲਈ ਪੱਬਾਂ ਭਾਰ ਹੈ। ਖੇਤਰੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ, ਥਾਂ-ਥਾਂ ਪੁੱਜਕੇ ਆਪਣੇ ਇਲਾਕਾ ਉਮੀਦਵਾਰਾਂ ਹੁਣੇ ਤੋਂ ਐਲਾਨਣ ਲੱਗ ਪਏ ਹਨ। ਪਿਛਲੇ ਦਿਨੀਂ ਕਰਵਾਈਆਂ ਗਈਆਂ ਬਲਾਕ ਸੰਮਤੀ ਚੋਣਾਂ 'ਚ ਲੋਕਾਂ ਦੇ ਚੰਗੇ ਹੁੰਗਾਰੇ ਤੋਂ ਉਹ ਵਾਹਵਾ ਉਤਸ਼ਾਹਿਤ ਹਨ।

ਇਸੇ ਸਭ ਕੁਝ ਦਰਮਿਆਨ ਕੱਲ੍ਹ ਖ਼ਬਰ ਛਪੀ ਰਾਮਾਮੰਡੀ (ਬਠਿੰਡਾ) ਨੇੜਲੇ ਪਿੰਡ ਕਮਾਲੂ ਦੇ 20 ਵਰ੍ਹਿਆਂ ਦਾ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਗਿਆ। ਪਿੰਡ ਪ੍ਰੇਸ਼ਾਨ ਹੈ।

ਫਿਰੋਜ਼ਪੁਰ ਦੇ ਬਲਾਕ ਮਖੂ ਦੇ ਪਿੰਡ ਨਿਜ਼ਾਮਵਾਲਾ ਦਾ 25 ਸਾਲ ਦਾ ਨੌਜਵਾਨ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮਰ ਗਿਆ। ਮਰਨ ਵਾਲਾ ਪਿਛੇ ਪਤਨੀ, ਪੁੱਤਰ, ਦੋ ਪੁੱਤਰੀਆਂ ਛੱਡ ਗਿਆ। ਮਾਪੇ ਤੇ ਪੂਰਾ ਸਮਾਜ ਉਦਾਸ ਹੈ। ਹਾਲੇ ਦੋ ਕੁ ਦਿਨ ਪਹਿਲਾਂ ਪੰਜਾਬ ਪੁਲਿਸ ਦਾ ਇੱਕ ਸਿਪਾਹੀ ਤੇ ਇੱਕ ਹੋਮ ਗਾਰਡ ਗੋਲੀਆਂ ਨਾਲ ਬੈਠੇ-ਸੁੱਤੇ ਭੁੰਨ ਦਿੱਤੇ ਗਏ। ਨੌਜਵਾਨ ਕਰਨੈਲ ਸਿੰਘ ਦਾ ਇਸੇ ਘਟਨਾ ਦੇ ਸਿੱਟੇ ਵਜੋਂ ਪੁਲਿਸ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ।

ਗੈਂਗਸਟਰ ਸਰਗਰਮੀਆਂ ਜ਼ੋਰਾਂ 'ਤੇ ਹਨ। ਪੰਜਾਬੀ ਗਾਇਕ ਪਰਮੀਸ਼ ਵਰਮਾ ਤੋਂ ਗੈਂਗਸਟਰਾਂ ਨੇ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਕੁਝ ਦਿਨ ਪਹਿਲਾਂ ਕਿਸਾਨ ਜੱਥੇਬੰਦੀ ਉਗਰਾਹਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਨੂੰ ਨਜਿੱਠਣ ਲਈ ਇੱਕ ਪੂਰੇ ਪਿੰਡ ਦੇ ਵਸ਼ਿੰਦਿਆਂ ਨੂੰ ਸਬਕ ਸਿਖਾਉਣ ਲਈ ਅੱਥਰੂ ਗੈਸ ਦੇ ਗੋਲੇ ਪੰਜਾਬ ਪੁਲਿਸ ਵੱਲੋਂ ਛੱਡੇ ਗਏ। ਇੱਕ ਕਿਸਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ। ਪੂਰੇ ਪੰਜਾਬ 'ਚ ਇਹੋ ਜਿਹਾ ਮਾਹੌਲ ਸਿਰਜਿਆ ਗਿਆ ਕਿ ਹਾਕਮ ਧਿਰ, ਪਰਜਾ ਤੋਂ ਉੱਪਰ ਹੈ, ਉਸ ਉੱਤੇ ਚੁੱਕੇ ਗਏ ਸਵਾਲ ਬਰਦਾਸ਼ਤ ਕਰਨ ਯੋਗ ਨਹੀਂ। ਸੂਬੇ 'ਚ ਕਿਸਾਨ ਅੰਦੋਲਨ ਕਰ ਰਹੇ ਹਨ, ਉਹਨਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ। ਮੁਲਾਜ਼ਮਾਂ ਦੀਆਂ ਉਹ ਮੰਗਾਂ ਜਿਹਨਾਂ ਨੂੰ ਮੰਨਣ ਦਾ ਵਾਇਦਾ ਆਮ ਆਦਮੀ ਪਾਰਟੀ ਨੇ ਆਪਣੇ ਚੋਣ ਪ੍ਰਚਾਰ ਸਮੇਂ ਕੀਤਾ ਸੀ, ਉਸ ਤੋਂ ਮੁਕਰਿਆ ਜਾ ਰਿਹਾ ਹੈ।

ਗੱਲ ਦੂਰ ਦੀ ਕਿਉਂ ਕਰੀਏ, ਇੱਕ ਉਸ ਵਾਰ ਦੀ ਕਰ ਲੈਂਦੇ ਹਾਂ, ਜਦੋਂ ਅਕਾਲੀ-ਭਾਜਪਾ ਇਕੱਠੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਾਈ ਬੈਠੇ ਸਨ। ਗੱਲ ਉਸ ਵੇਲੇ ਦੀ ਵੀ ਕਰ ਲੈਂਦੇ ਹਨ ਜਦੋਂ ਕਾਂਗਰਸ ਦਾ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣਿਆ ਰਿਹਾ ਅਤੇ ਗੱਲ ਤਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਕਰਨੀ ਬਣਦੀ ਹੈ। ਗੱਲ ਇਹਨਾਂ ਦੀਆਂ ਸ਼ਖ਼ਸ਼ੀਅਤਾਂ ਦੀ ਕਿਉਂ ਕਰੀਏ ਕਿ ਉਹ ਕੀ ਸਨ? ਕੀ ਹਨ? ਗੱਲ ਤਾਂ ਉਹਨਾਂ ਦੇ ਕਾਰਜ ਕਾਲ ਦੌਰਾਨ ਪੰਜਾਬ ਨੂੰ ਦਿੱਤੇ ਯੋਗਦਾਨ ਦੀ ਕਰਨੀ ਚਾਹੀਦੀ ਹੈ। ਉਸ ਪੰਜਾਬ ਦੀ ਜਿਹੜਾ ਆਜ਼ਾਦੀ ਤੋਂ ਬਾਅਦ ਲਗਾਤਾਰ ਕੋਹਿਆ ਗਿਆ, ਕੁੱਟਿਆ ਗਿਆ, ਭੰਨਿਆ ਗਿਆ ਅਤੇ ਜਿਸ ਦਾ ਪੋਟਾ-ਪੋਟਾ ਨਪੀੜਿਆ, ਲਿਤਾੜਿਆ ਗਿਆ ਅਤੇ ਜਿਸਦੇ ਵਸ਼ਿੰਦੇ ਇਹਨਾਂ ਵਰ੍ਹਿਆਂ 'ਚ ਦੇਸੋਂ ਪਰਦੇਸੀ ਹੋਏ, ਓਪਰੇ ਹੋਏ, ਪਰਾਏ ਕਰ ਦਿੱਤੇ ਗਏ ਅਤੇ ਜਿਹਨਾਂ ਪੰਜਾਬੀਆਂ ਇੱਥੇ ਰਹਿਕੇ ਹੱਕ-ਸੱਚ ਲਈ ਅਵਾਜ਼ ਉਠਾਈ, ਉਹ ਇਸ ਜਹਾਨ ਤੋਂ ਹੀ ਤੋਰ ਦਿੱਤੇ ਗਏ।

ਇਹਨਾਂ ਵਰ੍ਹਿਆਂ 'ਚ ਪੰਜਾਬ ਨੂੰ ਨਾ '47 ਭੁਲਿਆ, ਨਾ ਚੌਰਾਸੀ। ਨਾ ਪੰਜਾਬ ਨੂੰ ਗਰਮ ਲਹਿਰਾਂ 'ਚ ਬੇਦੋਸ਼ੇ ਮਾਰੇ ਗਏ ਨੌਜਵਾਨ ਭੁਲੇ, ਨਾ ਬੱਸਾਂ 'ਚੋਂ ਕੱਢ-ਕੱਢ ਕੇ ਮਾਰੇ ਗਏ ਬੇਕਸੂਰੇ। ਨਾ ਪੰਜਾਬ ਨੂੰ ਇਹ ਭੁਲਿਆ ਕਿ ਪੰਜਾਬ ਦੇ ਪਾਣੀ ਖੋਹੇ ਗਏ, ਅਤੇ ਨਾ ਹੀ ਭੁਲਿਆ ਕਿ 1966 'ਚ ਪੁਨਰਗਠਨ ਸਮੇਂ ਉਸ ਦੀ ਉਹ ਰਾਜਧਾਨੀ ਖੋਹ ਲਈ ਗਈ, ਜਿਹੜੀ ਪੰਜਾਬ ਦੇ ਪਿੰਡਾਂ ਨੂੰ ਉਜਾੜਕੇ ਬਣਾਈ ਗਈ। ਨਾ ਹੀ ਪੰਜਾਬ ਇਹ ਭੁਲ ਸਕਿਆ ਕਿ ਦਿੱਲੀ ਦੇ ਹਾਕਮ ਨਿਤ-ਦਿਹਾੜੇ, ਉਸ ਨਾਲ ਦੁਪਰਿਆਰਾ ਸਲੂਕ ਕਰਦੇ ਹਨ, ਬਾਵਜੂਦ ਇਸ ਗੱਲ ਦੇ ਕਿ ਉਹ ਦੇਸ਼ ਦਾ ਅੰਨਦਾਤਾ ਹੈ। ਬਾਵਜੂਦ ਇਸ ਗੱਲ ਦੇ ਕਿ ਹਰੀ ਕ੍ਰਾਂਤੀ ਨੇ ਉਸਦੀ ਉਪਜਾਊ ਧਰਤੀ ਖੋਹ ਲਈ, ਖੋਖਲੀ ਕਰ ਦਿੱਤੀ, ਜ਼ਹਿਰਾਂ ਨਾਲ ਭਰ ਦਿੱਤੀ ਤੇ ਸਿੱਟੇ ਵਜੋਂ ਪੰਜਾਬ ਦਾ ਪਾਣੀ ਮੁਕਾ ਦਿੱਤਾ। ਪੱਲੇ ਕੈਂਸਰ ਪਾ ਦਿੱਤਾ। ਖੁਦਕੁਸ਼ੀਆਂ ਕਰਨ ਵਾਲੇ ਜੀਵਨ ਦੇ ਰਾਹ ਪਾ ਦਿੱਤਾ।

ਪੰਜ ਦਰਿਆਵਾਂ ਦੀ ਧਰਤੀ, ਵੱਢ-ਟੁੱਕ ਕੇ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤੀ ਗਈ। ਕਿਸਾਨ ਮਜ਼ਦੂਰ ਔਖੇ ਰਾਹੀਂ ਪਾ ਦਿੱਤੇ ਗਏ। ਕਿਸਾਨਾਂ ਦੀਆਂ ਜ਼ਮੀਨਾਂ ਦੇ ਛੋਟੇ-ਛੋਟੇ ਟੁਕੜੇ ਹਥਿਆਉਣ ਲਈ ਵੀ ਪਹਿਲਾਂ ਕੇਂਦਰ ਨੇ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਅਤੇ ਫਿਰ ਮੌਜੂਦਾ ਸੂਬਾ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਲਈ ਨਵੀਆਂ ਤਰਕੀਬਾਂ ਕੱਢ ਮਾਰੀਆਂ। ਵੱਡੇ-ਵੱਡੇ ਮਾਰਗ ਪੰਜਾਬ ਦੀ ਛਾਤੀ ਚੀਰ ਕੇ ਬਣਾਏ ਜਾਣ ਲੱਗੇ ਹਨ। ਹਾਈਵੇ ਥਾਂ-ਥਾਂ ਬਣਾਕੇ ਕਿਸਾਨਾਂ ਦੀ ਜ਼ਮੀਨ ਕਿਧਰੇ ਟੋਟਿਆਂ 'ਚ ਵੰਡੀ ਜਾ ਰਹੀ ਹੈ ਅਤੇ ਕਿਧਰੇ ਹਾਈਵੇਜ਼ ਬਣਾਏ ਜਾ ਰਹੇ ਹਨ। ਪਰ ਇਹਨਾਂ ਹਾਈਵੇਜ਼ ਦਾ ਫ਼ਾਇਦਾ ਕਿਸਨੂੰ ਹੋਵੇਗਾ? ਕੀ ਪੰਜਾਬ ਨੂੰ? ਕੀ ਪੰਜਾਬੀਆਂ ਨੂੰ? ਜਾਂ ਫਿਰ ਕਾਰਪੋਰੇਟਾਂ ਨੂੰ, ਜੋ ਇੱਥੋਂ ਅਤੇ ਲਾਗਲੇ ਸੂਬਿਆਂ 'ਚੋਂ ਕੱਚਾ ਮਾਲ ਢੋਕੇ ਵੱਧ ਮੁਨਾਫ਼ਾ ਕਮਾਉਣਗੇ। ਤੇ ਕਿਸਾਨ ਜਿਹਨਾਂ ਦੀ ਜ਼ਮੀਨ ਖੋਈ ਜਾਣੀ ਹੈ, ਦਿਹਾੜੀਆਂ ਕਰਨ 'ਤੇ ਮਜ਼ਬੂਰ ਹੋ ਜਾਣਗੇ। ਕੀ ਇਸ ਨਾਲ ਪੰਜਾਬ ਖੁਸ਼ਹਾਲ ਹੋਵੇਗਾ? ਕੀ ਇੱਥੋਂ ਦੇ ਨੌਜਵਾਨਾਂ ਨੂੰ ਇਸ ਨਾਲ ਕੋਈ ਰੁਜ਼ਗਾਰ ਮਿਲੇਗਾ?

ਪੰਜਾਬ ਦੀ ਸਥਿਤੀ ਗੰਭੀਰ ਹੈ! ਨੌਜਵਾਨ ਹਰ ਹੀਲੇ ਸੂਬੇ 'ਚੋਂ ਭੱਜਣਾ ਚਾਹੁੰਦੇ ਹਨ, ਕਿਉਂਕਿ ਉਹਨਾਂ ਨੂੰ ਆਪਣਾ ਭਵਿੱਖ ਇੱਥੇ ਸਾਵਾਂ, ਸੁਖਾਵਾਂ ਨਹੀਂ ਦਿਸਦਾ। ਪੰਜਾਬ ਦੇ ਪਿੰਡ ਅਤੇ ਹੁਣ ਤਾਂ ਸ਼ਹਿਰਾਂ 'ਚ ਵੀ ਨਸ਼ਿਆਂ ਦਾ ਅਤਿਅੰਤ ਬੋਲਬਾਲਾ ਹੈ। ਵਿਦੇਸ਼ ਗਏ ਨੌਜਵਾਨਾਂ ਦੇ ਮਾਪੇ ਇਕੱਲਤਾ ਦਾ ਜੀਵਨ ਬਿਤਾ ਰਹੇ ਹਨ। ਵਿਦੇਸ਼ ਵਸਦੇ ਪੰਜਾਬੀ ਆਪਣੀ ਜ਼ਮੀਨ ਜਾਇਦਾਦ ਵੇਚਣ ਲਈ ਪੰਜਾਬ ਆਉਂਦੇ, ਇਹ ਕਹਿੰਦੇ ਸੁਣੀਂਦੇ ਹਨ ਕਿ ਉਹਨਾਂ ਦੀ ਔਲਾਦ ਨੇ ਪੰਜਾਬ ਨਹੀਂ ਪਰਤਣਾ, ਹੁਣ ਪੰਜਾਬ ਰਹਿਣਯੋਗ ਨਹੀਂ ਰਿਹਾ। ਆਪਣੀ ਜਨਮ ਭੂਮੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਇਹ ਪੰਜਾਬੀ ਆਖ਼ਿਰ ਸਾਡੇ ਹਾਕਮਾਂ, ਸਾਡੀਆਂ ਸਰਕਾਰਾਂ ਨੇ ਇੰਨੇ ਉਪਰਾਮ ਕਿਉਂ ਕਰ ਦਿੱਤੇ ਹਨ? ਕੀ ਦੋਸ਼ ਇਹਨਾਂ ਸਿਆਸਤਦਾਨਾਂ, ਹਾਕਮਾਂ ਦਾ ਨਹੀਂ ਹੈ, ਜਿਹਨਾਂ ਪੰਜਾਬ ਦੀ ਸੱਤਾ ਹਥਿਆਉਣ ਲਈ ਤਾਂ ਹਰ ਹੀਲਾ ਵਰਤਿਆ, ਪਰ ਇੱਥੇ ਅਮਨ ਕਾਨੂੰਨ ਦੀ ਸਥਿਤੀ ਸੁਖਾਵੀਂ ਕਰਨ, ਇੱਥੋਂ ਬੇਰੁਜ਼ਗਾਰੀ ਰੋਕਣ, ਇੱਥੇ ਦੇ ਵਾਤਾਵਰਣ ਨੂੰ ਸੁੰਦਰ ਪ੍ਰਦੂਸ਼ਣ ਰਹਿਤ ਬਣਾਉਣ ਲਈ ਢਿੱਡੋਂ ਯਤਨ ਨਹੀਂ ਕੀਤਾ। ਕੀਤਾ ਹੁੰਦਾ ਤਾਂ ਅੱਜ ਪੰਜਾਬ ਦੇ ਵਿਦੇਸ਼ ਵਸਦੇ ਪੰਜਾਬੀ ਆਪਣੇ ਪੰਜਾਬ ਨੂੰ ਹਿੱਕ ਨਾਲ ਲਾਉਂਦੇ।

ਅਜ਼ਾਦੀ ਦੇ 78 ਵਰ੍ਹਿਆਂ ਬਾਅਦ ਪੰਜਾਬ ਅੱਜ ਵੀ ਵਿਕਾਸ ਪੱਖੋਂ ਊਣਾ ਹੈ। ਸਿੱਖਿਆ ਪੱਖੋਂ ਪਿੱਛੇ ਹੈ। ਉਦਯੋਗ ਵਿੱਚ ਤਾਂ ਇਸਦਾ ਥਾਂ ਹੀ ਕੋਈ ਨਹੀਂ। ਤੇ ਫੇਰ ਰੁਜ਼ਗਾਰ ਕਿੱਥੋਂ ਮਿਲੂ? ਆਮ ਸਿਹਤ ਸੁਵਿਧਾਵਾਂ, ਕਹਿਣ ਲਈ ਵੱਡੀਆਂ ਦਿਸ ਰਹੀਆਂ ਹੋਣਗੀਆਂ, ਪਰ ਕੀ ਇਹ ਆਮ ਆਦਮੀ ਦੀ ਪਹੁੰਚ 'ਚ ਹਨ?

ਕੀ ਸਿੱਖਿਆ, ਸਿਹਤ, ਵਾਤਾਵਰਣ ਅਤੇ ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕਾਂ ਦੀ ਰਾਖੀ, ਉਦਯੋਗਿਕ ਵਿਕਾਸ ਲਈ ਪਿਛਲੀਆਂ ਤਿੰਨ ਸਰਕਾਰਾਂ ਦੇ ਉੱਦਮ ਉਪਰਾਲੇ ਜਾਂ ਕੋਸ਼ਿਸ਼ਾਂ ਸਾਰਥਕ ਸਨ। ਬਾਦਲ ਦੀ ਅਗਵਾਈ ਵਾਲੀ (2012-17) ਦੀ ਸਰਕਾਰ ਕੇਂਦਰ ਸਰਕਾਰ 'ਚ ਭਾਜਪਾ ਸਰਕਾਰ ਹੋਣ ਦੇ ਬਾਵਜੂਦ 'ਨਾ ਕੋਈ ਵੱਡਾ ਪ੍ਰਾਜੈਕਟ' ਪੰਜਾਬ ਲਿਆ ਸਕੀ ਅਤੇ ਨਾ ਹੀ ਚੰਡੀਗੜ੍ਹ ਪੰਜਾਬ ਨੂੰ ਦੁਆ ਸਕੀ। ਭਾਸ਼ਾ ਦੇ ਆਧਾਰ ਉੱਤੇ ਬਣੇ ਸੂਬੇ ਪੰਜਾਬ ਲਈ ਸੰਘਰਸ਼ ਕਰਨ ਵਾਲੀ ਪਾਰਟੀ ਪੰਜਾਬੀ ਨੂੰ ਵੀ ਦਫ਼ਤਰਾਂ, ਅਦਾਲਤਾਂ 'ਚ ਲਾਗੂ ਨਾ ਕਰ ਸਕੀ। ਦਰਿਆਈ ਪਾਣੀਆਂ ਦਾ ਮਸਲਾ ਦਿੱਲੀ ਹਾਕਮਾਂ ਤੋਂ ਹੱਲ ਨਾ ਕਰਵਾ ਸਕੀ। ਨਸ਼ਿਆਂ ਦਾ ਚਲਣ ਇਸ ਸਰਕਾਰ ਵੇਲੇ ਵਧਿਆ। ਨੌਜਵਾਨਾਂ 'ਚ ਨਿਰਾਸ਼ਤਾ ਵਧੀ। ਸੂਬਾ ਕਰਜ਼ਾਈ ਹੋਇਆ ਅਤੇ ਨਸ਼ਿਆਂ ਤੋਂ ਮੁਕਤੀ ਕੁਝ ਦਿਨਾਂ 'ਚ ਦੇਣ ਦੇ ਨਾਹਰੇ ਦੇ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੀ ਸਰਕਾਰ (2017-2022) ਪੰਜੇ ਵਰ੍ਹੇ ਨਸ਼ਾ ਮੁਕਤ ਪੰਜਾਬ, ਦਾ ਨਾਹਰਾ ਦਿੰਦੀ ਰਹੀ। ਗੱਲੀਂ ਬਾਤੀ ਭਾਜਪਾ ਦੀ ਕੇਂਦਰ ਸਰਕਾਰ ਨਾਲ ਲੜਦੀ ਰਹੀ, ਅਸੰਬਲੀ 'ਚ ਮਤੇ ਵੀ ਪਾਉਂਦੀ ਰਹੀ, ਪਰ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦਾ ਮਸਲਾ ਹੱਲ ਕਰ ਸਕੀ, ਨਾ ਪੰਜਾਬ ਦੇ ਪਾਣੀਆਂ ਦਾ। ਨੌਜਵਾਨਾਂ ਦੀ ਬੇਰੁਜ਼ਗਾਰੀ, ਨਸ਼ਿਆਂ ਦੀ ਦਲਦਲ 'ਚ ਫਸਣ ਅਤੇ ਵਿਦੇਸ਼ਾਂ ਵੱਲ ਭੱਜਣ ਦਾ ਰੁਝਾਨ ਉਹਨਾਂ ਦੇ ਸਮੇਂ ਚਰਮ ਸੀਮਾਂ 'ਤੇ ਪੁੱਜਿਆ।

ਮੌਜੂਦਾ ਸਰਕਾਰ (2022 ਤੋਂ ਹੁਣ ਤੱਕ) ਇਹਨਾਂ ਮਸਲਿਆਂ 'ਚ ਵੱਡੇ ਨਾਹਰੇ ਲਾਉਂਦੀ ਰਹੀ। ਨਸ਼ਾ ਮੁਕਤੀ ਲਈ ਵੱਡੇ ਪ੍ਰਾਜੈਕਟ ਉਲੀਕਦੀ ਰਹੀ, ਪਰ ਹੱਥ ਪੱਲੇ ਕੀ ਪਿਆ? ਵਿਸ਼ਲੇਸ਼ਣ ਦਾ ਵਿਸ਼ਾ ਹੈ। ਪੰਜਾਬ ਸਿਰ ਕਰਜ਼ਾ ਵਧਿਆ ਹੈ। ਬੇਰੁਜ਼ਗਾਰੀ ਦੀ ਦਰ ਨਹੀਓਂ ਘੱਟੀ। ਜ਼ਮੀਨੀ ਪੱਧਰ 'ਤੇ ਸਿਹਤ ਸਹੂਲਤਾਂ ਦੀ ਕਮੀ ਹੁਣ ਵੀ ਅਖਰਦੀ ਹੈ ਅਤੇ ਸਭ ਤੋਂ ਅੱਖੜ ਰਿਹਾ ਹੈ, ਚੁੱਭ ਰਿਹਾ ਹੈ ਸਿਆਸਤਦਾਨਾਂ ਦਾ ਵਿਵਹਾਰ। ਇੱਕ-ਦੂਜੇ ਪ੍ਰਤੀ ਸ਼ਰੀਕੇਬਾਜ਼ੀ ਵਾਲਾ ਵਰਤਾਓ ਨੈਤਿਕ ਕਦਰਾਂ-ਕੀਮਤਾਂ ਉਲੰਘਕੇ ਬੋਲੇ ਗਏ ਭੈੜੇ, ਭੜਕਾਊ, ਬੋਲ! ਸਿਆਸਤ ਵਿੱਚ ਚੱਕ ਦਿਆਂਗੇ, ਮਿੱਧ ਦਿਆਂਗੇ ਵਰਗੇ ਬੋਲ ਕੀ ਸੱਚਮੁੱਚ ਸਿਆਸਤ ਹੈ ਜਾਂ ਹੰਕਾਰੀ ਬੋਲ?

ਪੰਜਾਬ 'ਚ ਸਿਆਸਤਦਾਨ, ਇੱਕ-ਦੂਜੇ ਵਿਰੁੱਧ ਜਿਸ ਕਿਸਮ ਦੀ ਅਭੱਦਰ ਭਾਸ਼ਾ ਬੋਲਦੇ ਹਨ, ਉਹ ਸਿਆਣਿਆਂ ਵਾਲੀ ਭਾਸ਼ਾ ਨਹੀਂ, ਜਿਸ ਕਿਸਮ ਦੀ ਨੀਵੇਂ ਦਰਜੇ ਦੀ ਉਹ ਸਿਆਸਤ ਕਰਦੇ ਹਨ, ਉਹ ਸੱਚਮੁਚ ਸਹਿਣਯੋਗ ਨਹੀਂ।

(ਬਾਕੀ ਸਫ਼ਾ 27 'ਤੇ)

# ਕੀ ਭਾਰਤ-ਅਮਰੀਕਾ ਵਪਾਰ ਸਮਝੌਤਾ ਕਿਸਾਨਾਂ ਦੇ ਹਿਤ ਵਿੱਚ ਹੈ ?



ਬਲਬੀਰ ਸਿੰਘ ਰਾਜੇਵਾਲ
ਪ੍ਰਧਾਨ ਬੀ.ਕੇ.ਯੂ.

ਭਾਰਤ ਤੇ ਅਮਰੀਕਾ ਵਿਚਕਾਰ ਇੱਕ ਟੈਕਸ ਮੁਕਤ ਵਪਾਰਕ ਸਮਝੌਤਾ ਹੋਣ ਜਾ ਰਿਹਾ ਹੈ, ਜਿਸ ਨੂੰ ਸਿਰਫ਼ ਅਮਰੀਕਾ ਲਈ ਟੈਕਸ ਮੁਕਤ ਕਿਹਾ ਜਾ ਸਕਦਾ ਹੈ, ਕਿਉਂਕਿ ਉਹ ਆਪਣੇ ਉਤਪਾਦ ਭਾਰਤ ਦੀ ਮੰਡੀ ਵਿੱਚ ਬਿਨਾਂ ਕਿਸੇ ਟੈਕਸ/ਡਿਊਟੀ ਅਰਥਾਤ ਸਿਫ਼ਰ ਟੈਰਿਫ਼ ’ਤੇ ਭਾਰਤ ਵਿੱਚ ਭੇਜ ਸਕੇਗਾ, ਜਦਕਿ ਕੁਝ ਦਿਨ ਪਹਿਲਾਂ ਭਾਰਤ ਤੇ ਅਮਰੀਕਾ ਦਰਮਿਆਨ ਹੋਈ ਗੱਲਬਾਤ ਦੌਰਾਨ ਭਾਰਤ ’ਤੇ 18 ਫ਼ੀਸਦੀ ਟੈਰਿਫ਼ ਤੈਅ ਹੋ ਗਿਆ ਸੀ। ਹਾਲਾਂਕਿ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਸਾਰੇ ਦੇਸ਼ਾਂ ’ਤੇ ਲਗਾਏ ਟੈਰਿਫ਼ ਅਮਰੀਕਾ ਦੀ ਸੁਪਰੀਮ ਕੋਰਟ ਵੱਲੋਂ ਰੱਦ ਕਰਨ ਤੋਂ ਬਾਅਦ ਟਰੰਪ ਨੇ ਸਾਰੀ ਦੁਨੀਆ ’ਤੇ ਮੁੜ 15 ਫ਼ੀਸਦੀ ਟੈਰਿਫ਼ ਲਾ ਦਿੱਤਾ ਹੈ। ਦੱਸਣਯੋਗ ਹੈ ਕਿ ਅਮਰੀਕਾ ਦੇ ਵਾਈਟ ਹਾਊਸ ਨੇ ਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਜਾਰੀ ਇੱਕ ਸਾਂਝੇ ਬਿਆਨ (ਫ਼ੈਕਟ ਸੀਟ) ’ਚ ਕਿਹਾ ਹੈ ਕਿ ਅਜੇ ਇਹ ਕੋਈ ਸਥਾਈ ਸਮਝੌਤਾ ਨਹੀਂ, ਸਗੋਂ ਅਸਥਾਈ ਸਮਝੌਤਾ ਹੈ।

ਇਸ ਸਮਝੌਤੇ ਨੇ ਭਾਰਤ ਦੀ ਪ੍ਰਭੂਸੱਤਾ ਨੂੰ ਡੂੰਘੀ ਸੱਟ ਮਾਰੀ ਹੈ, ਭਾਰਤ ਨੇ ਕਿਸ ਦੇਸ਼ ਤੋਂ ਕੀ ਖਰੀਦਣਾ ਜਾਂ ਵੇਚਣਾ ਹੈ ਇਹ ਸਾਡੀ ਸਰਕਾਰ ਦਾ ਅਧਿਕਾਰ ਹੈ। ਪਰ ਰਾਸ਼ਟਰਪਤੀ ਟਰੰਪ ਸਾਡੀ ਸਰਕਾਰ ਨੂੰ ਬਹੁਤ ਦੇਰ ਤੋਂ ਧਮਕੀਆਂ ਦੇ ਰਹੇ ਸਨ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰੇ, ਨਹੀਂ ਤਾਂ ਉਹ ਭਾਰਤੀ ਨਿਰਯਾਤ ਵਸਤਾਂ ’ਤੇ ਟੈਰਿਫ਼ ਵਧਾ ਦੇਵੇਗਾ, ਜੋ ਉਸ ਨੇ 25 ਫ਼ੀਸਦੀ ਵਧਾ ਵੀ ਦਿੱਤਾ ਸੀ। ਜਦੋਂ ਟਰੰਪ ਸਾਡੀ ਸਰਕਾਰ ਦੀ ਬਾਂਹ ਮਰੋੜਨ ਵਿੱਚ ਸਫ਼ਲ ਹੋ ਗਿਆ ਤਾਂ ਉਸ ਨੇ ਭਾਰਤ ਨੂੰ ਇਰਾਨ ਤੋਂ ਵੀ ਤੇਲ ਖਰੀਦਣ ਤੋਂ ਵਰਜ ਦਿੱਤਾ। ਸਾਡੀ ਸਰਕਾਰ ਨੇ ਟਰੰਪ ਸਰਕਾਰ ਦੇ ਦਬਾਅ ਹੇਠ ਰੂਸ ਤੇ ਇਰਾਨ ਤੋਂ ਤੇਲ ਦੀ ਖਰੀਦ ਬੰਦ ਕਰਕੇ ਵੈਨਜ਼ੂਏਲਾ ’ਚੋਂ ਅਮਰੀਕੀ ਕੰਪਨੀਆਂ ਦਾ ਤੇਲ ਖਰੀਦਣਾ ਵੀ ਮੰਨ ਲਿਆ। ਇੰਝ ਭਾਰਤ ਵੱਲੋਂ ਅੰਤਰਰਾਸ਼ਟਰੀ ਗੁੱਟਬੰਦੀ ਵਿੱਚ ਆਪਣੇ ਲੰਬੇ ਸਮੇਂ ਦੇ ਭਰੋਸੇਯੋਗ ਸਹਿਯੋਗੀਆਂ ਤੋਂ ਮੂੰਹ ਮੋੜਨ ਨਾਲ ਸਾਡੇ ਦੇਸ਼ ਦੀ ਪ੍ਰਭੂਸੱਤਾ ਨੂੰ ਸੱਟ ਵੱਜੀ ਹੈ।

ਇਸ ਬਿਆਨ ਦੇ ਦਸਤਾਵੇਜ਼ ਦੇ ਚੌਥੇ ਬਿੰਦੂ ਦੀ ਪਹਿਲੀ ਮੱਦ ਵਿੱਚ ਇਸ ਸਮਝੌਤੇ ਦੀਆਂ ਅਹਿਮ ਸ਼ਰਤਾਂ ਦਾ ਜ਼ਿਕਰ ਹੈ। ਜਿਨ੍ਹਾਂ ਅਨੁਸਾਰ ਅਮਰੀਕੀ ਸਨਅਤਾਂ ਵਿੱਚ ਬਣੀਆਂ ਵੱਡੀ ਗਿਣਤੀ ’ਚ ਖਾਣ ਵਾਲੀਆਂ ਚੀਜ਼ਾਂ ਤੇ ਖੇਤੀ ਉਪਜ ਵਾਲੀਆਂ ਜਿਣਸਾਂ-ਡੀ.ਡੀ.ਜੀ., ਬਾਜਰਾ, ਮੇਵੇ, ਤਾਜ਼ਾ ਤੇ ਪ੍ਰਾਸੈਸ ਕੀਤੇ ਫ਼ਲ, ਸੋਇਆਬੀਨ ਦਾ ਤੇਲ, ਵਾਈਨ ਤੇ ਸ਼ਰਾਬ ਸਮੇਤ ਕਈ ਹੋਰ ਵਸਤਾਂ ਤੋਂ ਭਾਰਤ ਟੈਰਿਫ਼ ਖਤਮ ਕਰੇਗਾ ਜਾਂ ਘਟਾਏਗਾ। ਬਿਆਨ ਵਿੱਚ ਖੇਤੀ ਜਿਣਸਾਂ ਤੇ ਅਮਰੀਕਨ ਖਾਧ ਪਦਾਰਥ ਵਰਗੇ ਲਿਖੇ ਸ਼ਬਦ ਵਿੱਚ ਇਹ ਕਿਤੇ ਨਹੀਂ ਲਿਖਿਆ ਕਿ ਉਹ ਕਣਕ, ਚਾਵਲ, ਮੱਕੀ ਜਾਂ ਦਾਲਾਂ ਆਦਿ ਭਾਰਤ ਨੂੰ ਨਹੀਂ ਭੇਜੇਗਾ। ਸਮਝੌਤੇ ਦੀ ਸ਼ਬਦਾਵਲੀ ਤੋਂ ਸਪੱਸ਼ਟ ਹੈ ਕਿ ਭਾਰਤ ਸਰਕਾਰ ਨੇ ਰਾਸ਼ਟਰਪਤੀ ਟਰੰਪ ਅੱਗੇ ਹਥਿਆਰ ਸੁੱਟ ਦਿੱਤੇ ਹਨ ਅਤੇ ਭਾਰਤੀ ਕਿਸਾਨਾਂ ਨੂੰ ਭਰਮਾਉਣ ਲਈ ਕਣਕ, ਚਾਵਲ, ਮੱਕੀ ਦੀ ਬਜਾਏ ਸਿਰਫ਼ ਖੇਤੀ ਪੈਦਾਵਾਰ ਸ਼ਬਦ ਹੀ ਲਿਖਿਆ ਹੈ। ਇਸ ਦੀ ਅਗਲੀ ਮੱਦ ਵਿੱਚ ਲਿਖਿਆ ਹੈ ਕਿ ਭਾਰਤ ਹੋਰ ਅਮਰੀਕੀ ਉਤਪਾਦ ਖਰੀਦਣ ਦਾ ਇੱਛੁਕ ਹੈ ਅਤੇ 500 ਅਰਬ ਡਾਲਰ ਦੀ ਅਮਰੀਕਾ ਤੋਂ ਐਨਰਜੀ, ਜਾਣਕਾਰੀ ਤੇ ਸੰਚਾਰ ਤਕਨੀਕਾਂ, ਕੋਲਾ ਤੇ ਹੋਰ ਪਦਾਰਥ ਖਰੀਦਣਾ ਚਾਹੁੰਦਾ ਹੈ। ਇਸ ਵਿੱਚ ਵੀ ਸ਼ਬਦ ਹੋਰ ‘ਪਦਾਰਥ’ ਹੀ ਲਿਖਿਆ ਹੈ, ਕਿਸੇ ਪਦਾਰਥ ਦਾ ਨਾਂਅ ਨਹੀਂ ਲਿਖਿਆ। ਅਗਲੀ ਮੱਦ ਵਿੱਚ ਲਿਖਿਆ ਹੈ ਕਿ ਦੋਵਾਂ ਧਿਰਾਂ ਸਮਝੌਤੇ ਦੇ ਅਧਿਕਾਰ ਖੇਤਰ ਵੱਲੋਂ ਤੈਅ ਕੀਤੇ ਮਾਪਦੰਡਾਂ ਲਈ ਗੱਲਬਾਤ ਜਾਰੀ ਰੱਖਣਗੀਆਂ ਤਾਂ ਜੋ ਟੈਕਸ ਤੇ ਟੈਕਸ ਰਹਿਤ ਰੋਕਾਂ, ਤਕਨੀਕੀ ਵਪਾਰਕ ਰੋਕਾਂ, ਕਸਟਮ, ਵਪਾਰਕ ਸਹੂਲਤਾਂ, ਵਪਾਰਕ ਸੋਧਾਂ, ਸੇਵਾਵਾਂ ਤੇ ਨਿਵੇਸ਼, ਬੌਧਿਕ ਪ੍ਰਾਪਰਟੀ, ਮਜ਼ਦੂਰ, ਵਾਤਾਵਰਨ, ਜਿਣਸਾਂ ਦੀ ਸਰਕਾਰੀ ਖਰੀਦ ਤੇ ਵਪਾਰ ਨੂੰ ਉਲਟਾ ਪ੍ਰਭਾਵਿਤ ਕਰਨ ਜਾਂ ਸਰਕਾਰੀ ਅਦਾਰਿਆਂ ਦੀ ਮਾਲਕੀ ਵੱਲੋਂ ਅਖਤਿਆਰ ਕੀਤੇ ਜਾਣ ਵਾਲੇ ਵਿਗਾੜ ਪਾਉਣ ਵਾਲੇ ਤਰੀਕਿਆਂ ਸੰਬੰਧੀ ਖਾਕਾ ਤਿਆਰ ਕੀਤਾ ਜਾ ਸਕੇ। ਜਿਣਸਾਂ ਦੀ ਸਰਕਾਰੀ ਖਰੀਦ ਵਰਗੀ ਮੱਦ ਦਾ ਸਪੱਸ਼ਟ ਸੰਕੇਤ ਹੈ ਕਿ ਅਮਰੀਕਾ, ਭਾਰਤ ਵਿੱਚ ਜਿਣਸਾਂ ਦਾ ਸਮਰਥਨ ਮੁੱਲ ਤਹਿ ਕਰਨ ਤੇ ਉਨ੍ਹਾਂ ਦੀ ਸਰਕਾਰੀ ਖਰੀਦ ’ਤੇ ਪਾਬੰਦੀ ਲਾਉਣ ਲਈ ਵੀ ਦਬਾਅ ਪਾਉਣ ਦੀ ਤਿਆਰੀ ਵਿੱਚ ਹੈ। ਇਸੇ ਮੱਦ ਦੀ ਦੂਜੀ ਉਪ ਮੱਦ ਵਿੱਚ ਲਿਖਿਆ ਹੈ ਕਿ ਰਾਸ਼ਟਰਪਤੀ ਟਰੰਪ ਅਮਰੀਕੀ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਚਾਹੁੰਦੇ ਹਨ ਕਿ ਸਾਰੀਆਂ ਟੈਕਸ ਸਹਿਤ ਤੇ ਟੈਕਸ ਰਹਿਤ ਰੋਕਾਂ ਹਟਾਈਆਂ ਜਾਣ ਤਾਂ ਜੋ ਅਮਰੀਕਨ ਨਿਰਯਾਤਕਾਂ ਲਈ ਮੰਡੀ ਦਾ ਵਿਸਥਾਰ ਹੋ ਸਕੇ, ਜਿਸ ਵਿੱਚ ਖੇਤੀ ਖੇਤਰ ਵੀ ਸ਼ਾਮਲ ਹੈ।ਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਜਾਰੀ ਕੀਤੇ ਦਸਤਾਵੇਜ਼ ਦੀ ਇਕ-ਇਕ ਮੱਦ ਤੋਂ ਸਾਫ਼ ਝਲਕ ਹੀ ਨਹੀਂ ਪੈਂਦੀ, ਸਗੋਂ ਸਪੱਸ਼ਟ ਹੁੰਦਾ ਹੈ ਕਿ ਭਾਵੇਂ ਭਾਜਪਾਈ ਇਸ ਨੂੰ ਦੇਸ਼ ਹਿੱਤ ਵਿਚ ਕ੍ਰਾਂਤੀਕਾਰੀ ਸਮਝੌਤੇ ਵਜੋਂ ਪ੍ਰਚਾਰ ਰਹੇ ਹਨ, ਪਰ ਅਸਲੀਅਤ ’ਚ ਇਹ ਦੇਸ਼ ਦੇ ਸਿਰਫ਼ ਕਿਸਾਨਾਂ ਲਈ ਹੀ ਨਹੀਂ ਸਗੋਂ ਸਾਡੇ ਕਾਮਿਆਂ ਤੇ ਆਮ ਲੋਕਾਂ ਦੇ ਹਿੱਤਾਂ ਲਈ ਵੀ ਖਤਰੇ ਦੀ ਘੰਟੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਮੋਦੀ ਸਰਕਾਰ ਨੂੰ ਡਰਾ-ਧਮਕਾ ਕੇ ਭਾਰਤੀ ਮੰਡੀ ਵਿੱਚ ਦਾਖਲ ਹੋਣ ਵਿੱਚ ਸਫ਼ਲ ਹੁੰਦੇ ਜਾਪਦੇ ਹਨ। ਭਾਵੇਂ ਭਾਜਪਾ ਸਰਕਾਰ ਤੇ ਉਸ ਦੇ ਕਾਰਕੁਨ ਸਾਨੂੰ (ਐਸ.ਕੇ.ਐਮ.) ਗੁਮਰਾਹ ਕਰਨ ਵਾਲੇ ਦੱਸ ਕੇ ਖੁਦ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਕਿ ਇਸ ਨਾਲ ਭਾਰਤ ਨੂੰ ਬਹੁਤ ਵੱਡਾ ਲਾਭ ਹੋਵੇਗਾ। ਭਾਜਪਾ ਦੇ ਕਈ ਨਵੇਂ ਵਿਦਵਾਨ ਆਪਣੇ ਲੇਖਾਂ, ਬਿਆਨਾਂ ਨਾਲ ਮੀਡੀਆ ਵਿੱਚ ਲੋਕਾਂ ਨੂੰ ਮੂਰਖ ਬਣਾਉਣ ਲਈ ਪੂਰਾ ਜ਼ੋਰ ਲਾ ਰਹੇ ਹਨ ਤਾਂ ਜੋ ਅਸਲੀਅਤ ਨੂੰ ਢਕਿਆ ਜਾ ਸਕੇ। ਕਿਹਾ ਜਾ ਰਿਹਾ ਹੈ ਕਿ ਅਸੀਂ ਪਹਿਲਾਂ ਹੀ ਸੇਬ ਤੇ ਸੋਇਆਬੀਨ ਦਾ ਤੇਲ ਵਿਦੇਸ਼ਾਂ ਤੋਂ ਮੰਗਵਾਉਂਦੇ ਹਾਂ, ਕਿਉਂਕਿ ਭਾਰਤ ਵਿੱਚ ਇਨ੍ਹਾਂ ਦੀ ਪੈਦਾਵਾਰ ਘੱਟ ਹੈ। ਕੀ ਸਾਡੀ ਸਰਕਾਰ ਨੇ ਸੇਬ, ਸੋਇਆਬੀਨ, ਦਾਲਾਂ ਦੇ ਕਦੇ ਲਾਹੇਵੰਦ ਸਮਰਥਨ ਮੁੱਲ ਮਿੱਥੇ ਹਨ ਤੇ ਮੰਡੀ ਵਿੱਚ ਇਨ੍ਹਾਂ ਫ਼ਸਲਾਂ ਦੇ ਘੱਟ ਕੀਮਤ ’ਤੇ ਵਿਕਣ ਸਮੇਂ ਕਿਸਾਨਾਂ ਦੀ ਬਾਂਹ ਫ਼ੜੀ ਹੈ ? ਪਿਛਲੇ ਸਾਲ ਸਰਕਾਰ ਵੱਲੋਂ ਨਰਮੇ ਦੇ ਅਯਾਤ ਲਈ ਕਸਟਮ ਡਿਊਟੀ ਘਟਾਉਣ ਨਾਲ ਮੰਡੀ ਵਿੱਚ ਇਸ ਦੇ ਭਾਅ ਬੁਰੀ ਤਰ੍ਹਾਂ ਡਿਗਣ ਸਮੇਂ ਸਰਕਾਰ ਤੇ ਕਾਟਨ ਕਾਰਪੋਰੇਸ਼ਨ ਕਿੱਥੇ ਸੀ ?

ਅਸੀਂ ਦਾਅਵਾ ਕਰਦੇ ਹਾਂ ਕਿ ਸਰਕਾਰ ਕਿਸਾਨਾਂ ਕੋਲੋਂ ਜਿਹੜੀ ਮਰਜ਼ੀ ਫ਼ਸਲ ਪੈਦਾ ਕਰਵਾ ਲਵੇ, ਕਿਸਾਨ ਢੇਰ ਲਾ ਦੇਣਗੇ ਬਸ਼ਰਤੇ ਉਸ ਦੀ ਖਰੀਦ ਤੇ ਲਾਹੇਵੰਦ ਸਮਰਥਨ ਮੁੱਲ ਦੀ ਗਾਰੰਟੀ ਦੇਵੇ। ਸਰਕਾਰ ਦੀ ਇਹ ਵੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋਣ ਦੇਵੇ। ਅਮਰੀਕਾ ਵਿੱਚ ਜੀ.ਐਮ. ਬੀਜਾਂ ਤੇ ਉਨ੍ਹਾਂ ਦੀ ਪੈਦਾਵਾਰ ਦੀ ਭਰਮਾਰ ਹੈ, ਪਰ ਸਮਝੌਤੇ ਵਿੱਚ ਕਿਤੇ ਨਹੀਂ ਲਿਖਿਆ ਕਿ ਭਾਰਤ ਵਿੱਚ ਸੋਇਆ ਤੇਲ ਤੋਂ ਬਿਨਾਂ ਡੀ.ਡੀ.ਜੀ. ਕਿਸ-ਕਿਸ ਫ਼ਸਲ ਦੇ ਆਉਣਗੇ। ਅਮਰੀਕੀ ਮੱਕੀ ਜੀ.ਐਮ.ਓ. ਤੋਂ ਤਿਆਰ ਬੀਜਾਂ ਦੀ ਪੈਦਾਵਾਰ ਹੈ। ਜਦੋਂ ਮੱਕੀ ਦੇ ਡੀ.ਡੀ.ਜੀ. ਭਾਰਤ ਦੀ ਪਸ਼ੂ ਖੁਰਾਕ ਲਈ ਅਮਰੀਕਾ ਤੋਂ ਆ ਜਾਣਗੇ ਤਾਂ ਸਮਰਥਨ ਮੁੱਲ ਤੋਂ 200 ਤੋਂ 400 ਰੁਪਏ ਕੁਇੰਟਲ ਘੱਟ ‘ਤੇ ਵਿਕਣਗੇ ਤਾਂ ਸਾਡੀ ਮੱਕੀ ਨੂੰ ਕੌਣ ਖਰੀਦੇਗਾ ? ਜੀ.ਐਮ.ਓ. ਬੀਜਾਂ ਤੋਂ ਬਣੀ ਮੱਕੀ ਤੇ ਸੋਇਆਬੀਨ ਤੇਲ ਖਾਣ ਨਾਲ ਲੋਕਾਂ ਤੇ ਪਸ਼ੂਆਂ ਦੀ ਸਿਹਤ ’ਤੇ ਯਕੀਨਨ ਬੁਰਾ ਅਸਰ ਪਵੇਗਾ। ਭਾਰਤੀ ਖੇਤੀ ਬਾਜ਼ਾਰ ਦਾ ਅਮਰੀਕਾ ਲਈ ਖੁੱਲਣ ਦਾ ਅਰਥ ਹੈ, ਕਿਸਾਨਾਂ ਦੇ ਭਵਿੱਖ ਤੇ ਮਨੁੱਖੀ ਸਿਹਤ ਨਾਲ ਖਿਲਵਾੜ ਵੱਲ ਵਧਣਾ।ਅਮਰੀਕਾ ਤੇ ਭਾਰਤ ਸਰਕਾਰ ਇਸ ਸਮਝੌਤੇ ’ਤੇ ਮਾਰਚ ਵਿੱਚ ਦਸਤਖ਼ਤ ਕਰਨ ਲਈ ਕਾਹਲੇ ਪਏ ਹੋਏ ਹਨ।

ਅਮਰੀਕਾ ਦਾ ਖੇਤੀ ਖੇਤਰ ਐਵੇਂ ਜਸ਼ਨ ਨਹੀਂ ਮਨਾ ਰਿਹਾ ਕਿ ਉਨ੍ਹਾਂ ਨੂੰ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਭਾਰਤ ਵਿੱਚ ਮਿਲ ਗਈ ਹੈ। ਹੁਣ ਭਾਰਤ ਦੀ ਮੰਡੀ ਵਿੱਚ ਅਮਰੀਕੀ ਖੇਤੀ ਪੈਦਾਵਾਰ ਵੇਚ ਕੇ ਅਮਰੀਕਾ ਦੇ ਕਿਸਾਨਾਂ ਦੇ ਵਾਰੇ-ਨਿਆਰੇ ਹੋ ਜਾਣਗੇ। ਅਮਰੀਕੀ ਖੇਤੀ ਪੈਦਾਵਾਰ ਲਈ ਆਪਣੇ ਦਰਵਾਜ਼ੇ ਖੋਲ੍ਹ ਚੁੱਕੀ ਭਾਰਤ ਸਰਕਾਰ ਲੋਕਾਂ ਨੂੰ ਗੁਮਰਾਹ ਕਰਕੇ ਅਸਲੀ ਤੱਥਾਂ ਨੂੰ ਛੁਪਾ ਰਹੀ ਹੈ। ਵੱਡਾ ਸਵਾਲ ਇਹ ਹੈ ਕਿ ਭਾਰਤ ਦਾ ਬਾਜ਼ਾਰ ਅਮਰੀਕਾ ਲਈ ਖੁੱਲ੍ਹਣ ਨਾਲ ਕੀ ਭਾਰਤੀ ਕਿਸਾਨ ਅਮਰੀਕਨ ਕਿਸਾਨਾਂ ਦਾ ਮੁਕਾਬਲਾ ਕਰ ਸਕਣਗੇ?

(ਬਾਕੀ ਸਫ਼ਾ 27 ’ਤੇ)

# ਇਰਾਨ ’ਤੇ ਅਮਰੀਕੀ-ਇਜ਼ਰਾਇਲੀ ਹਮਲਾ ਦੁਨੀਆ ਲਈ ਘਾਤਕ



ਡਾ. ਸੁਰਿੰਦਰ ਮੰਡ

ਜੂਨ 2025 ਤੋਂ ਬਾਅਦ ਫਿਰ ਦੂਜੀ ਵਾਰ ਇਜ਼ਰਾਇਲ-ਅਮਰੀਕਾ ਨੇ ਇਰਾਨ ਨੂੰ ਗੱਲਬਾਤ ਦੇ ਭੁਲਾਵੇ ਵਿੱਚ ਲਿਆ ਕੇ ਪਿਛਲੇ ਦਿਨੀਂ ਮਾਰੂ ਹਮਲਾ ਕਰਕੇ ਸਰਵਉਚ ਲੀਡਰ ਖਮੇਨੇਈ, ਰੱਖਿਆ ਮੰਤਰੀ, ਫ਼ੌਜ ਮੁਖੀ, ਖਮੇਨੇਈ ਦੀ ਪਤਨੀ ਧੀ ਜਵਾਈ ਪੋਤਾ-ਦੋਹਤੀ ਅਤੇ ਅਨੇਕਾਂ ਹੋਰ ਵੱਡੇ ਅਫ਼ਸਰ ਮਾਰ ਦਿੱਤੇ ਹਨ।

ਐਸਾ ਕਰਨ ਲਈ ਟਰੰਪ ਦਾ ਹੋਰ ਹੌਸਲਾ ਵਧਿਆ ਵੈਨਜ਼ੁਏਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਬੰਦੀ ਬਣਾ ਲੈਣ ਉਪਰੰਤ। ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਰਾਨ ਦੇ ਲੋਕਾਂ ਨੂੰ ਸਿੱਧੀਆਂ ਹੀ ਅਪੀਲਾਂ ਵੀ ਕਰ ਦਿੱਤੀਆਂ ਕਿ ਸਰਕਾਰ ਉੱਤੇ ਕਬਜਾ ਕਰ ਲਓ, ਅਸੀਂ ਆ ਰਹੇ ਆਂ। ਅੱਜ ਕੱਲ ਵਿਸ਼ਵ ਲੋਕਤੰਤਰ ਦਾ ਨਵਾਂ ਚਲਨ ਏਧਰ ਨੂੰ ਚੱਲ ਪਿਆ।

ਪੰਜਤਾਲੀ ਸਾਲਾਂ ਤੋਂ ਅਮਰੀਕੀ ਸਖਤ ਪਾਬੰਦੀਆਂ ਨੇ ਖੁਦ ਪਹਿਲਾਂ ਇਰਾਨ ਨੂੰ ਆਰਥਿਕ ਸੰਕਟ ਵਿੱਚ ਧੱਕਿਆ।

ਭਾਰਤ ਨੂੰ ਵੀ ਇਰਾਨ ਤੋਂ ਤੇਲ ਖਰੀਦਣ ਤੋਂ ਵਰਜਿਆ ਤੇ ਫਿਰ ਅਮਰੀਕਾ ਇਜ਼ਰਾਇਲ ਨੇ ਲੋਕਾਂ ਵਿੱਚ ਪ੍ਰਚਾਰਿਆ ਕਿ ਇਸ ਆਰਥਿਕ ਸੰਕਟ ਲਈ ਇਰਾਨ ਸਰਕਾਰ/ਲੀਡਰਸ਼ਿਪ ਦੋਸ਼ੀ ਹੈ। ਏਜੰਸੀਆਂ ਰਾਹੀਂ ਮੁਜਾਹਰੇ ਸ਼ੁਰੂ ਕਰਵਾਏ। ਜਦ ਅਮਰੀਕਾ ਇਜ਼ਰਾਇਲ ਨੇ ਜੂਨ 2025 ਵਿਚ ਐਲਾਨ ਕਰ ਦਿੱਤਾ ਸੀ ਕਿ ਅਸੀਂ ਇਰਾਨ ਉੱਤੇ ਹਮਲਾ ਕਰਕੇ ਉਸਦਾ ਪ੍ਰਮਾਣੂੰ ਬੰਬ ਬਣਾਉਣ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ, ਤਾਂ ਹੁਣ ਫਿਰ ਕਾਹਤੋਂ ਦੁਬਾਰਾ ਕਹਿਣ ਲੱਗ ਪਏ ਕਿ ਇਰਾਨ ਨੇ ਦਸ ਦਿਨਾਂ ਵਿੱਚ ਪ੍ਰਮਾਣੂ ਬੰਬ ਬਣਾ ਲੈਣਾ ਸੀ, ਅਸੀਂ ਇਸ ਕਰਕੇ ਹਮਲਾ ਕੀਤਾ। ਪਹਿਲਾਂ ਖਮੇਨੇਈ ਦਾ ਵਕਾਰ ਖ਼ਰਾਬ ਕਰਨ ਲਈ ਪ੍ਰਚਾਰਿਆ ਕਿ ਉਹ ਡਰਦਾ ਮਾਰਾ ਬੰਕਰਾਂ ਵਿੱਚ ਲੁਕ ਗਿਆ ਹੈ। ਪਰ ਖੁਮੈਨਈ ਨੇ ਤਾਂ ਐਲਾਨ ਕੀਤਾ ਸੀ ਕਿ ਜੇ 9 ਕਰੋੜ ਇਰਾਨੀ ਬੰਕਰਾਂ ਵਿੱਚ ਨਹੀਂ ਤਾਂ ਮੈਂ ਵੀ ਨਹੀਂ ਕਿਤੇ ਲੁਕਾਂਗਾ। ਉਹ ਸੂਰਮਿਆਂ ਦੀ ਮੌਤ ਮਰਿਆ ਤੇ ਮੁਲਕ ਵਿੱਚ ਨਵੀਂ ਰੂਹ ਫੂਕ ਗਿਆ। ਕੁਰਬਾਨੀ ਕਮੀਆਂ ਨੂੰ ਵੀ ਕੱਜ ਲੈਂਦੀ ਹੈ। ਉਸਦੇ ਸ਼ਾਸਨ ਦੀਆਂ ਕਮੀਆਂ ਨੂੰ ਵੀ ਭੁੱਲ ਕੇ ਮੁਲਕ ਆਪਣੇ ਦਲੇਰ ਆਗੂਆਂ ਪਿੱਛੇ ਇਕਜੁੱਟ ਹੋ ਗਿਆ ਹੈ। ਸਾਰੀ ਲੀਡਰਸ਼ਿਪ ਤੇ ਫ਼ੌਜ ਘਬਰਾਈ ਨਹੀਂ, ਡਟ ਗਈ ਹੈ। ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਵਾਲੇ ਬਹਾਦਰ ਇਰਾਨੀ ਲੋਕ, 3-4 ਸੌ ਸਾਲ ਪਹਿਲਾਂ ਅਮਰੀਕੀ ਧਰਤੀ ਉੱਤੇ ਆ ਕੇ ਜਬਰੀ ਕਾਬਜ ਹੋਏ ਉਹਨਾਂ ਯੂਰਪੀ ਧਾੜਵੀਆਂ ਸਾਹਮਣੇ ਡਟ ਗਏ ਹਨ, ਜੋ ਅੱਜ ਕੱਲ ਅਮਰੀਕੀ ਸਦਾਉਂਦੇ ਹਨ।

ਟਰੰਪ ਸਭ ਹੱਦਾਂ ਛੇਤੀ ਲੰਘਣ ’ਤੇ ਉਤਾਰੂ ਹੈ। ਪਹਿਲਾਂ ਉਸਨੇ ਭਾਰਤ ਸਮੇਤ ਸਭ ਦੁਨੀਆਂ ਉੱਤੇ ਟੈਰਿਫ਼ ਵਾਰ ਕੀਤਾ। ਨਾਟੋ ਦੇ ਮੈਂਬਰ ਅਤੇ ਯੂਰਪੀ ਮੁਲਕ ਗਰੀਨਲੈਂਡ ਉੱਤੇ ਜਬਰੀ ਕਬਜਾ ਕਰ ਲੈਣ ਦਾ ਐਲਾਨ ਕੀਤਾ। ਇਹ ਵੀ ਆਖਿਆ ਕਿ ਅਮਰੀਕਾ ਤੋਂ ਵੀ ਵੱਡੇ ਦੇਸ਼ ਕਨੇਡਾ ਨੂੰ ਮੈਂ ਅਮਰੀਕਾ ਦੇ ਇਕ ਸੂਬੇ ਵਜੋਂ ਨਾਲ ਮਿਲਾ ਲਵਾਂਗਾ। ਤੇਲ ਦੌਲਤ ਨਾਲ ਮਾਲਾਮਾਲ ਮੁਲਕ ਵੈਨਜ਼ੁਏਲਾ ਉੱਤੇ ਨਸ਼ੇ ਦੇ ਵਪਾਰੀ ਹੋਣ ਦਾ ਇਲਜ਼ਾਮ ਲਾ ਕੇ ਉਹਨਾਂ ਦੇ ਰਾਸ਼ਟਰਪਤੀ ਮਾਦੁਰੋ ਨੂੰ ਘਰੋਂ ਜਬਰੀ ਚੁੱਕ ਕੇ ਗ੍ਰਿਫ਼ਤਾਰ ਕਰ ਕੇ ਅਮਰੀਕਾ ਲੈ ਆਂਦਾ, ਉਹਨਾਂ ਦੇ ਤੇਲ ਉੱਤੇ ਕਬਜੇ ਦਾ ਐਲਾਨ ਕੀਤਾ। ਕਿਊਬਾ ਮੈਕਸੀਕੋ ਕੋਲੰਬੀਆ ਉੱਤੇ ਵੀ ਛੇਤੀ ਹਮਲੇ ਕਰਕੇ ਮਰਜ਼ੀ ਦੀਆਂ ਸਰਕਾਰਾਂ ਬਣਾ ਲੈਣ ਦੀ ਫੜ੍ਹ ਮਾਰੀ। ਇਹ ਵੀ ਪ੍ਰਚਾਰਿਆ ਗਿਆ ਕਿ ਹੁਣ ਇਰਾਨੀ ਖਮੇਨੇਈ ਨੂੰ ਵੀ ਵੈਨਜ਼ੁਏਲਾ ਵਾਂਗ ਹੀ ਚੁੱਕ ਲਿਜਾਣਾ। ਟਰੰਪ ਦਾ ਤਾਜ਼ਾ ਬਿਆਨ ਕਿ ਮੈਂ ਇਰਾਨ ਤੋਂ ਬਾਅਦ ਕਿਊਬਾ ਦਾ ਨੰਬਰ ਲਾਵਾਂਗਾ।

ਅਸਲ ਵਿੱਚ ਇਸਰਾਈਲ ਦੀ ਲੰਮੇ ਸਮੇਂ ਤੋਂ ਯੋਜਨਾ ਸੀ ਕਿ ਅਮਰੀਕਾ ਕਿਸੇ ਬਹਾਨੇ ਇਰਾਨ ਉੱਤੇ ਆਪ ਤਬਾਹਕੁਨ ਹਮਲਾ ਕਰੇ। ਦੂਜੇ ਬੰਨੇ ਅਮਰੀਕਾ ਵੀ ਇਸ ਖਿੱਤੇ ਵਿੱਚ ਸਿਰਫ ਇਰਾਨ ਨੂੰ ਹੀ ਸਮਝਦਾ ਕਿ ਇਹ ਅਮਰੀਕੀ ਧੌਂਸ ਮੰਨਣ ਤੋਂ ਇਨਕਾਰੀ ਹੈ। ਇੱਕ ਅਮਰੀਕੀ ਪੱਤਰਕਾਰ ਜੋ ਟਰੰਪ ਦਾ ਨਜ਼ਦੀਕੀ ਰਿਹਾ, ਨੇ ਵੀ ਦੁਹਾਈ ਪਾਈ ਹੈ ਕਿ ਇਸ ਹਮਲੇ ਨਾਲ ਇਜ਼ਰਾਇਲ ਨੇ ਅਮਰੀਕਾ ਨੂੰ ਚੁੱਕਣਾ/ਝਾਂਸੇ ਵਿਚ ਲਿਆ ਕੇ ਆਪਣਾ ਹਿੱਤ ਸਾਧਿਆ ਹੈ। ਇਜ਼ਰਾਇਲ ਦੀ ਪੂਰੇ ਫਲਸਤੀਨ ਅਤੇ ਖਿੱਤੇ ਦੇ ਹੋਰ ਇਲਾਕਿਆਂ ਉੱਤੇ ਕਬਜੇ ਦੀ ਮੰਸ਼ਾ ਵੀ ਹੈ। ਇਸਨੂੰ ਨੇਤਨਯਾਹੂ ‘ਗਰੇਟਰ ਇਜ਼ਰਾਇਲ’ ਬਣਾਉਣਾ ਕਹਿੰਦਾ। ਪਰ ਇਰਾਨ ਦੀ ਮਜਬੂਤੀ ਨੂੰ ਇਸ ਵਿੱਚ ਰੁਕਾਵਟ ਸਮਝਦਾ। ਮੇਰਾ ਖਿਆਲ ਕਿ ਇਸ ਯੁੱਧ ਦੀ ਆੜ ਵਿੱਚ ਵੀ ਇਜ਼ਰਾਇਲ ਲਿਬਨਾਨ ਦੇ ਕੁਛ ਇਲਾਕੇ ਨੂੰ ਇਜ਼ਰਾਇਲ ਵਿੱਚ ਮਿਲਾ ਲੈਣ ਦੀ ਕੋਸ਼ਿਸ਼ ਕਰੇਗਾ।

ਕਤਰ, ਸੰਯੁਕਤ ਅਰਬ ਅਮੀਰਾਤ, ਜਾਰਡਨ, ਬਹਿਰੀਨ, ਇਰਾਕ, ਕੁਵੈਤ, ਸਊਦੀ ਅਰਬ, ਉਮਾਨ, ਤੁਰਕੀ ਵਿੱਚ ਵੱਡੇ ਅਮਰੀਕੀ ਫ਼ੌਜੀ ਅੱਡੇ ਹਨ ਅਤੇ ਇਸ ਤੇਲ ਖਿੱਤੇ ਉੱਤੇ ਕਬਜੇ ਵਰਗਾ ਦਬਦਬਾ ਹੈ। ਇਹ ਡਰੀਆਂ ਹੋਈਆਂ ਬੇਗ਼ੈਰਤ ਅਰਬ ਹਕੂਮਤਾਂ ਹਨ ਜਿਹੜੀਆਂ 1950 ਤੋਂ ਹੀ ਇਜ਼ਰਾਇਲੀ ਜਬਰ, ਤੇ ਹੁਣ ਗਾਜ਼ਾ ਵਿੱਚ 80000 ਮੌਤਾਂ, ਡੇਢ ਲੱਖ ਜ਼ਖ਼ਮੀ ਅਤੇ ਤਬਾਹੀ ਵੇਖ ਕੇ ਵੀ ਚੁੱਪ ਤੇ ਅਮਰੀਕਾ ਨਾਲ ਹੀ ਰਹੀਆਂ ਤੇ ਹੁਣ ਇਰਾਨ ਉੱਤੇ ਹਮਲੇ ਮਗਰੋਂ ਵੀ ਅਮਰੀਕਾ ਇਜ਼ਰਾਇਲ ਦੇ ਨਾਲ ਖੜੀਆਂ ਹਨ, ਆਹ ਪਾਕਿਸਤਾਨ ਵੀ। ‘ਇੱਕ ਧਰਮ’ ਵਾਲੀ ਸਾਂਝ ਹੋਣ ਦਾ ਭਰਮ ਸੰਸਾਰ ਭਰ ਵਿੱਚ ਹਰ ਪਾਸੇ ਟੁੱਟ ਚੁੱਕਾ। ਸਗੋਂ ਮਜ਼ਹਬੀ ਕੱਟੜਤਾ ਇਨਸਾਨੀ ਸੋਚ ਦੀ ਸਭ ਤੋਂ ਵੱਡੀ ਦੁਸ਼ਮਣ ਬਣ ਗਈ ਦਿੱਸ ਰਹੀ ਹੈ।ਇਸ ਪਰਖ ਦੇ ਮੌਕੇ ਸਾਡੀ ਭਾਰਤ ਸਰਕਾਰ ਇਰਾਨ ਉੱਤੇ ਹਮਲੇ ਅਤੇ ਕਤਲਾਂ ਬਾਰੇ 8 ਦਿਨ ਤਕ ਚੁੱਪ ਰਹੀ।

ਸਗੋਂ ਹਮਲੇ ਤੋਂ ਇਕ ਦਿਨ ਪਹਿਲਾਂ ਮੋਦੀ ਜੀ ਨੇਤਨਯਾਹੂ ਨੂੰ ‘ਮੇਰਾ ਪੱਕਾ ਯਾਰ’ ਕਹਿਣ ਲਈ ਇਜ਼ਰਾਇਲ ਦੌਰੇ ’ਤੇ ਗਏ। ਭਾਰਤੀ ਲੋਕ ਸ਼ਰਮਸਾਰ ਅਤੇ ਹੈਰਾਨ ਹਨ ਕਿ ਇਸ ਨਾਜ਼ੁਕ ਮੌਕੇ ਮੋਦੀ ਨੇ ਇੰਝ ਕਿਉਂ ਕੀਤਾ! ਕੀ ਸਾਡੀ ਕੋਈ ਕਮਜ਼ੋਰ ਨਸ ਅਮਰੀਕਾ ਦੇ ਹੱਥ ਆਈ ਹੈ ? ਸਸਤੀ ਤੇਲ ਗੈਸ ਤਾਂ ਅਸੀਂ ਇਰਾਨ ਅਤੇ ਰੂਸ ਤੋਂ ਲੈਂਦੇ ਰਹੇਂ ਆਂ। ਅਮਰੀਕਾ ਤਾਂ ਸਾਡੀ ਸੰਘੀ ਮਲਣ ਨੂੰ ਪੈਂਦਾ ਆ ਰਿਹਾ ਹਮੇਸ਼ਾ। ਮੇਰੀ ਜਾਚੇ ਇਸ ਦੌਰੇ ਦਾ ਸਾਡੀ ਵਿਦੇਸ਼ ਨੀਤੀ/ਸਬੰਧਾਂ ਅਤੇ ਦੇਸ਼ ਦੇ ਅਕਸ ਉੱਤੇ ਮਾੜਾ ਅਸਰ ਪਵੇਗਾ। ਏਥੋਂ ਤਕ ਕਿ ਭਾਰਤੀ ਸੱਦੇ ਉੱਤੇ ਇੱਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਆਏ ਮਹਿਮਾਨ ਇਰਾਨੀ ਸਮੁੰਦਰੀ ਜਹਾਜ ਨੂੰ ਵਾਪਿਸ ਜਾਂਦਿਆਂ ਅਮਰੀਕਾ ਨੇ ਸਾਡੇ ਹਿੰਦ ਮਹਾਂਸਾਗਰ ਵਿੱਚ ਹੀ ਡੁਬੋ ਕੇ 150 ਦੇ ਕਰੀਬ ਸਵਾਰ ਵੀ ਮਾਰ ਦਿੱਤੇ ਹਨ। ਸਾਡੀ ਸਰਕਾਰ ਅਤੇ ਮੀਡੀਆ ਪਤਾ ਨੀ ਕਿਸ ਡਰੋਂ ਚੁੱਪ ਰਿਹਾ ? ਕੋਈ ਅਫਸੋਸ ਨਿੰਦਾ ਤਾਂ ਕਰਦੇ।


ਇਰਾਨ ਹੌਸਲੇ ਨਾਲ ਹਮਲੇ ਦਾ ਮੁਕਾਬਲਾ ਕਰ ਰਿਹਾ। ਸਭ ਅਮਰੀਕੀ ਇਜ਼ਰਾਇਲੀ ਤੇ ਹੋਰ ਅਮਰੀਕੀ ਮਦਦਗਾਰਾਂ ਉੱਤੇ ਮੋੜਵਾਂ ਵਾਰ ਕਰ ਰਿਹਾ। ਇਰਾਨ ਦਾ ਐਲਾਨ ਹੈ ਕਿ ਉਹ ਮਿੱਤਰ ਅਰਬ ਦੇਸ਼ਾਂ ਉੱਤੇ ਨਹੀਂ ਸਗੋਂ ਇਹਨਾਂ ਦੇਸ਼ਾਂ ਵਿਚ ਸਿਰਫ਼ ਅਮਰੀਕੀ ਹਿੱਤਾਂ ਨੂੰ ਨਿਸ਼ਾਨਾ ਬਣਾ ਰਿਹਾ।

(ਬਾਕੀ ਸਫ਼ਾ 27 ’ਤੇ)





# ਭ੍ਰਿਸ਼ਟ ਰਹਿਤ ਸਿਸਟਮ ਸਿਰਜੇ ਸਰਕਾਰ



ਡਾ. ਅੰਮ੍ਰਿਤ ਸਾਗਰ ਮਿੱਤਲ

## ਕਾਰੋਬਾਰੀਆਂ ਨੂੰ ਸਪੱਸ਼ਟ ਨਿਯਮਾਂ ਦੀ ਲੋੜ

ਟਰਾਂਸਪੇਰੈਂਸੀ ਇੰਟਰਨੈਸ਼ਨਲ ਵਲੋਂ ਪਿਛਲੇ ਦਿਨੀਂ ਜਾਰੀ ਕੀਤੇ ਗਏ 2025 ਦੇ 'ਕੁਰੱਪਲੋਂੜ ਅਤੇਸ਼ਨ ਪ੍ਰਸੈਪਸ਼ਨ ਇੰਡੈਕਸ' ਵਿਚ ਭਾਰਤ ਦੀ ਰੈਂਕਿੰਗ ਵਿੱਚ ਥੋੜ੍ਹਾ ਸੁਧਾਰ ਹੋਇਆ ਹੈ। ਭਾਰਤ 182 ਦੇਸ਼ਾਂ ਵਿਚੋਂ 5 ਪੌੜੀਆਂ ਚੜ੍ਹ ਕੇ 91ਵੇਂ ਸਥਾਨ 'ਤੇ ਪਹੁੰਚ ਗਿਆ ਹੈ, ਪਰ ਇਸ ਦਾ ਸਕੋਰ 100 'ਚੋਂ 39 ਹੈ। ਜੋ ਦੁਨੀਆ ਦੇ ਔਸਤ 42 ਸਕੋਰ ਤੋਂ ਘੱਟ ਹੈ ਅਤੇ ਸਾਫ਼-ਸੁਥਰੇ, ਪਾਰਦਰਸ਼ੀ ਤੇ ਜ਼ਿੰਮੇਵਾਰ ਸ਼ਾਸਨ ਦੇ ਮਾਪਦੰਡ ਤੋਂ ਕਾਫ਼ੀ ਦੂਰ ਹੈ। ਪਿਛਲੇ 2-3 ਸਾਲਾਂ ਦੌਰਾਨ ਹੋਏ ਕੁਝ ਸੁਧਾਰ ਸਵਾਗਤਯੋਗ ਹਨ, ਪਰ 40 ਤੋਂ ਵੀ ਘੱਟ ਸਕੋਰ ਦੀ ਕੌੜੀ ਸੱਚਾਈ ਇਹ ਹੈ ਕਿ ਭਾਰਤ 'ਚ ਭ੍ਰਿਸ਼ਟਾਚਾਰ ਕੋਈ ਇੱਕਾ-ਦੁੱਕਾ ਘਟਨਾ ਨਹੀਂ ਹੈ। ਦਰਅਸਲ ਬੇਹਿਸਾਬ ਨਿਯਮ ਤੇ ਆਗਿਆ ਪਾਲਣਾਵਾਂ (ਕੰਪਲਾਇੰਸ) ਹੀ ਭ੍ਰਿਸ਼ਟਾਚਾਰ ਦੀ ਅਸਲੀ ਜੜ੍ਹ ਹਨ। ਵਰਲਡ ਬੈਂਕ ਦੇ ਸਾਬਕਾ ਸੀਨੀਅਰ ਅਧਿਕਾਰੀਆਂ ਵਲੋਂ ਸਥਾਪਿਤ 'ਟਰਾਂਸਪੇਰੈਂਸੀ ਇੰਟਰਨੈਸ਼ਨਲ' ਦਾ ਮੁੱਖ ਦਫ਼ਤਰ ਜਰਮਨੀ ਦੇ ਬਰਲਿਨ ਵਿੱਚ ਸਥਿਤ ਹੈ, ਇਹ ਸੰਸਥਾ 1999 ਤੋਂ ਕੁਰੱਪਸ਼ਨ ਪ੍ਰਸੈਪਸ਼ਨ ਇੰਡੈਕਸ ਰਾਹੀਂ 182 ਦੇਸ਼ਾਂ ਦੀ ਸਰਕਾਰੀ ਪ੍ਰਣਾਲੀ ਵਿੱਚ ਹੋਣ ਵਾਲੇ ਭ੍ਰਿਸ਼ਟਾਚਾਰ ਨੂੰ ਮਾਪਦੀ ਆ ਰਹੀ ਹੈ। ਇਹ ਇੰਡੈਕਸ ਲੋਕਾਂ ਦੇ ਅਸਲੀ ਤਜ਼ਰਬਿਆਂ 'ਤੇ ਅਧਾਰਿਤ ਹੁੰਦਾ ਹੈ। ਭਾਰਤ 'ਚ ਆਮ ਆਦਮੀ ਤੋਂ ਲੈ ਕੇ ਕਾਰੋਬਾਰੀ ਤੱਕ ਹਰ ਕੋਈ ਨਿਯਮਾਂ ਦੇ ਜਾਲ ਵਿੱਚ ਇੰਨਾ ਫਸਿਆ ਹੋਇਆ ਹੈ ਕਿ ਉਨ੍ਹਾਂ ਲਈ ਭ੍ਰਿਸ਼ਟਾਚਾਰ ਦਾ ਸਾਹਮਣਾ ਕੀਤੇ ਬਿਨਾਂ ਆਪਣੀ ਸਮੱਸਿਆ ਦਾ ਹੱਲ ਕਰਵਾਉਣਾ ਮੁਸ਼ਕਿਲ ਹੋ ਜਾਂਦਾ ਹੈ। ਭਾਵੇਂ ਕਈ ਰਿਟਰਨਾਂ ਆਨਲਾਈਨ ਭਰਨ ਦੀ ਸਹੂਲਤ ਮਿਲ ਗਈ ਹੈ, ਫਿਰ ਵੀ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟੇ ਬਿਨਾਂ ਫਾਈਲਾਂ ਅਕਸਰ ਅਟਕ ਜਾਂਦੀਆਂ ਹਨ। ਇਹੀ ਉਹ ਥਾਂ ਹੈ ਜਿੱਥੇ ਭ੍ਰਿਸ਼ਟਾਚਾਰ ਦਾ ਜਨਮ ਹੁੰਦਾ ਹੈ।

### ਲਾਇਸੈਂਸ ਦੀ ਥਾਂ ਕੰਪਲਾਇੰਸ ਰਾਜ

1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਲਾਇਸੈਂਸ ਰਾਜ ਖਤਮ ਕਰਨ ਦੀ ਗੱਲ ਕਰਦਿਆਂ ਮੰਨਿਆ ਗਿਆ ਸੀ ਕਿ ਇੰਸਪੈਕਟਰੀ ਰਾਜ ਖਤਮ ਹੋ ਗਿਆ ਹੈ। ਪਰ ਸੱਚਾਈ ਇਹ ਹੈ ਕਿ ਇਸ ਦਾ ਸਿਰਫ਼ ਰੂਪ ਬਦਲਿਆ ਹੈ, ਅੱਜ ਲਾਇਸੈਂਸ ਦੀ ਥਾਂ ਕੰਪਲਾਇੰਸ ਰਾਜ ਆ ਗਿਆ ਹੈ। ਨਿਯਮਾਂ ਦਾ ਭਾਰ ਅਜੇ ਵੀ ਓਨਾ ਹੀ ਹੈ, ਸਿਰਫ਼ ਉਸ ਦਾ ਨਾਂਅ ਬਦਲਿਆ ਹੈ। ਭ੍ਰਿਸ਼ਟਾਚਾਰ ਸਿਰਫ਼ ਨਿਯਮਾਂ ਦੀ ਵੱਧ ਗਿਣਤੀ ਨਾਲ ਨਹੀਂ ਵਧਿਆ, ਸਗੋਂ ਇਸ ਲਈ ਵੀ ਵਧਿਆ ਹੈ, ਕਿਉਂਕਿ ਨਿਯਮ ਜਟਿਲ ਹੋਣ ਕਰਕੇ ਕਈ ਵਾਰ ਇੱਕ-ਦੂਜੇ ਨਾਲ ਟਕਰਾਉਂਦੇ ਹਨ। ਜਦੋਂ ਨਿਯਮ ਸਪੱਸ਼ਟ ਹੋਣ ਦੀ ਥਾਂ ਗੁੰਝਲਦਾਰ ਹੋ ਜਾਂਦੇ ਹਨ ਤਾਂ ਅਧਿਕਾਰੀਆਂ ਨੂੰ ਮਨਮਰਜ਼ੀ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਸ ਤਰ੍ਹਾਂ ਭ੍ਰਿਸ਼ਟਾਚਾਰ ਪ੍ਰਣਾਲੀ ਦਾ ਹਿੱਸਾ ਬਣ ਜਾਂਦਾ ਹੈ। ਜਦੋਂ ਜ਼ਿੰਮੇਵਾਰੀ ਘਟ ਜਾਵੇ ਤਾਂ ਰਿਸ਼ਵਤ ਇਕ ਗੈਰ-ਲਿਖਤੀ ਨਿਯਮ ਬਣ ਜਾਂਦੀ ਹੈ। ਭਾਰਤ ਵਿਚ ਕੰਪਲਾਇੰਸ ਦਾ ਭਾਰ ਕਿੰਨਾ ਵੱਧ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਇੱਕ ਆਮ ਕੰਪਨੀ ਨੂੰ 1,536 ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ 6,000 ਤੋਂ ਵੱਧ ਕੰਪਲਾਇੰਸ ਰਿਪੋਰਟਾਂ ਜਮ੍ਹਾਂ ਕਰਵਾਉਣੀਆਂ ਪੈਂਦੀਆਂ ਹਨ। ਇਸ ਵਿੱਚ ਵਾਤਾਵਰਨ ਮਨਜ਼ੂਰੀ, ਟੈਕਸ, ਉਦਯੋਗ ਨਿਯਮ ਅਤੇ ਆਰ.ਬੀ.ਆਈ., ਸੇਬੀ ਅਤੇ ਸੀ.ਬੀ.ਆਈ.ਸੀ. ਵਰਗੀਆਂ ਸੰਸਥਾਵਾਂ ਦੀ ਨਿਗਰਾਨੀ ਵੀ ਸ਼ਾਮਿਲ ਹੈ। ਛੋਟੇ ਕਾਰੋਬਾਰੀਆਂ ਦੀ ਹਾਲਤ ਹੋਰ ਵੀ ਮਾੜੀ ਹੈ। ਇਕ ਛੋਟੀ ਜਿਹੀ ਦਵਾਈ ਕੰਪਨੀ ਨੂੰ ਹੀ ਹਰ ਸਾਲ ਸਿਰਫ਼ ਕੰਪਲਾਇੰਸ ਪੂਰਾ ਕਰਨ ਲਈ 12 ਤੋਂ 20 ਲੱਖ ਰੁਪਏ ਖਰਚਣੇ ਪੈਂਦੇ ਹਨ। ਲਗਭਗ 1000 ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਜਿਨ੍ਹਾਂ 'ਚੋਂ 486 ਨਿਯਮਾਂ 'ਚ ਤਾਂ ਛੋਟੀ ਜਿਹੀ ਗਲਤੀ ਹੋਣ 'ਤੇ ਜੇਲ੍ਹ ਹੋ ਸਕਦੀ ਹੈ। ਇੱਥੋਂ ਤੱਕ ਕਿ ਇਕ ਛੋਟਾ ਜਿਹਾ ਢਾਬਾ ਜਾਂ ਖਾਣ-ਪੀਣ ਦੀ ਦੁਕਾਨ ਚਲਾਉਣ ਲਈ ਵੀ 30 ਤੋਂ ਵੱਧ ਕੰਪਲਾਇੰਸ ਪੂਰੇ ਕਰਨੇ ਪੈਂਦੇ ਹਨ। ਜਿੱਥੇ ਹਰ ਨਵੇਂ ਨਿਯਮ ਦੇ ਇਕ ਨਵੀਂ ਰੁਕਾਵਟ ਬਣਨ ਕਾਰਨ ਕਾਰੋਬਾਰੀ ਆਪਣੇ ਕਾਰੋਬਾਰ ਨੂੰ ਵਧਾਉਣ ਦੀ ਥਾਂ ਨਿਯਮਾਂ ਦੇ ਜਾਲ ਵਿੱਚ ਹੀ ਫਸਿਆ ਰਹਿੰਦਾ ਹੈ।




### ਡਰ ਹੀ ਭ੍ਰਿਸ਼ਟਾਚਾਰ ਦੀ ਜੜ੍ਹ ਹੈ

ਹਾਲਤ ਤਦ ਹੋਰ ਵੀ ਮਾੜੀ ਹੋ ਜਾਂਦੀ ਹੈ, ਜਦੋਂ ਛੋਟੀ ਜਿਹੀ ਗਲਤੀ ਹੋਣ 'ਤੇ ਵੀ ਜੇਲ੍ਹ ਦਾ ਡਰ ਹੋਵੇ। ਜੀ.ਐੱਸ.ਟੀ. ਕਾਨੂੰਨ ਦੀ ਧਾਰਾ 132 ਤਹਿਤ ਇਨਪੁੱਟ ਟੈਕਸ ਕ੍ਰੈਡਿਟ 'ਚ ਕੋਈ ਤਕਨੀਕੀ ਗਲਤੀ ਹੋਣ 'ਤੇ 3 ਸਾਲ ਤੱਕ ਦੀ ਜੇਲ੍ਹ ਹੋ ਸਕਦੀ ਹੈ।

ਇਹ ਨਿਯਮ ਧੋਖਾਧੜੀ ਰੋਕਣ ਲਈ ਬਣਾਇਆ ਗਿਆ ਸੀ, ਜਿਸ ਨਾਲ ਜੀ.ਐੱਸ.ਟੀ. ਅਧਿਕਾਰੀਆਂ ਨੂੰ ਵੱਧ ਤਾਕਤ ਮਿਲਣ ਕਰਕੇ ਕਾਰੋਬਾਰੀ ਨੂੰ ਨੁਕਸਾਨ ਝੱਲਣਾ ਪੈਂਦਾ ਹੈ। ਸਰਕਾਰ ਨੇ ਜਨ ਵਿਸ਼ਵਾਸ ਐਕਟ 2023 ਲਿਆ ਕੇ ਇਸ ਸਮੱਸਿਆ ਨੂੰ ਕੁਝ ਹੱਦ ਤੱਕ ਸੁਧਾਰਿਆ ਹੈ, 1536 ਕਾਨੂੰਨਾਂ ਵਿੱਚ ਮੌਜੂਦ 26,134 ਅਪਰਾਧਿਕ ਵਿਵਸਥਾਵਾਂ 'ਚੋਂ ਲਗਭਗ 3,400 ਨੂੰ ਖਤਮ ਕਰਕੇ ਉਨ੍ਹਾਂ ਦੀ ਥਾਂ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਦਰਅਸਲ ਇਸ ਨਾਲ ਇਹ ਸਵੀਕਾਰਿਆ ਗਿਆ ਹੈ ਕਿ ਕਿਸੇ ਛੋਟੀ ਗਲਤੀ 'ਤੇ ਜੇਲ੍ਹ ਭੇਜਣਾ ਕਾਰੋਬਾਰੀਆਂ 'ਚ ਡਰ ਪੈਦਾ ਕਰਕੇ ਭ੍ਰਿਸ਼ਟਾਚਾਰ ਵਧਾਉਂਦਾ ਹੈ। ਪੰਜਾਬ ਨੇ ਇਸ ਦਿਸ਼ਾ 'ਚ ਕਦਮ ਚੁੱਕਦਿਆਂ 1,498 ਕੰਪਲਾਇੰਸ ਖਤਮ ਕੀਤੇ ਹਨ, ਪਰ ਅਜੇ ਵੀ 1,400 ਤੋਂ ਵੱਧ ਕੰਪਲਾਇੰਸ ਤੇ 1,200 ਤੋਂ ਵੱਧ ਜੇਲ੍ਹ ਨਾਲ ਜੁੜੀਆਂ ਵਿਵਸਥਾਵਾਂ ਲਾਗੂ ਹਨ। ਭਾਵੇਂ ਸੁਧਾਰ ਸ਼ੁਰੂ ਹੋਏ ਹਨ, ਪਰ ਸਮੱਸਿਆ ਦੀ ਜੜ੍ਹ ਅਜੇ ਬਹੁਤ ਡੂੰਘੀ ਹੈ।


ਸਰਕਾਰ ਵੱਲੋਂ ਡੀਰੈਗੂਲੇਸ਼ਨ ਕਮਿਸ਼ਨ ਬਣਾਉਣ ਦਾ ਵਿਚਾਰ ਵੱਡਾ ਬਦਲਾਅ ਸਾਬਤ ਹੋ ਸਕਦਾ ਹੈ। ਜੇ ਇਸ ਨੂੰ ਪੂਰੀ ਤਾਕਤ ਤੇ ਆਜ਼ਾਦੀ ਮਿਲੇ ਤਾਂ ਇਹ ਭ੍ਰਿਸ਼ਟਾਚਾਰ ਰੋਕਣ ਦਾ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਬਣ ਸਕਦਾ ਹੈ। ਅਜੇ ਤੱਕ ਕਾਰਵਾਈ ਭ੍ਰਿਸ਼ਟਾਚਾਰ ਹੋਣ ਤੋਂ ਬਾਅਦ ਹੁੰਦੀ ਹੈ, ਪਰ ਅਸਲੀ ਲੋੜ ਇਸ ਦੀ ਜੜ੍ਹ ਨੂੰ ਹੀ ਖਤਮ ਕਰਨ ਦੀ ਹੈ। ਇਹ ਕਮਿਸ਼ਨ ਹਰ ਨਵੇਂ ਨਿਯਮ ਨੂੰ ਲਾਗੂ ਕਰਨ ਤੋਂ ਪਹਿਲਾਂ ਜਾਂਚ ਕਰ ਸਕਦਾ ਹੈ ਕਿ ਉਹ ਜ਼ਰੂਰੀ ਹੈ ਜਾਂ ਨਹੀਂ। ਇਹ ਵੇਖਿਆ ਜਾ ਸਕਦਾ ਹੈ ਕਿ ਨਵਾਂ ਨਿਯਮ ਸਮੱਸਿਆ ਦਾ ਹੱਲ ਕਰਦਾ ਹੈ ਜਾਂ ਸਿਰਫ਼ ਇੱਕ ਹੋਰ ਭਾਰ ਵਧਾਉਂਦਾ ਹੈ। ਇਸ ਨਾਲ ਬੇਕਾਰ ਦੇ ਦੁਹਰਾਏ ਜਾਣ ਵਾਲੇ ਨਿਯਮਾਂ ਨੂੰ ਬਣਨ ਤੋਂ ਰੋਕਿਆ ਜਾ ਸਕਦਾ ਹੈ। ਕੇਂਦਰ ਤੇ ਰਾਜਾਂ ਦੇ ਨਿਯਮ ਇੱਕੋ ਜਿਹੇ ਹੋਣ ਨਾਲ ਵੀ ਕਈ ਗੁੰਝਲਾਂ ਖ਼ਤਮ ਹੋਣਗੀਆਂ ਤੇ ਭ੍ਰਿਸ਼ਟਾਚਾਰ ਵੀ ਘਟੇਗਾ। ਜੇ ਭਾਰਤ 2035 ਤੱਕ 10 ਟ੍ਰਿਲੀਅਨ ਅਮਰੀਕੀ ਡਾਲਰ ਦੀ ਅਰਥਵਿਵਸਥਾ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਸਿਰਫ਼ ਨਿਵੇਸ਼ ਤੇ ਤਕਨਾਲੋਜੀ ਦੀ ਹੀ ਨਹੀਂ, ਸਗੋਂ ਮਜ਼ਬੂਤ ਤੇ ਭਰੋਸੇਯੋਗ ਪ੍ਰਣਾਲੀ ਦੀ ਵੀ ਲੋੜ ਹੈ। ਨਿਵੇਸ਼ਕ ਸਿਰਫ਼ ਬਾਜ਼ਾਰ ਨਹੀਂ, ਸਗੋਂ ਇਹ ਵੀ ਵੇਖਦੇ ਹਨ ਕਿ ਨਿਯਮ ਕਿੰਨੇ ਸਪੱਸ਼ਟ ਤੇ ਸਥਿਰ ਹਨ। ਕਾਰੋਬਾਰੀਆਂ ਨੂੰ ਸਪੱਸ਼ਟ ਨਿਯਮ ਚਾਹੀਦੇ ਹਨ ਅਤੇ ਆਮ ਲੋਕਾਂ ਨੂੰ ਪਾਰਦਰਸ਼ਤਾ ਤੇ ਨਿਆਂ ਦੀ ਲੋੜ ਹੁੰਦੀ ਹੈ।

ਕੁਰੱਪਸ਼ਨ ਇੰਡੈਕਸ ਵਿਚ ਭਾਰਤ ਦਾ ਛੋਟਾ ਜਿਹਾ ਸੁਧਾਰ ਇਹ ਸੰਕੇਤ ਦਿੰਦਾ ਹੈ ਕਿ ਸੁਧਾਰਾਂ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ। ਭ੍ਰਿਸ਼ਟਾਚਾਰ ਗੁੰਝਲਾਂ ਕਾਰਨ ਪੈਦਾ ਹੁੰਦਾ ਹੈ। ਜੇਕਰ ਬੇਹਿਸਾਬੇ ਨਿਯਮਾਂ ਨੂੰ ਘਟਾ ਕੇ ਸਧਾਰਨ ਤੇ ਸੰਤੁਲਿਤ ਨਿਯਮ ਬਣਾਏ ਜਾਣ ਤਾਂ ਦੁਨੀਆ ਭਰ ਦੇ ਨਿਵੇਸ਼ਕਾਂ ਦਾ ਭਾਰਤ ਵਿਚ ਭਰੋਸਾ ਵਧੇਗਾ, ਅਰਥਵਿਵਸਥਾ ਤੇਜ਼ੀ ਨਾਲ ਵਧੇਗੀ ਤੇ ਲੋਕਤੰਤਰ ਮਜ਼ਬੂਤ ਹੋਵੇਗਾ। ਵਿਕਸਿਤ ਭਾਰਤ ਦਾ ਸੁਪਨਾ ਸਿਰਫ਼ ਸਖ਼ਤੀ ਨਾਲ ਨਹੀਂ, ਸਗੋਂ ਸਧਾਰਨ, ਜ਼ਿੰਮੇਵਾਰ ਤੇ ਇਮਾਨਦਾਰ ਪ੍ਰਣਾਲੀ ਨਾਲ ਹੀ ਪੂਰਾ ਹੋ ਸਕਦਾ ਹੈ।

**-ਵਾਈਸ ਚੇਅਰਮੈਨ, ਸੋਨਾਲੀਕਾ।**

**(ਲੇਖਕ ਕੈਬਨਿਟ ਮੰਤਰੀ ਰੈਂਕ ਵਿੱਚ ਪੰਜਾਬ ਇਕਾਨਾਮਿਕ ਪਾਲਸੀ ਤੇ ਪਲਾਨਿੰਗ ਬੋਰਡ ਦੇ ਵਾਈਸ ਚੇਅਰਮੈਨ ਵੀ ਹਨ)**

# ਹਿੰਦੂ ਸਮਾਜ ਵਿੱਚ ਹੋਣ ਲੱਗਿਆ ਫਿਰਕੂ ਧਰੁਵੀਕਰਨ ਦਾ ਵਿਰੋਧ



ਅਭੈ ਕੁਮਾਰ ਦੂਬੇ

ਮੈਂ ਦੇਸ਼ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਦੀ ਸਰਕਾਰ ਸਮੇਂ 7 ਮਾਰਚ 2006 'ਚ ਵਾਰਾਣਸੀ ਵਿਖੇ ਵਾਪਰੀ ਇਕ ਘਟਨਾ ਦੀ ਯਾਦ ਦਿਵਾਉਣਾ ਚਾਹੁੰਦਾ ਹਾਂ, ਕਿਉਂਕਿ ਇਸ ਦਾ ਅੱਜ ਵਾਪਰ ਰਹੀਆਂ ਕਈ ਘਟਨਾਵਾਂ ਨਾਲ ਡੂੰਘਾ ਸਬੰਧ ਹੈ। ਕਾਸ਼ੀ ਗੋਸਵਾਮੀ ਤੁਲਸੀਦਾਸ ਦਾ ਸ਼ਹਿਰ ਹੈ ਅਤੇ ਪ੍ਰਚੱਲਿਤ ਮਾਨਤਾ ਅਨੁਸਾਰ ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਇਸ ਸ਼ਹਿਰ 'ਚ ਹਨੂੰਮਾਨ ਜੀ ਦੀਆਂ 11-12 ਮੂਰਤੀਆਂ ਸਥਾਪਿਤ ਕੀਤੀਆਂ ਸਨ, ਜਿਨ੍ਹਾਂ 'ਚੋਂ ਸੰਕਟ ਮੋਚਨ ਮੰਦਰ ਸਭ ਤੋਂ ਵੱਧ ਸਤਿਕਾਰਯੋਗ ਹੈ। ਅੱਤਵਾਦੀਆਂ ਨੇ 7 ਮਾਰਚ ਨੂੰ ਇਸ 500 ਸਾਲ ਪੁਰਾਣੇ ਸੰਕਟ ਮੋਚਨ ਮੰਦਰ ਵਿੱਚ ਬੰਬ ਧਮਾਕੇ ਕੀਤੇ। ਇਹ ਧਮਾਕੇ ਫਿਰਕੂ ਰਾਜਨੀਤੀ ਦੇ ਬਾਰੂਦ ਨਾਲ ਭਰੇ ਹੋਏ ਸਨ। ਸੰਘ ਪਰਿਵਾਰ ਉੱਤਰ ਪ੍ਰਦੇਸ਼ ਦੀ ਚੋਣ ਰਾਜਨੀਤੀ ਵਿੱਚ ਆਪਣੇ ਲਗਾਤਾਰ ਘਟਦੇ ਪ੍ਰਭਾਵ ਤੋਂ ਚਿੰਤਤ ਸੀ। ਬੰਬ ਧਮਾਕੇ ਹੋਣ 'ਤੇ ਸੰਘ ਪਰਿਵਾਰ ਦੇ ਦੋ ਪ੍ਰਮੁੱਖ ਨੇਤਾਵਾਂ- ਲਾਲ ਕ੍ਰਿਸ਼ਨ ਅਡਵਾਨੀ ਤੇ ਵਿਨੇ ਕਟਿਆਰ ਨੇ ਤੁਰੰਤ ਮੌਕਾ ਤਾੜਦਿਆਂ ਸੰਕਟ ਮੋਚਨ ਦੇ ਮਹੰਤ ਵੀਰਭੱਦਰ ਮਿਸ਼ਰਾ ਨੂੰ ਘੇਰ ਲਿਆ। ਮਹੰਤ ਅਨੁਸਾਰ ਹਨੂੰਮਾਨ ਜੀ ਦੇ ਨਾਮ 'ਤੇ ਬਣੇ ਸੰਘ ਪਰਿਵਾਰ ਦੇ ਇੱਕ ਹਮਲਾਵਰ ਸੰਗਠਨ 'ਬਜਰੰਗ ਦਲ' ਦੇ ਸੰਸਥਾਪਕ ਤੇ ਪ੍ਰਧਾਨ ਵਿਨੇ ਕਟਿਆਰ ਨੇ ਮੰਦਰ ਦੇ ਸਾਹਮਣੇ ਧਰਨਾ ਦੇਣ ਦੀ ਯੋਜਨਾ ਬਣਾਈ ਸੀ ਅਤੇ ਅਡਵਾਨੀ ਮੰਦਰ ਤੋਂ ਇੱਕ ਹੋਰ ਰੱਥ ਯਾਤਰਾ ਸ਼ੁਰੂ ਕਰਨਾ ਚਾਹੁੰਦੇ ਸਨ। ਪਰ ਵੀਰਭੱਦਰ ਮਿਸ਼ਰਾ ਨੇ ਇਨ੍ਹਾਂ ਨੇਤਾਵਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਇਸ ਦੌਰਾਨ ਬਨਾਰਸ ਦੇ ਮੁਫਤੀ ਮੌਲਾਨਾ ਅਬਦੁਲ ਬਾਤਿਨ ਨੋਮਾਨੀ ਨੇ ਧਮਾਕਿਆਂ ਦੀ ਨਿੰਦਾ ਕਰਦਿਆਂ ਤੁਰੰਤ ਘਟਨਾ ਸਥਾਨ ਦਾ ਦੌਰਾ ਕੀਤਾ। ਮੌਲਾਨਾ ਨੋਮਾਨੀ ਨੇ ਜ਼ਖਮੀਆਂ ਦੀ ਸਿਹਤਯਾਬੀ ਬਾਰੇ ਪੁੱਛਗਿੱਛ ਕਰਨ ਲਈ ਹਸਪਤਾਲਾਂ ਦਾ ਦੌਰਾ ਵੀ ਕੀਤਾ। ਇਸ ਤੋਂ ਬਾਅਦ ਨੋਮਾਨੀ ਤੇ ਮਿਸ਼ਰਾ ਵਿਚਕਾਰ ਇੱਕ ਜ਼ੋਰਦਾਰ ਸਹਿਯੋਗ ਪੈਦਾ ਹੋਇਆ। ਰਾਮ ਨੌਮੀ ਮੌਕੇ ਹੋਣ ਵਾਲੀ ਰਾਮਕਥਾ ਮੰਦਾਕਿਨੀ ਸ਼ੋਭਾ ਯਾਤਰਾ ਲਈ ਚੁਣੇ ਗਏ ਦੋ ਮੁੱਖ ਮਹਿਮਾਨਾਂ 'ਚ ਮੌਲਾਨਾ ਨੋਮਾਨੀ ਤੇ ਪਿਛਲੇ ਸਾਲ ਸ਼ਹਿਰ 'ਚ ਇੱਕ ਮੰਦਰ ਬਣਾਉਣ ਵਾਲੀ ਵਕੀਲ ਨੂਰ ਫਾਤਿਮਾ ਵੀ ਸ਼ਾਮਿਲ ਹੋਈ ਸੀ, ਜਦਕਿ ਉਸਤਾਦ ਬਿਸਮਿੱਲ੍ਹਾ ਖਾਨ ਦੇ ਪੁੱਤਰ ਮੁਹੰਮਦ ਜਮੀਨ ਖਾਨ ਨੇ ਸ਼ੁਭ ਮੌਕੇ 'ਤੇ ਰਾਮਧੁਨ ਵਜਾਈ। ਜਲੂਸ ਖਤਮ ਹੋਣ 'ਤੇ ਬੁਰਕਾਧਾਰੀ ਮੁਸਲਿਮ ਔਰਤਾਂ- 'ਸਾਰਾ ਭਾਰਤ ਇੱਕ ਹੈ, ਵੱਖ ਨਹੀਂ ਹੋਣਗੇ ਹਿੰਦੂ ਤੇ ਮੁਸਲਮਾਨ', 'ਮੁਸਲਿਮ ਔਰਤਾਂ ਨੇ ਠਾਣਾ ਹੈ, ਅੱਤਵਾਦ ਮਿਟਾਣਾ ਹੈ' ਦੇ ਨਾਅਰੇ ਲਗਾਉਂਦਿਆ ਸੜਕਾਂ 'ਤੇ ਉਤਰ ਆਈਆਂ। ਇਸ ਰੈਲੀ ਦਾ ਅੰਤ ਉਸੇ ਸੰਕਟ ਮੋਚਨ ਮੰਦਰ 'ਚ ਹੋਇਆ ਅਤੇ ਬੰਬ ਫਟਣ ਵਾਲੀ ਥਾਂ 'ਤੇ ਹਨੂੰਮਾਨ ਚਾਲੀਸਾ ਦਾ ਪਾਠ ਹੋਣ ਬਾਅਦ ਪੂਰਾ ਸੰਕਟ ਮੋਚਨ ਮੰਦਰ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਨਾਲ ਗੂੰਜ ਉੱਠਿਆ ਸੀ।



ਪਿਛਲੇ ਕੁਝ ਹਫ਼ਤਿਆਂ ਦੌਰਾਨ ਦੇਸ਼ ਵਿੱਚ ਵਾਪਰੀਆਂ ਕੁਝ ਘਟਨਾਵਾਂ 'ਚ ਭਾਜਪਾ ਤੇ ਸੰਘ ਦੀ ਸਮਰਥਕ ਜਥੇਬੰਦੀ ਬਜਰੰਗ ਦਲ ਦੀ ਦਹਿਸ਼ਤ ਤੇ ਧੱਕੇਸ਼ਾਹੀ ਖ਼ਿਲਾਫ਼ ਲੋਕਾਂ ਨੇ ਜਵਾਬ ਦੇਣਾ ਸ਼ੁਰੂ ਕੀਤਾ ਹੈ। ਬਜਰੰਗ ਦਲ ਦੇ ਭਗਵੇਂ ਕੱਪੜਿਆਂ ਤੇ ਡੰਡਿਆਂ ਵਾਲੇ ਵਰਕਰ ਭੱਜਦੇ ਦਿਖਾਈ ਦੇ ਰਹੇ ਹਨ। ਇਸ ਕਹਾਣੀ ਦੀ ਖਾਸ ਗੱਲ ਇਹ ਰਹੀ ਕਿ ਵਿਰੋਧ ਕਰਨ ਵਾਲੇ ਮੁਸਲਮਾਨ ਨਹੀਂ, ਸਗੋਂ ਹਿੰਦੂ ਭਾਈਚਾਰੇ ਦੇ ਨੌਜਵਾਨ ਹਨ। ਕਿਸੇ ਜਗ੍ਹਾ ਹਿੰਦੂ ਨੌਜਵਾਨ ਇੱਕ-ਦੂਜੇ ਦਾ ਹੱਥ ਫੜ ਕੇ ਨਮਾਜ਼ ਪੜ੍ਹ ਰਹੇ ਮੁਸਲਮਾਨਾਂ ਦੁਆਲੇ ਸੁਰੱਖਿਆ ਜ਼ੰਜੀਰ ਬਣਾਉਂਦੇ ਹਨ ਤਾਂ ਕਿਤੇ ਵੈਲੇਨਟਾਈਨ ਡੇ ਮੌਕੇ ਪਾਰਕਾਂ 'ਚੋਂ ਬਜਰੰਗ ਦਲ ਦੇ ਵਰਕਰਾਂ ਨੂੰ ਹਿੰਦੂ ਲੜਕੇ-ਲੜਕੀਆਂ ਦੁਆਰਾ ਭਜਾਇਆ ਜਾਂਦਾ ਹੈ। ਦੀਪਕ ਕੁਮਾਰ ਵਰਗਾ ਨੌਜਵਾਨ ਇਨ੍ਹਾਂ ਅਨਸਰਾਂ ਤੋਂ ਇੱਕ ਮੁਸਲਿਮ ਦੁਕਾਨਦਾਰ ਨੂੰ ਬਚਾਉਂਦਿਆਂ ਆਪਣਾ ਨਾਂਅ ਪੁੱਛਣ 'ਤੇ ਮੁਹੰਮਦ ਦੀਪਕ ਦੱਸਦਾ ਹੈ। ਜੇਕਰ 2006 ਦੌਰਾਨ ਬਜਰੰਗ ਦਲ ਦੀਆਂ ਕਾਰਵਾਈਆਂ ਨੂੰ ਹਿੰਦੂ-ਮੁਸਲਿਮ ਏਕਤਾ ਨੇ ਨਾਕਾਮ ਕੀਤਾ ਸੀ ਤਾਂ ਅਜਿਹੀਆਂ ਕਹਾਣੀਆਂ ਹੁਣ ਹਰ ਜਗ੍ਹਾ ਚੱਲ ਰਹੀਆਂ ਹਨ। ਦਰਅਸਲ 2014 ਤੋਂ ਬਜਰੰਗ ਦਲ ਨੇ ਗਲੀਆਂ, ਮੁਹੱਲਿਆਂ, ਪਾਰਕਾਂ, ਚੌਰਾਹਿਆਂ ਤੇ ਹੋਰ ਜਨਤਕ ਥਾਵਾਂ 'ਤੇ ਆਪਣੀ ਧੱਕੇਸ਼ਾਹੀ 'ਤੇ ਮੋਹਰ ਲਗਾ ਦਿੱਤੀ ਤਾਂ ਲੋਕ ਉਨ੍ਹਾਂ ਤੋਂ ਡਰਨ ਤੇ ਬਚਣ ਲੱਗੇ ਸਨ। ਪਰ ਹੁਣ ਇਨ੍ਹਾਂ ਨੂੰ ਆਪਣੀ ਧੱਕੇਸ਼ਾਹੀ ਦਾ ਜਵਾਬ ਮਿਲਣ ਲੱਗ ਪਿਆ ਹੈ, ਜਵਾਬ ਮਿਲਣ ਨਾਲ ਮਾਹੌਲ ਬਦਲ ਰਿਹਾ ਹੈ। ਹੁਣ ਲੋਕ ਮੋਦੀ ਜੀ ਦੇ ਭਾਸ਼ਣਾਂ ਤੋਂ ਪ੍ਰਭਾਵਿਤ ਨਹੀਂ ਹੋ ਰਹੇ, ਉਨ੍ਹਾਂ ਦੀਆਂ ਚਾਲਾਂ ਨਾਕਾਮ ਹੋ ਰਹੀਆਂ ਹਨ। ਮੋਦੀ ਨੇ ਡੋਨਾਲਡ ਟਰੰਪ ਨੂੰ ਵਪਾਰ ਸੌਦੇ ਦਾ ਐਲਾਨ ਕਰਨ ਲਈ ਪ੍ਰੇਰਿਆ ਅਤੇ ਦਿੱਲੀ ਵਿਖੇ ਏ.ਆਈ. ਸੰਮੇਲਨ ਕਰਵਾਇਆ ਤਾਂ ਜੋ ਜਨਰਲ ਨਰਵਣੇ ਦੀ ਕਿਤਾਬ ਕਾਰਨ ਪੈਦਾ ਹੋਏ ਸੰਕਟ, ਯੂ.ਜੀ.ਸੀ. ਨਿਯਮਾਂ ਦੁਆਰਾ ਭਾਜਪਾ ਦੇ ਕੋਰ ਵੋਟ ਵਿੱਚ ਪੈਦਾ ਹੋਈ ਉਲਝਣ ਅਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੇ ਐਪਸਟਾਈਨ ਫਾਈਲ ਵਿੱਚ ਫਸਣ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਨੂੰ ਢਕਿਆ ਜਾ ਸਕੇ। ਮੋਦੀ ਆਪਣੇ ਬਣਾਏ ਜਾਲ 'ਚ ਫਸ ਗਏ ਹਨ ਤੇ ਰਾਸ਼ਟਰੀ ਰਾਜਨੀਤੀ ਦਾ ਬਿਰਤਾਂਤ ਮੋਦੀ ਦੇ ਹੱਥਾਂ ਤੋਂ ਤੇਜ਼ੀ ਨਾਲ ਖਿਸਕ ਰਿਹਾ ਹੈ।

ਦੀਪਕ ਮੁਹੰਮਦ ਨੇ ਰਾਹੁਲ ਗਾਂਧੀ ਦੇ ਸੱਦੇ 'ਤੇ ਦਿੱਲੀ ਆ ਕੇ ਮੁਲਾਕਾਤ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਰਾਹੁਲ ਗਾਂਧੀ ਨੇ ਉਸ ਦੇ ਪਰਿਵਾਰ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ; ਕਿਉਂਕਿ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਦੱਸਿਆ ਕਿ ਉਹ ਉੱਤਰਾਖੰਡ ਦੇ ਮੁਹੰਮਦ ਦੀਪਕ ਨੂੰ ਮਿਲੇ ਹਨ, ਜਿਸ ਨੇ ਏਕਤਾ, ਭਾਈਚਾਰੇ ਤੇ ਹਿੰਮਤ ਦੀ ਇੱਕ ਉਦਾਹਰਨ ਕਾਇਮ ਕਰਦਿਆਂ ਦੇਸ਼ ਦੇ ਹਰ ਨੌਜਵਾਨ ਨੂੰ ਅਨਿਆਂ ਤੇ ਨਫ਼ਰਤ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ ਹੈ। ਦੀਪਕ 'ਪਿਆਰ ਦੀ ਦੁਕਾਨ' ਦਾ ਯੋਧਾ ਹੈ-ਪੂਰੇ ਦੇਸ਼ ਨੂੰ ਉਸ 'ਤੇ ਮਾਣ ਹੈ। ਮੇਰਾ ਮੰਨਣਾ ਹੈ ਕਿ ਜੇਕਰ ਬਦਾਯੂੰ ਵਿਖੇ ਕੁਝ ਦਲੇਰ ਹਿੰਦੂ ਨੌਜਵਾਨ ਮੌਜੂਦ ਹੁੰਦੇ ਤਾਂ ਬਜਰੰਗ ਦਲ ਦੇ ਵਰਕਰ ਅਕਸ਼ੈ ਨੂੰ ਸਬਕ ਸਿਖਾਇਆ ਜਾ ਸਕਦਾ ਸੀ, ਜੋ ਕੁਝ ਮੁਸਲਿਮ ਬਜ਼ੁਰਗਾਂ ਨੂੰ ਬੇਵਜ੍ਹਾ ਕੁੱਟਦਿਆਂ ਗਾਲਾਂ ਕੱਢ ਰਿਹਾ ਸੀ। ਭਾਵੇਂ ਪੁਲਿਸ ਨੇ ਇਸ ਨੂੰ ਗ੍ਰਿਫ਼ਤਾਰ ਕਰ ਲੈਣ ਦਾ ਦਾਅਵਾ ਕੀਤਾ ਹੈ। **(ਬਾਕੀ ਸਫ਼ਾ 27 'ਤੇ)**

ਡਾ. ਮਨੀਸ਼ ਦਭਾਡੇ

# ਕੀ ਹੋਵੇਗਾ ਇਰਾਨ ਦਾ ਭਵਿੱਖ ?


ਲੰਘੇ ਦਿਨੀਂ ਇਜ਼ਰਾਇਲ ਨੇ ਅਮਰੀਕਾ ਨਾਲ ਸਾਂਝੀ ਮੁਹਿੰਮ ਵਿੱਚ ਇਰਾਨ ’ਤੇ ਧਾਵਾ ਬੋਲ ਹੀ ਦਿੱਤਾ। ਹਮਲੇ ਦੇ ਸ਼ੁਰੂਆਤੀ ਦੌਰ ਵਿੱਚ ਹੀ ਇਰਾਨ ਦੇ ਸਿਖਰਲੇ ਨੇਤਾ ਅਯਾਤੁੱਲਾ ਖਮੇਨੇਈ ਦੀ ਮੌਤ ਕਾਰਨ ਦੋਵਾਂ ਦੇਸ਼ਾਂ ਨੇ ਆਪਣੇ ਇਰਾਦੇ ਪੂਰੀ ਤਰ੍ਹਾਂ ਜ਼ਾਹਰ ਕਰ ਦਿੱਤੇ ਸਨ। ਸਪਸ਼ਟ ਹੈ ਕਿ ਉਨ੍ਹਾਂ ਨੇ ਇਰਾਨ ਵਿੱਚ ਤਬਾਹੀ ਹੀ ਨਹੀਂ, ਬਲਕਿ ਸੱਤਾ ਪਰਿਵਰਤਨ ਦੀ ਅੜੀ ਨੂੰ ਆਪਣਾ ਟੀਚਾ ਬਣਾ ਲਿਆ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਇਰਾਨ ਦੀ ਜਨਤਾ ਨੂੰ ਸੱਦਾ ਤੱਕ ਦੇ ਦਿੱਤਾ ਹੈ ਕਿ ਆਪਣੇ ਦੇਸ਼ ਦੀ ਕਮਾਨ ਆਪਣੇ ਹੱਥ ਵਿੱਚ ਲਓ ਅਤੇ ਅਜਿਹਾ ਮੌਕਾ ਫਿਰ ਪਤਾ ਨਹੀਂ ਕਦੋਂ ਮਿਲੇ। ਦੇਖਿਆ ਜਾਵੇ ਤਾਂ ਇਰਾਨ ’ਤੇ ਇਹ ਹਮਲਾ ਕਿਸੇ ਵੱਡੇ ਖ਼ਤਰੇ ਤੋਂ ਜ਼ਿਆਦਾ ਅਮਰੀਕੀ ਸੱਤਾ ਅਦਾਰੇ ਦੇ ਸਿਆਸੀ ਗੁਣਾ-ਭਾਗ, ਇਜ਼ਰਾਇਲ ਦੀਆਂ ਸੁਰੱਖਿਆ ਚਿੰਤਾਵਾਂ ਅਤੇ ਕਥਿਤ ਡੋਨਰੋ ਸਿਧਾਂਤ ਦੀਆਂ ਧਾਕੜ ਖ਼ਾਹਿਸ਼ਾਂ ਦਾ ਨਤੀਜਾ ਹੈ।

ਡੋਨਰੋ ਸਿਧਾਂਤ ਜ਼ਰੀਏ ਟਰੰਪ ਅਮਰੀਕੀ ਚੜ੍ਹਤ ਦਾ ਵਿਆਪਕ ਵਿਸਥਾਰ ਕਰਨਾ ਚਾਹੁੰਦੇ ਹਨ। ਇਸ ਸਾਲ ਦੀ ਸ਼ੁਰੂਆਤ ਵਿੱਚ ਵੈਨੇਜ਼ੁਏਲਾ ਵਿੱਚ ਤਖਤਾਪਲਟ ਅਤੇ ਗ੍ਰੀਨਲੈਂਡ ਨੂੰ ਲੈ ਕੇ ਸਖ਼ਤ ਤੇਵਰ ਇਸੇ ਰਣਨੀਤੀ ਦਾ ਹਿੱਸਾ ਰਹੇ ਹਨ। ਇਸੇ ਲੜੀ ਵਿੱਚ ਹੁਣ ਇਰਾਨ ’ਤੇ ਵੱਡਾ ਹਮਲਾ ਕੀਤਾ ਗਿਆ ਹੈ। ਹੁਣ ਅਮਰੀਕੀ ਏਜੰਡਾ ਇਰਾਨ ਵਿੱਚ ਸੱਤਾ ਤਬਦੀਲੀ ਦਾ ਭਾਵੇਂ ਹੋਵੇ ਪਰ ਇਤਿਹਾਸ ਗਵਾਹ ਹੈ ਕਿ ਜਿੱਥੇ ਸਮਾਜ, ਸੈਨਾ ਅਤੇ ਰਾਜ ਸੱਤਾ ਦੀਆਂ ਜੜ੍ਹਾਂ ਡੂੰਘੀਆਂ ਹੋਣ, ਉੱਥੇ ਸਿਰਫ਼ ਬਾਹਰਲੀ ਬੰਬਾਰੀ ਨਾਲ ਸੱਤਾ ਦੀ ਬਣਤਰ ਨੂੰ ਨਹੀਂ ਬਦਲਿਆ ਜਾ ਸਕਦਾ।

ਖਮੇਨੇਈ ਦੀ ਮੌਤ ਦੇ ਸਿਲਸਿਲੇ ਵਿੱਚ ਟਰੰਪ ਪ੍ਰਸ਼ਾਸਨ ਸਿਖਰਲੀ ਲੀਡਰਸ਼ਿਪ ਦੇ ਸਫ਼ਾਏ ਅਤੇ ਹਕੀਕੀ ਸੱਤਾ ਤਬਦੀਲੀ ਵਿਚਾਲੇ ਫ਼ਰਕ ਨੂੰ ਜਾਂ ਤਾਂ ਸਮਝ ਨਹੀਂ ਸਕਿਆ ਜਾਂ ਫਿਰ ਉਸ ਦੀ ਅਣਦੇਖੀ ਕਰ ਰਿਹਾ ਹੈ। ਚੇਤੇ ਰਹੇ ਕਿ ਇਰਾਨੀ ਇਸਲਾਮੀ ਗਣਰਾਜ ਕੋਈ ਇੱਕ ਵਿਅਕਤੀ ਦੀ ਤਾਨਾਸ਼ਾਹੀ ਨਹੀਂ ਸਗੋਂ ਸਮਾਨਾਂਤਰ ਸੰਸਥਾਵਾਂ ਵਾਲਾ ਇੱਕ ਹਾਈਬ੍ਰਿਡ ਮਾਡਲ ਹੈ। ਇਹ ਮਾਡਲ ਸਰਬਉੱਚ ਨੇਤਾ ਉੱਪਰ ਸਿਧਾਂਤਕ ਵੈਧਤਾ ਦੇ ਛਤਰ ਹੇਠਾਂ ਰੈਵੋਲਿਊਸ਼ਨਰੀ ਗਾਰਡਜ਼ ਯਾਨੀ ਆਈਆਰਜੀਸੀ, ਬਸੀਜ ਮਿਲਸ਼ੀਆ, ਗਾਰਜੀਅਨ ਕੌਂਸਲ, ਮਾਹਰ ਸਭਾ, ਨਿਆਪਾਲਿਕਾ ਅਤੇ ਵਿਸ਼ਾਲ ਧਾਰਮਿਕ-ਆਰਥਿਕ ਟਰੱਸਟਾਂ ਦੇ ਜਾਲ਼ ਨਾਲ ਮਿਲ ਕੇ ਬਣਦਾ ਹੈ।

ਇਹ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪਹਿਲੂਆਂ ’ਤੇ ਨਿਯੰਤਰਣ ਰੱਖਦੇ ਹੋਏ ਦਮਨ ਦਾ ਸਹਾਰਾ ਵੀ ਲੈਂਦਾ ਹੈ। ਇਸ ਬਣਤਰ ਦੇ ਇੱਕ ਸਿਰੇ ਨੂੰ ਉਡਾ ਦੇਣ ਨਾਲ ਹੀ ਇਹ ਸਮਾਪਤ ਨਹੀਂ ਹੁੰਦੀ ਬਲਕਿ ਹੋਰ ਖ਼ਤਰਨਾਕ ਰੂਪ ਵੀ ਲੈ ਲੈਂਦੀ ਹੈ। ਵਰਤਮਾਨ ਹਾਲਾਤ ਵਿੱਚ ਇਰਾਨ ਵਿੱਚ ਜੋ ਸੰਭਾਵੀ ਮੁਹਾਂਦਰੇ ਆਕਾਰ ਲੈਂਦੇ ਦਿਸ ਰਹੇ ਹਨ, ਉਨ੍ਹਾਂ ਵਿਚ ਸੰਭਵ ਹੈ ਕਿ ਕਿਸੇ ਪ੍ਰਤੀਕਾਤਮਕ ਧਰਮ-ਗੁਰੂ ਨੂੰ ਕੇਂਦਰ ਵਿੱਚ ਰੱਖਦੇ ਹੋਏ ਆਈ.ਆਰ.ਜੀ.ਸੀ. ਹੀ ਕਮਾਨ ਆਪਣੇ ਹੱਥ ਵਿੱਚ ਲੈ ਲਵੇ। ਇਸ ਤਰ੍ਹਾਂ ਮੁੱਲਾ-ਰਾਜ ਦੀ ਜਗ੍ਹਾ ਫ਼ੌਜੀ ਰਾਜ



ਸ਼ੁਰੂ ਹੋਵੇਗਾ ਅਤੇ ਵਿਵਸਥਾਗਤ ਤਾਨਾਸ਼ਾਹੀ ਜਿਵੇਂ ਦੀ ਤਿਵੇਂ ਰਹੇਗੀ। ਦੂਜੇ ਮੁਹਾਂਦਰੇ ਵਿੱਚ ਸੰਭਵ ਹੈ ਕਿ ਆਈ.ਆਰ.ਜੀ.ਸੀ. ਦੇ ਅੰਦਰ ਮਜ਼ਹਬੀ ਤਾਕਤਾਂ ਅਤੇ ਪ੍ਰਾਂਤੀ ਕਮਾਂਡਰਾਂ ਵਿਚਾਲੇ ਲੰਬੀ ਖਿੱਚੋਤਾਣ ਅਤੇ ਧੜੇਬਾਜ਼ੀ ਵਾਲੇ ਟਕਰਾਅ ਦੀ ਸਥਿਤੀ ਬਣੇ ਜਿਸ ਵਿੱਚ ਅਸਪਸ਼ਟ ਸੱਤਾ ਸਾਂਝੇਦਾਰੀ ਅਤੇ ਹਿੰਸਕ ਅਸਥਿਰਤਾ ਕਾਇਮ ਰਹਿ ਸਕਦੀ ਹੈ। ਤੀਜੀ ਸਥਿਤੀ ਲੋਕ-ਬਗ਼ਾਵਤ ਵੀ ਦਿਸਦੀ ਹੈ ਜਿਸ ਵਿਚ ਜਨਵਰੀ ਵਿੱਚ ਹੋਏ ਵਿਆਪਕ ਰੋਸ ਮੁਜ਼ਾਹਰਿਆਂ ਅਤੇ ਹੁਣ ਖਮੇਨੇਈ ਦੀ ਹੱਤਿਆ ਤੋਂ ਉਪਜੀਆਂ ਭਾਵਨਾਵਾਂ ਦੇ ਬਲਬੂਤੇ ਕੋਈ ਨਵਾਂ ਸਿਆਸੀ ਸੰਤੁਲਨ ਬਣਾਉਣ ਦੀ ਜਗ੍ਹਾ ਹੋ ਸਕਦੀ ਹੈ। ਹਾਲਾਂਕਿ ਸੰਗਠਨਾਤਮਕ ਢਾਂਚੇ ਦੀ ਘਾਟ ਅਤੇ ਅਗਵਾਈ ਦੇ ਪੱਧਰ ’ਤੇ ਇਹ ਸੰਭਾਵਨਾ ਕਮਜ਼ੋਰ ਹੀ ਦਿਸਦੀ ਹੈ। ਚੌਥੀ ਸਥਿਤੀ ਚੁਫੇਰੇ ਹਫੜਾ-ਦਫੜੀ ਫੈਲਣ ਦੀ ਵੀ ਹੋ ਸਕਦੀ ਹੈ।

ਹਾਲਾਂਕਿ ਇਸ ਦੇ ਆਸਾਰ ਹਾਲੇ ਬਹੁਤ ਘੱਟ ਦਿਸਦੇ ਹਨ ਪਰ ਜੇ ਅਜਿਹਾ ਹੋਇਆ ਤਾਂ ਖੇਤਰੀ ਅਤੇ ਆਲਮੀ ਵਿਵਸਥਾ ਲਈ ਇਸ ਦੇ ਨਤੀਜੇ ਬਹੁਤ ਘਾਤਕ ਹੋਣਗੇ। ਪੁਰਾਣੇ ਤਜਰਬੇ ਇਹੀ ਦੱਸਦੇ ਹਨ ਕਿ ਹਵਾਈ ਹਮਲਿਆਂ ਨਾਲ ਪਰਮਾਣੂ ਟਿਕਾਣੇ ਤਬਾਹ ਕੀਤੇ ਜਾ ਸਕਦੇ ਹਨ, ਵਿਰੋਧੀ ਫ਼ੌਜ ਦੀ ਤਾਕਤ ਘੱਟ ਕੀਤੀ ਜਾ ਸਕਦੀ ਹੈ, ਨੇਤਾਵਾਂ ਦੀ ਹੱਤਿਆ ਕੀਤੀ ਜਾ ਸਕਦੀ ਹੈ ਪਰ ਸਬੰਧਤ ਮੁਲਕ ਦੀ ਅੰਦਰੂਨੀ ਸਿਆਸੀ ਬਣਤਰ ਨੂੰ ਪੂਰੀ ਤਰ੍ਹਾਂ ਨਹੀਂ ਬਦਲਿਆ ਜਾ ਸਕਦਾ। ਲੀਬੀਆ ਨੂੰ ਛੱਡ ਕੇ ਕੋਈ ਮਿਸਾਲ ਯਾਦ ਨਹੀਂ ਆਉਂਦੀ ਜਿੱਥੇ ਸਿਰਫ਼ ਹਵਾਈ ਹਮਲਿਆਂ ਅਤੇ ਸੀਮਤ ਜ਼ਮੀਨੀ ਦਖ਼ਲ ਨਾਲ ਸਥਿਰ ਅਤੇ ਲੋਕਤੰਤਰੀ ਸ਼ਾਸਨ ਵਿਵਸਥਾ ਸਥਾਪਤ ਹੋਈ ਹੋਵੇ।

ਹਾਲਾਂਕਿ ਅੱਜ ਉਹ ਵੀ ਬਦਇੰਤਜ਼ਾਮੀ ਦਾ ਸ਼ਿਕਾਰ ਹੈ। ਉਸ ਦੇ ਉਲਟ ਇਰਾਨ ਨੂੰ ਦੇਖੀਏ ਤਾਂ ਬਦਲੇ ਨੂੰ ਲੈ ਕੇ ਉਸ ਦਾ ਲੰਬਾ ਇਤਿਹਾਸ ਰਿਹਾ ਹੈ। ਉਹ ਉਮੀਦ ਮੁਤਾਬਕ ਸਾਧਨਾਂ ਨਾਲ ਭਰਪੂਰ ਵੀ ਹੈ। ਜਦ 1980-88 ਦੀ ਜੰਗ ਵਿੱਚ ਲੱਖਾਂ ਜਾਨਾਂ ਗੁਆ ਕੇ ਵੀ ਉਸ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਕੀ ਉਹ ਹੁਣ ਆਪਣੇ ਸਿਖਰਲੇ ਨੇਤਾ ਨੂੰ ਮਾਰ ਸੁੱਟੇ ਜਾਣ ’ਤੇ ਸਮਰਪਣ ਕਰ ਦੇਵੇਗਾ ? ਇਰਾਨੀ ਸਮਾਜ ਦੀ ਅੰਦਰੂਨੀ ਹਾਲਤ ਵੀ ਕੁਝ ਹੋਰ ਕਹਾਣੀ ਕਹਿੰਦੀ ਹੈ।

ਸੰਨ 1979 ਤੋਂ ਬਾਅਦ ਪੈਦਾ ਹੋਈ ਤਿੰਨ-ਚੌਥਾਈ ਆਬਾਦੀ ਲਈ ਇਸਲਾਮੀ ਗਣਰਾਜ ਦਾ ਤਜਰਬਾ ਰਾਜਨੀਤਕ ਦਮਨ ਦੇ ਨਾਲ-ਨਾਲ ਸਮਾਜਿਕ ਅਤੇ ਆਰਥਿਕ ਨਿਯੰਤਰਣ ਦਾ ਵੀ ਰਿਹਾ ਹੈ। ਕੀ ਪਹਿਨੋ, ਕੀ ਸੁਣੋ, ਕੀ ਪੜ੍ਹੋ, ਕਿਸ ਨਾਲ ਪ੍ਰੇਮ ਕਰੋ, ਕਿਸ ਨਾਲ ਵਿਆਹ ਕਰੋ, ਇਨ੍ਹਾਂ ਸਭ ’ਤੇ ਨਿਗਰਾਨੀ ਹੈ।

ਇਸ ਦੀ ਪ੍ਰਤੀਕਿਰਿਆ ਵਿੱਚ ਇਹ ਸਮਾਜ ਅੱਜ ਪੱਛਮੀ ਏਸ਼ੀਆ ਵਿੱਚ ਕੁਝ ਸੈਕੂਲਰ ਦਿਸਦਾ ਹੈ। ਜਨਤਾ ਦੇ ਇਕ ਵਰਗ ਵਿੱਚ ਅਮਰੀਕਾ ਵਿਰੋਧੀ ਭਾਵਨਾਵਾਂ ਵੀ ਘੱਟ ਹਨ। ਇਸ ਦੇ ਬਾਵਜੂਦ ਅਸੰਤੋਸ਼ ਅਤੇ ਲੋਕਤੰਤਰੀ ਲਾਗ ਦਰਮਿਆਨ ਡੂੰਘਾ ਖੱਪਾ ਕਾਇਮ ਹੈ ਜਿਸ ਨੂੰ ਸਿਰਫ਼ ਬਾਹਰਲੀ ਬੰਬਾਰੀ ਨਾਲ ਹਟਾਇਆ ਨਹੀਂ ਜਾ ਸਕਦਾ।

ਇਰਾਨ ਨੇ ਬਹਿਰੀਨ, ਕਤਰ, ਕੁਵੈਤ ਅਤੇ ਯੂਏਈ ਵਿੱਚ ਅਮਰੀਕੀ ਫ਼ੌਜੀ ਟਿਕਾਣਿਆਂ ’ਤੇ ਹਮਲੇ ਕਰ ਕੇ ਆਪਣੀ ਬਦਲਾ ਲਊ ਸਮਰੱਥਾ ਦਾ ਸੰਕੇਤ ਦਿੱਤਾ ਹੈ ਅਤੇ ਹੋਰਮੁਜ ਸਟਰੇਟ ਵਿੱਚ ਤੇਲ ਦੀ ਆਵਾਜਾਈ ’ਤੇ ਗ੍ਰਹਿਣ ਲਗਾ ਦਿੱਤਾ ਹੈ। ਅਰਬ ਦੇਸ਼ਾਂ ਦੇ ਸ਼ਾਸਕ ਇਰਾਨੀ ਪ੍ਰਭਾਵ ਤੋਂ ਕਦੇ ਵੀ ਖ਼ੁਸ਼ ਨਹੀਂ ਰਹੇ ਕਿਉਂਕਿ ਉਨ੍ਹਾਂ ਨੂੰ ਸ਼ੰਕਾ ਸਤਾਉਂਦੀ ਰਹੀ ਹੈ ਕਿ ਅਰਾਜਕ ਇਰਾਨ ਪੂਰੀ ਪੱਛਮੀ ਏਸ਼ਿਆਈ ਵਿਵਸਥਾ ਨੂੰ ਅਸਥਿਰ ਕਰ ਦੇਵੇਗਾ।

ਤੇਲ ਬਾਜ਼ਾਰਾਂ ਵਿੱਚ ਹਲਚਲ, ਆਲਮੀ ਮਹਿੰਗਾਈ ’ਤੇ ਦਬਾਅ ਅਤੇ ਅਫ਼ਗਾਨਿਸਤਾਨ-ਇਰਾਕ-ਸੀਰੀਆ ਤੋਂ ਬਾਅਦ ਇੱਕ ਹੋਰ ਲੰਬੀ ਜੰਗ ਤੋਂ ਤੰਗ ਆ ਚੁੱਕੇ ਅਮਰੀਕੀ ਸਮਾਜ ਵਰਗੇ ਪਹਿਲੂ ਇਨ੍ਹਾਂ ਹਾਲਤਾਂ ਨੂੰ ਹੋਰ ਨਾਜ਼ੁਕ ਬਣਾ ਦਿੰਦੇ ਹਨ। ਬਦਲਾਂ ਦੀ ਗੱਲ ਕਰੀਏ ਤਾਂ ਸਥਿਤੀ ਬਹੁਤ ਸੁਖਾਵੀਂ ਨਹੀਂ ਦਿਸ ਰਹੀ। ਰਜ਼ਾ ਪਹਲਵੀ ਵਰਗੀ ਜਲਾਵਤਨੀ ਕੱਟ ਰਹੀ ਸ਼ਖ਼ਸੀਅਤ ਪ੍ਰਤੀਕਾਤਮਕ ਆਕਰਸ਼ਣ ਤਾਂ ਰੱਖਦੀ ਹੈ ਅਤੇ ਸੁਤੰਤਰ ਚੋਣਾਂ ਵਿੱਚ ਉਹ ਬਿਹਤਰ ਪ੍ਰਦਰਸ਼ਨ ਵੀ ਕਰ ਸਕੇ ਪਰ ਉਨ੍ਹਾਂ ਕੋਲ ਨਾ ਜ਼ਮੀਨੀ ਸੰਗਠਨ ਹੈ ਅਤੇ ਨਾ ਕੋਈ ਕਾਰਗਰ ਗੱਠਜੋੜ।

ਇਸ ਲਈ ਬਿਹਤਰ ਇਹੀ ਹੋਵੇਗਾ ਕਿ ਇਰਾਨ ਵਿੱਚ ਹਮਲਾਵਰ ਸੱਤਾ ਪਰਿਵਰਤਨ ਮੁਹਿੰਮ ਦੀ ਬਜਾਏ ਉੱਥੇ ਲੋਕ-ਸ਼ਕਤੀ, ਲੰਬੇ ਸਮੇਂ ਦੇ ਸੰਸਥਾਗਤ ਸੁਧਾਰ ਅਤੇ ਖੇਤਰੀ ਕੂਟਨੀਤੀ ਵਿਚਾਲੇ ਸੰਤੁਲਨ ਦੀ ਸੋਚ ਨੂੰ ਮਜ਼ਬੂਤ ਕੀਤਾ ਜਾਵੇ। ਇਰਾਨ ਵਿੱਚ ਸੱਤਾ ਪਰਿਵਰਤਨ ਦਾ ਹਕੀਕੀ ਪੜਾਅ ਜ਼ਰੂਰ ਆਵੇਗਾ ਪਰ ਗੱਲ ਉਦੋਂ ਬਣੇਗੀ ਜਦੋਂ ਪੜਾਅਬੱਧ ਅਤੇ ਅੰਦਰੂਨੀ ਪ੍ਰੇਰਨਾ ਤੋਂ ਉਪਜੇ। ਇਕਦਮ ਵਿਦੇਸ਼ੀ ਦਬਾਅ ਅਰਾਜਕਤਾ ਨੂੰ ਹੀ ਵਧਾਵੇਗਾ।

**-(ਲੇਖਕ ਜੇਐੱਨਯੂ ਵਿੱਚ ਐਸੋਸੀਏਟ ਪ੍ਰੋਫੈਸਰ ਅਤੇ ‘ਦਿ ਇੰਡੀਅਨ ਫਿਊਚਰਜ਼’ ਦਾ ਸੰਸਥਾਪਕ ਹੈ)।**

# ਖਾੜੀ ਦੇਸ਼ਾਂ ’ਤੇ ਡੂੰਘਾ ਅਸਰ ਪਾਵੇਗੀ ਅਮਰੀਕਾ-ਇਰਾਨ ਜੰਗ

ਮੁਖਤਾਰ ਗਿੱਲ

ਇਰਾਨ ਅਤੇ ਅਮਰੀਕਾ-ਇਜ਼ਰਾਇਲ ਵਿਚਾਲੇ ਯੁੱਧ ਦਿਨ-ਬ-ਦਿਨ ਹੋਰ ਭੜਕਦਾ ਜਾ ਰਿਹਾ ਹੈ। ਇਹ ਧਿਰਾਂ ਇੱਕ-ਦੂਜੇ ਨੂੰ ਵੱਡੇ ਪੱਧਰ ’ਤੇ ਨਿਸ਼ਾਨਾ ਬਣਾ ਰਹੀਆਂ ਹਨ। ਇਸ ਜੰਗ ਵਿੱਚ ਜਿੱਥੇ ਇਰਾਨ ਦਾ ਕਾਫ਼ੀ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ, ਓਥੇ ਹੀ ਅਮਰੀਕਾ ਤੇ ਇਜ਼ਰਾਇਲ ਵੀ ਵੱਡਾ ਨੁਕਸਾਨ ਸਹਿ ਰਹੇ ਹਨ। ਇਰਾਨ ਦੇ ਹਮਲਿਆਂ ਵਿੱਚ ਕਈ ਅਮਰੀਕਨ ਫ਼ੌਜੀ ਮਾਰੇ ਗਏ। ਅਮਰੀਕਾ ਵੱਲੋਂ ਵੱਡੇ ਪੱਧਰ ’ਤੇ ਬੰਬਾਰੀ ਕੀਤੀ ਜਾ ਰਹੀ ਹੈ ਜਦਕਿ ਇਰਾਨ ਵੱਲੋਂ ਬੰਬਾਂ ਤੇ ਮਿਜ਼ਾਈਲਾਂ ਦੀ ਵਰਖਾ ਕੀਤੀ ਜਾ ਰਹੀ ਹੈ। ਉਸ ਦੇ ਹਮਲੇ ਕਾਰਨ ਸਾਊਦੀ ਅਰਬ ਦੀ ਰਿਫਾਇਨਰੀ ਬੰਦ ਕਰਨੀ ਪਈ। ਇਸ ਮਹਾਯੁੱਧ ਦਾ ਮੱਧ ਪੂਰਬ ਖ਼ਾਸ ਕਰਕੇ ਖਾੜੀ ਦੇ ਦੇਸ਼ਾਂ ਉੱਤੇ ਡੂੰਘਾ ਅਸਰ ਪਵੇਗਾ। ਖਾੜੀ ਦੇ ਦੇਸ਼ਾਂ ਵਿੱਚ ਅਮਰੀਕਾ ਦੇ 19 ਫ਼ੌਜੀ ਅੱਡੇ (ਏਅਰਬੇਸ), ਹਵਾਈ ਅੱਡੇ, ਬੰਦਰਗਾਹਾਂ ਅਤੇ ਵਪਾਰਕ ਕੇਂਦਰ ਹਨ। ਇਰਾਨ ਨੇ ਸਾਊਦੀ ਅਰਬ, ਕਤਰ, ਸੰਯੁਕਤ ਅਰਬ ਅਮੀਰਾਤ, ਬਹਿਰੀਨ, ਕੁਵੈਤ, ਇਰਾਕ, ਸਾਈਪ੍ਰਸ, ਓਮਾਨ ਵਿਚ ਸਥਿਤ ਅਮਰੀਕਾ ਦੇ ਫ਼ੌਜੀ ਅੱਡਿਆਂ ਨੂੰ ਨਿਸ਼ਾਨਾ ਬਣਾਇਆ ਹੈ। ਅਜੇ ਦੋ ਗੱਲਾਂ ਸਪਸ਼ਟ ਨਹੀਂ ਕਿ ਲੜਾਈ ਕਿੰਨੇ ਦਿਨਾਂ ਤੱਕ ਚੱਲੇਗੀ। ਇਸ ਤੋਂ ਇਲਾਵਾ ਕੀ ਲਿਬਨਾਨ ਦੇ ਹਿਜ਼ਬੁੱਲਾ ਅਤੇ ਯਮਨ ’ਚ ਹੂਤੀ ਇਜ਼ਰਾਈਲ ਵਿਰੁੱਧ ਹਮਲੇ ਕਰਨਗੇ ?

ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਇਰਾਨ ਅਤੇ ਅਮਰੀਕਾ ਨੇ ਜੈਨੇਵਾ ਵਿੱਚ ਓਮਾਨ ਦੀ ਵਿਚੋਲਗੀ ਨਾਲ ਤੀਜੇ ਗੇੜ ਦੀ ਗੱਲਬਾਤ ਕੀਤੀ ਪਰ ਕੋਈ ਸਮਝੌਤਾ ਨਹੀਂ ਹੋਇਆ। ਅਗਲੇ ਹਫ਼ਤੇ ਆਸਟ੍ਰੀਆ ਦੀ ਰਾਜਧਾਨੀ ਵਿਆਨਾ ਵਿੱਚ ਪ੍ਰਸਤਾਵਿਤ ਗੱਲਬਾਤ ਹੋਣੀ ਸੀ। ਜੈਨੇਵਾ ਦੀ ਬੈਠਕ ਵਿੱਚ ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ, ਅਮਰੀਕਾ ਦੇ ਮੱਧ-ਪੂਰਬ ਲਈ ਵਿਸ਼ੇਸ਼ ਏਲਚੀ ਸਟੀਵਨ ਵਿਟਕੌਫ ਤੇ ਟਰੰਪ ਦੇ ਜਵਾਈ ਜੇਅਰਡ ਕੁਸ਼ਨਰ ਅਤੇ ਓਮਾਨ ਦੇ ਵਿਦੇਸ਼ ਮੰਤਰੀ ਬਦਰ-ਅਲ-ਬੁਸੈਦੀ ਸ਼ਾਮਲ ਸਨ। ਡੋਨਾਲਡ ਟਰੰਪ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਸੀਮਤ ਕਰਨ ਲਈ ਸਮਝੌਤਾ ਚਾਹੁੰਦੇ ਸਨ। ਪਿਛਲੇ ਹਫ਼ਤੇ ਹੋਈ ਇਹ ਗੱਲਬਾਤ ਹਾਂ-ਪੱਖੀ ਰਹਿਣ ਸਦਕਾ ਲੱਗ ਰਿਹਾ ਸੀ ਕਿ ਇਰਾਨ ’ਤੇ ਅਮਰੀਕੀ ਹਮਲਾ ਕੁਝ ਦਿਨਾਂ ਲਈ ਟਲ ਗਿਆ ਹੈ ਪਰ ਅਮਰੀਕਾ-ਇਜ਼ਰਾਇਲ ਨੇ ਇਰਾਨ ’ਤੇ ਹਮਲਾ ਕਰ ਦਿੱਤਾ। ਅਗਲੇ ਦਿਨ ਅਮਰੀਕਾ ਤੇ ਇਜ਼ਰਾਇਲ ਨੇ ਇੱਕ ਹਵਾਈ ਹਮਲਾ ਕਰ ਕੇ ਇਰਾਨ ਦੇ ਸਰਬਉੱਚ ਧਾਰਮਿਕ ਆਗੂ ਅਯਾਤੁੱਲਾ ਅਲੀ ਖਮੇਨੇਈ ਦੀ ਹੱਤਿਆ ਕਰ ਦਿੱਤੀ। ਖਮੇਨੇਈ ਬੇਤ-ਰਹਿਬਰੀ ਪੈਲੇਸ ਵਿੱਚ ਆਪਣੇ ਸਲਾਹਕਾਰਾਂ ਨਾਲ ਵਿਚਾਰ-ਵਟਾਂਦਰਾ ਕਰ ਰਹੇ ਸਨ ਜਦੋਂ ਦੋ ਹਜ਼ਾਰ ਕਿੱਲੋ ਦੇ ਬੰਕਰ ਬਸਟਰ ਨਾਲ ਹਮਲਾ ਕਰ ਕੇ ਇਰਾਨੀ ਰੱਖਿਆ ਮੰਤਰੀ ਅਤੇ ਰੈਵੋਲਿਊਸ਼ਨਰੀ



ਗਾਰਡਜ਼ ਦੇ 40 ਕਮਾਂਡਰ ਵੀ ਮਾਰ ਦਿੱਤੇ। ਖਮੇਨੇਈ ਦੀ ਧੀ, ਜਵਾਈ, ਨੂੰਹ ਤੇ ਪੋਤੀ ਵੀ ਹਲਾਕ ਹੋ ਗਏ। ਮਿਨਾਬ ਵਿੱਚ ਲੜਕੀਆਂ ਦੇ ਪ੍ਰਾਇਮਰੀ ਸਕੂਲ ’ਤੇ ਹਮਲਾ ਕਰ ਕੇ ਅਨੇਕਾਂ ਵਿਦਿਆਰਥਣਾਂ ਨੂੰ ਮਾਰ ਦਿੱਤਾ ਗਿਆ।

ਖਮੇਨੇਈ ਦੀ ਹੱਤਿਆ ਖ਼ਿਲਾਫ਼ ਕਰਾਚੀ (ਪਾਕਿਸਤਾਨ) ਦੇ ਅਮਰੀਕੀ ਵਣਜ ਸਫ਼ਾਰਤਖਾਨੇ ’ਤੇ ਪ੍ਰਦਰਸ਼ਨਕਾਰੀਆਂ ਨੇ ਹਮਲਾ ਕਰ ਦਿੱਤਾ ਜਿਸ ਕਾਰਨ ਪੁਲਿਸ ਨੂੰ ਗੋਲ਼ੀ ਚਲਾਉਣੀ ਪਈ ਜਿਸ ਵਿੱਚ ਬਾਰਾਂ ਪ੍ਰਦਰਸ਼ਨਕਾਰੀ ਮਾਰੇ ਗਏ। ਸੰਯੁਕਤ ਰਾਸ਼ਟਰ ਦੇ ਦਫ਼ਤਰ ਨੂੰ ਅੱਗ ਲਾ ਦਿੱਤੀ ਗਈ। ਸ੍ਰੀਨਗਰ ਤੇ ਲਖਨਊ ਵਿੱਚ ਵੀ ਰੋਸ ਪ੍ਰਦਰਸ਼ਨ ਹੋਏ। ਖਮੇਨੇਈ ਦੀ ਸ਼ਹਾਦਤ ਖ਼ਿਲਾਫ਼ ਇਰਾਨ ਵਿੱਚ 40 ਦਿਨਾਂ ਦਾ ਸੋਗ ਅਤੇ 7 ਦਿਨਾਂ ਦੀ ਛੁੱਟੀ ਕੀਤੀ ਗਈ। ਅਮਰੀਕਾ ਦੀ ਸ਼ਹਿ, ਫ਼ੌਜੀ ਸਾਜ਼ੋ-ਸਾਮਾਨ ਅਤੇ ਆਰਥਿਕ ਮਦਦ ਨਾਲ ਇਜ਼ਰਾਇਲ ਨੇ ਪਹਿਲਾਂ ਹਮਾਸ, ਹਿਜ਼ਬੁੱਲਾ, ਹੂਤੀ, ਗਾਜ਼ਾ ਦੀ ਤਬਾਹੀ, 70 ਹਜ਼ਾਰ ਦੇ ਕਰੀਬ ਬੱਚਿਆਂ, ਔਰਤਾਂ, ਬਜ਼ੁਰਗਾਂ ਦਾ ਨਰਸੰਹਾਰ ਕੀਤਾ ਤੇ ਹਜ਼ਾਰਾਂ ਨੂੰ ਬੇਘਰ ਕਰ ਦਿੱਤਾ। ਇਨ੍ਹਾਂ ਮੁਲਕਾਂ ਨੇ ਪਿਛਲੇ ਸਾਲ ਜੂਨ ਵਿੱਚ ਇਰਾਨ ’ਤੇ ਹਮਲਾ ਕਰ ਦਿੱਤਾ ਸੀ ਪਰ ਹੁਣ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਅਲੱਗ-ਥਲੱਗ ਪਿਆ ਹੋਇਆ ਹੈ ਕਿਉਂਕਿ ਉਸ ਨੂੰ ਇਸ ਹਮਲੇ ਕਾਰਨ ਦੁਨੀਆ ਦੇ ਵੱਡੇ ਹਿੱਸੇ ਤੋਂ ਨੁਕਤਾਚੀਨੀ ਸਹਿਣੀ ਪੈ ਰਹੀ ਹੈ ਤੇ ਅਮਰੀਕਾ ਦੇ ਸਹਿਯੋਗੀ ਨਾਟੋ ਦੇਸ਼ ਵੀ ਉਸ ਤੋਂ ਦੂਰੀ ਬਣਾ ਰਹੇ ਹਨ। ਇਤਿਹਾਸ ’ਚ ਪਹਿਲੀ ਵਾਰ ਇਰਾਕ-ਇਰਾਨ ਇਕੱਠੇ ਨਜ਼ਰ ਆਏ।

ਪਿਛਲੇ ਕੁਝ ਮਹੀਨਿਆਂ ਤੋਂ ਅਮਰੀਕਾ-ਇਜ਼ਰਾਇਲ ਨੇ ਇਰਾਨ ਵਿਰੁੱਧ ਜਿਸ ਤਰ੍ਹਾਂ ਦਾ ਮਾਹੌਲ ਬਣਾਉਣਾ ਸ਼ੁਰੂ ਕੀਤਾ ਸੀ, ਵਾਰਤਾਵਾਂ ਦੇ ਬਾਵਜੂਦ ਉਸ ਤੋਂ ਲੱਗਦਾ ਸੀ ਕਿ ਹਾਲਾਤ ਨੂੰ ਸੰਭਾਲਣਾ ਮੁਸ਼ਕਿਲ ਹੋਵੇਗਾ। ਇਸ ਜੰਗ ਵਿੱਚ ਇਜ਼ਰਾਇਲ ਤੇ ਇਰਾਨ ਦਾ ਵਿਆਪਕ ਨੁਕਸਾਨ ਹੋਇਆ ਹੈ। ਪਹਿਲਾਂ ਅਮਰੀਕਾ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਖ਼ਤਮ ਕਰਨ ਦਾ ਇਰਾਦਾ ਰੱਖਦਾ ਸੀ ਪਰ ਹੁਣ ਇਰਾਨੀ ਸੱਤਾ ਨੂੰ ਖ਼ਤਮ ਕਰਨਾ ਦੱਸ ਰਿਹਾ ਹੈ। ਰੂਸ-ਯੂਕ੍ਰੇਨ ਯੁੱਧ ਪੰਜਵੇਂ ਸਾਲ ਵਿੱਚ ਦਾਖ਼ਲ ਹੋ ਚੁੱਕਾ ਹੈ। ਇਜ਼ਰਾਇਲ ਦੇ ਗਾਜ਼ਾ ’ਤੇ ਹਮਲੇ ਜਾਰੀ ਹਨ। ਇਸ ਦੌਰਾਨ ਪਾਕਿਸਤਾਨ-ਅਫ਼ਗਾਨਿਸਤਾਨ ਵਿਚਾਲੇ ਭੜਕੀ ਖੁੱਲ੍ਹੀ ਜੰਗ ਨੇ ਵੀ ਨਵਾਂ ਮੋਰਚਾ ਖੋਲ੍ਹ ਦਿੱਤਾ ਹੈ। ਪਾਕਿਸਤਾਨ ਨੇ ਇਸ ਫ਼ੌਜੀ ਮੁਹਿੰਮ ਨੂੰ ਆਪ੍ਰੇਸ਼ਨ ‘ਗਜ਼ਬ ਲਿਨ-ਹਕ’ ਦਾ ਨਾਂ ਦੇ ਕੇ ਅਫ਼ਗਾਨਿਸਤਾਨ ਨਾਲ ਖੁੱਲ੍ਹੀ ਜੰਗ ਦਾ ਐਲਾਨ ਕਰ ਦਿੱਤਾ ਹੈ।

ਟਰੰਪ ਨੇ ਦਾਅਵਾ ਕੀਤਾ ਸੀ ਕਿ ਇਰਾਨ ਜਲਦੀ ਇਹੋ-ਜਿਹੀ ਮਿਜ਼ਾਈਲ ਬਣਾ ਲਵੇਗਾ ਜਿਹੜੀ ਅਮਰੀਕਾ ਤੱਕ ਮਾਰ ਕਰ ਸਕਦੀ ਹੈ। ਟਰੰਪ ਵੱਲੋਂ ਇਰਾਨ ਵਿੱਚ ਰਾਜ ਪਲਟੇ ਦੀ ਪੈਰਵੀ ਕੀਤੀ ਜਾ ਰਹੀ ਸੀ। ਉਹ ਧਮਕੀ ਦੇ ਰਹੇ ਸਨ ਕਿ ਜੇਕਰ ਕੋਈ ਸਮਝੌਤਾ ਨਾ ਹੋਇਆ ਤਾਂ ਉਸ ਦੇ ਨਤੀਜੇ ਬੜੇ ਗੰਭੀਰ ਅਤੇ ਦਰਦਨਾਕ ਹੋਣਗੇ। ਅਮਰੀਕੀ ਸਦਰ ਇਹ ਵੀ ਕਹਿ ਰਿਹਾ ਸੀ ਕਿ ਜੇ ਤਹਿਰਾਨ ਨੇ ਆਪਣਾ ਪਰਮਾਣੂ ਪ੍ਰੋਗਰਾਮ ਬੰਦ ਨਾ ਕੀਤਾ ਤਾਂ ਉਹ ਬਲ ਪ੍ਰਯੋਗ ਕਰੇਗਾ। ਅਮਰੀਕਾ ਨੇ ਅਰਬ ਸਾਗਰ ਵਿੱਚ ਆਪਣਾ ਜੰਗੀ ਬੇੜਾ ਤਾਇਨਾਤ ਕੀਤਾ ਅਤੇ 50 ਫਾਈਟਰ ਜੈੱਟ ਖਾੜੀ ਭੇਜੇ। ਦੋ ਕੈਰੀਅਰ ਸਟ੍ਰਾਈਕ ਗਰੁੱਪ, 13 ਜੰਗੀ ਬੇੜੇ ਅਤੇ ਏਅਰ ਡਿਫੈਂਸ ਸਿਸਟਮ ਤਾਇਨਾਤ ਕੀਤੇ। ਖਾੜੀ ਦੇਸ਼ਾਂ ਵਿੱਚ ਅਮਰੀਕਾ ਦੇ 19 ਫ਼ੌਜੀ ਅੱਡੇ ਹਨ। ਉਨ੍ਹਾਂ ਵਿੱਚ ਅਮਰੀਕਾ ਦੇ 50 ਹਜ਼ਾਰ ਫ਼ੌਜੀ ਹਨ।

ਇਰਾਨ ਦੀ ਰਣਨੀਤੀ ਬਹੁਤ ਗਜ਼ਬ ਦੀ ਹੈ ਜਿਸ ਤੋਂ ਅਮਰੀਕਾ ਤੇ ਇਜ਼ਰਾਇਲ ਦੇ ਮਨਸੂਬੇ ਪੂਰੇ ਨਹੀਂ ਹੋ ਰਹੇ। ਇਰਾਨ ਅਰਬ ਸਾਗਰ ਵਿੱਚ ਤਾਇਨਾਤ ਅਮਰੀਕਾ ਦੇ ਵੱਡੇ ਜੰਗੀ ਬੇੜਿਆਂ ’ਤੇ ਡ੍ਰੋਨਾਂ ਰਾਹੀਂ ਹਮਲੇ ਕਰ ਰਿਹਾ ਹੈ ਤਾਂ ਜੋ ਸੁਰੱਖਿਆ ਸਿਸਟਮ ਉਸ ਦੀਆਂ ਮਿਜ਼ਾਈਲਾਂ ਰੋਕਣ ’ਚ ਨਾਕਾਮ ਰਹਿਣ। ਉਹ ਆਪਣੀ ਇਸ ਰਣਨੀਤੀ ਸਦਕਾ ਦੁਸ਼ਮਣ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਰਾਨ ਨੇ ਹੋਰਮੁਜ਼ ਜਲ ਮਾਰਗ ਨੂੰ ਬੰਦ ਕਰ ਦਿੱਤਾ ਹੈ ਜਿਸ ਰਾਹੀਂ ਭਾਰਤ ਸਮੇਤ ਦੁਨੀਆ ਦੇ ਇੱਕ ਵੱਡੇ ਹਿੱਸੇ ਨੂੰ ਤੇਲ ਸਪਲਾਈ ਹੁੰਦਾ ਹੈ। ਅਮਰੀਕਾ ਦੇ ਏਅਰਬੇਸ ਇਰਾਨ ਦੀਆਂ ਮਿਜ਼ਾਈਲਾਂ ਦੀ ਮਾਰ ਹੇਠ ਹਨ। ਇਰਾਨ ਦਾ ਕਹਿਣਾ ਹੈ ਕਿ ਪ੍ਰਮਾਣੂ ਮੁੱਦੇ ’ਤੇ ਉਹ ਆਤਮ ਸਮਰਪਣ ਨਹੀਂ ਕਰੇਗਾ। ਵਿਆਨਾ ’ਚ ਤੀਜੇ ਗੇੜ ਦੀ ਗੱਲਬਾਤ ਦੌਰਾਨ ਇਰਾਨ ਨੇ ਨਰਮ ਰੁਖ਼ ਅਪਣਾਉਂਦਿਆਂ ਕਿਹਾ ਸੀ ਕਿ ਉਹ ਬੈਲਿਸਟਿਕ ਮਿਜ਼ਾਈਲਾਂ ਦੇ ਜ਼ਖ਼ੀਰੇ ਨੂੰ ਘੱਟ ਕਰ ਦੇਵੇਗਾ ਪਰ ਉਹ ਆਪਣੀਆਂ ਮਿਜ਼ਾਈਲਾਂ ਪੂਰੀ ਤਰ੍ਹਾਂ ਖ਼ਤਮ ਕਰਨ ’ਤੇ ਸਹਿਮਤ ਨਹੀਂ ਸੀ।

ਸਭ ਤੋਂ ਮਹੱਤਵਪੂਰਨ ਇਹ ਹੈ ਕਿ ਜੈਨੇਵਾ ਵਿੱਚ ਓਮਾਨ ਦੀ ਵਿਚੋਲਗੀ ਵਿੱਚ ਬੈਠੇ ਅਮਰੀਕਾ ਦੇ ਰਣਨੀਤੀਕਾਰ ਇਜ਼ਰਾਇਲ ਦੇ ਮਾਰੂ ਹਥਿਆਰਾਂ ਅਤੇ ਮਿਜ਼ਾਈਲਾਂ ਦਾ ਮੁੱਦਾ ਨਹੀਂ ਚੁੱਕਿਆ।

**(ਬਾਕੀ ਸਫ਼ਾ 27 ’ਤੇ)**



# ਜਦੋਂ 'ਪੰਜਾਬ' ਨੂੰ ਅਲਵਿਦਾ ਕਿਹਾ ਸੀ...

## ਪਰਦੇਸੀ ਲਿਖ ਕੰਢਿਆਂ 'ਤੇ, ਵਹਿ ਗਏ ਵਿੱਚ ਝਨਾਂਵਾਂ - ਸੱਥਾਂ ਦੇ ਵਿੱਚ ਬਾਪੂ ਝੂਰਨ, ਬੂਹਿਆਂ ਦੇ ਵਿੱਚ ਮਾਵਾਂ





ਜਗਮੋਹਨ ਸਿੰਘ 'ਲੱਕੀ'
9463819174

**ਵਿਦੇਸ਼ਾਂ 'ਚ ਖੱਜਲ ਖੁਆਰ ਹੁੰਦਿਆਂ ਪੰਜਾਬੀ ਨੌਜਵਾਨਾਂ ਦੇ ਫਿਰ ਉਹ ਸਮਾਂ ਯਾਦ ਆਉਂਦਾ ਹੈ, ਜਦੋਂ ਉਹਨਾਂ ਵੱਲੋਂ ਪੰਜਾਬ ਨੂੰ ਅਲਵਿਦਾ ਕਹਿਣ ਵੇਲੇ ਉਹਨਾਂ ਦਾ ਜੱਦੀ ਘਰ 'ਚੁੱਪ' ਜਿਹਾ ਹੋ ਗਿਆ ਸੀ ਤੇ ਮਾਂ ਦੀ ਅਸੀਸ ਨੂੰ ਤੌਖਲਾ ਦਿੱਸਣ ਲੱਗ ਪਿਆ ਸੀ। ਭੈਣਾਂ ਦੇ ਚਾਅ ਨੂੰ ਡੋਬ ਜੇਹੇ ਪੈਣ ਲੱਗ ਪਏ ਸਨ। ਉਦੋਂ ਇਹਨਾਂ ਦੇ ਘਰ ਦੇ ਖੁੱਲ੍ਹੇ ਵਿਹੜੇ ਨੇ ਆਪਣੀ ਜ਼ੁਬਾਨ ਬੰਦ ਕਰ ਲਈ ਸੀ। ਰਸੋਈ ਦੀ ਰੌਣਕ ਗਾਇਬ ਹੋ ਗਈ ਸੀ। ਵਿਹੜੇ ਵਿੱਚ ਪਏ ਗਮਲਿਆਂ ਦੇ ਵਿੱਚ ਲੱਗੇ ਪੌਦਿਆਂ ਦੇ ਫੁੱਲ ਮੁਰਝਾਅ ਗਏ ਸਨ। ਚਿੜੀਆਂ ਨੇ ਘਰਾਂ ਵਿੱਚ ਆਉਣਾ ਛੱਡ ਦਿੱਤਾ ਸੀ ਤੇ ਕਿਤੇ ਦੂਰ ਉਡਾਰੀ ਮਾਰ ਗਈਆਂ ਸਨ। ਇਹ ਨੌਜਵਾਨ ਆਪਣੇ ਘਰਾਂ ਦੀ ਜੂਨ ਸੁਧਾਰਨ ਲਈ ਵਿਦੇਸ਼ ਗਏ ਸਨ ਪਰ ਵਿਦੇਸ਼ ਵਿੱਚ ਇਹਨਾਂ ਦੀ ਆਪਣੀ ਜੂਨ ਹੀ ਭਟਕਦੀ ਰਹਿ ਗਈ।**

ਵੱਡੀ ਗਿਣਤੀ ਪੰਜਾਬੀ ਦਾਅਵਾ ਕਰਦੇ ਹਨ ਕਿ ਉਹਨਾਂ ਦੇ ਘਰ ਸਿਰਫ਼ 'ਜੀ ਆਇਆਂ ਨੂੰ' ਕਹਿਣਾ ਜਾਣਦੇ ਹਨ, 'ਅਲਵਿਦਾ' ਨਹੀਂ ਪਰ ਹੁਣ ਉਹਨਾਂ ਹੀ ਪੰਜਾਬੀਆਂ ਦੇ ਬੱਚੇ ਹੁਣ ਆਪਣੇ 'ਘਰਾਂ' ਦੇ ਨਾਲ ਹੀ ਪੰਜਾਬ ਨੂੰ ਵੀ 'ਅਲਵਿਦਾ' ਕਹਿ ਗਏ ਹਨ ਅਤੇ ਨਵੀਂ ਦਿੱਲੀ ਦੇ ਏਅਰਪੋਰਟ ਦੀਆਂ ਅੱਖਾਂ ਚੁਧਾਂਉਂਦੀਆਂ ਰੰਗ ਬਿਰੰਗੀਆਂ ਰੌਸ਼ਨੀਆਂ ਵਿੱਚ ਅੱਧਮੀਚੀਆਂ ਅੱਖਾਂ ਵਿੱਚ ਅਨੇਕਾਂ ਸੁਪਨੇ ਸੰਜੋ ਕੇ ਜਹਾਜ਼ ਵਿੱਚ ਬੈਠ ਕੇ 'ਸੱਤ ਸਮੁੰਦਰ ਪਾਰ' ਚਲੇ ਗਏ ਹਨ। ਵਿਦੇਸ਼ ਵਿੱਚ ਗਏ ਪੰਜਾਬੀਆਂ ਅੱਗੇ ਜਦੋਂ ਉਹਨਾਂ ਮੁਲਕਾਂ ਦੀਆਂ ਤਲਖ਼ ਹਕੀਕਤਾਂ ਸਾਹਮਣੇ ਆਉਂਦੀਆਂ ਨੇ ਤੇ ਉਥੇ ਮਸ਼ੀਨਾਂ ਵਾਂਗ ਹੀ ਕੰਮ ਕਰਨਾ ਪੈਂਦਾ ਹੈ ਤਾਂ ਉਹਨਾਂ ਪੰਜਾਬੀਆਂ ਨੂੰ ਮੁੜ ਪੰਜਾਬ ਚੇਤੇ ਆਉਣ ਲੱਗਦਾ ਹੈ। ਵਿਦੇਸ਼ ਵਿੱਚ ਜੇ ਕਮਾਈ ਡਾਲਰਾਂ/ਪੌਂਡਾਂ ਵਿੱਚ ਹੁੰਦੀ ਹੈ ਤਾਂ ਖ਼ਰਚੇ ਵੀ ਤਾਂ ਡਾਲਰਾਂ ਤੇ ਪੌਂਡਾਂ ਵਿੱਚ ਹੁੰਦੇ ਹਨ। ਕਹਿੰਦੇ ਨੇ ਕਿ ਵਿਦੇਸ਼ਾਂ ਵਿੱਚ ਜੇ ਕਿਸੇ ਪੰਜਾਬੀ ਵੀਰ ਨੇ ਦੂਜੇ ਪੰਜਾਬੀ ਨੂੰ ਮਿਲਣ ਜਾਣਾ ਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਸੰਬਧਿਤ ਪੰਜਾਬੀ ਤੋਂ ਮਿਲਣ ਲਈ ਸਮਾਂ ਲੈਣਾ ਪੈਂਦਾ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਕਿਸੇ ਆਪਣੇ ਨੂੰ ਵੀ ਮਿਲਣ ਦੀ ਵਿਹਲ ਨਹੀਂ ਹੁੰਦੀ।

ਇਸ ਸਮੇਂ ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਲੱਗੀ ਹੋਈ ਹੈ, ਜਿਸ ਕਾਰਨ ਵੱਡੀ ਗਿਣਤੀ ਪੰਜਾਬੀ ਖਾੜੀ ਦੇਸ਼ਾਂ 'ਚ ਫਸ ਗਏ ਸਨ, ਜਿਹਨਾਂ ਨੂੰ ਹੁਣ ਸਰਕਾਰ ਵੱਲੋਂ ਵਿਸ਼ੇਸ਼ ਜਹਾਜ਼ਾਂ ਰਾਹੀਂ ਭਾਰਤ ਲਿਆਂਦਾ ਗਿਆ ਹੈ ਅਤੇ ਪਿੱਛੇ ਰਹਿ ਗਏ ਹੋਰਨਾਂ ਭਾਰਤੀਆਂ ਨੂੰ ਭਾਰਤ ਲਿਆਂਦਾ ਜਾ ਰਿਹਾ ਹੈ। ਇਹ ਪੰਜਾਬੀ ਜਦੋਂ ਅਮਰੀਕਾ ਵੱਲੋਂ ਸ਼ੁਰੂ ਕੀਤੀ ਗਈ 'ਖਾੜੀ ਜੰਗ' ਸਮੇਂ ਖਾੜੀ ਦੇਸ਼ਾਂ ਵਿੱਚ ਫਸ ਗਏ ਸਨ, ਤਾਂ ਉਸ ਸਮੇਂ ਨੂੰ ਬਹੁਤ ਪਛਤਾਏ ਸਨ, ਜਦੋਂ ਉਹਨਾਂ ਨੇ ਪੰਜਾਬ ਨੂੰ 'ਅਲਵਿਦਾ' ਕਿਹਾ ਸੀ।



ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪੰਜਾਬੀ ਅਕਸਰ ਦਾਅਵਾ ਕਰਦੇ ਹਨ ਕਿ 'ਪੰਜਾਬ' ਉਹਨਾਂ ਦੇ ਦਿਲਾਂ ਵਿੱਚ ਵਸਿਆ ਹੋਇਆ ਹੈ ਅਤੇ ਉਹ ਹਮੇਸ਼ਾ 'ਪੰਜਾਬ' ਜਾਣ ਲਈ ਤਾਂਘਦੇ ਰਹਿੰਦੇ ਹਨ। ਅਜਿਹੇ ਪਰਵਾਸੀ ਪੰਜਾਬੀਆਂ ਨੂੰ ਸਵਾਲ ਕੀਤਾ ਜਾਣਾ ਚਾਹੀਦਾ ਹੈ ਕਿ ਜਦੋਂ ਉਹਨਾਂ ਨੇ 'ਪੰਜਾਬ' ਨੂੰ ਅਲਵਿਦਾ ਕਿਹਾ ਸੀ ਤਾਂ ਕੀ ਉਦੋਂ ਪੰਜਾਬ ਉਹਨਾਂ ਦੇ ਦਿਲਾਂ ਵਿੱਚ ਨਹੀਂ ਸੀ? ਪੰਜਾਬ ਤੋਂ ਦਿੱਲੀ ਏਅਰਪੋਰਟ ਤੱਕ ਜਾਂਦਿਆਂ ਉਹਨਾਂ ਦੇ ਦਿਲਾਂ ਵਿੱਚ ਪੰਜਾਬ ਦੀ ਥਾਂ ਵਿਦੇਸ਼ੀ ਮੁਲਕ ਦੇ ਡਾਲਰ ਅਤੇ ਪੌਂਡ ਹੀ ਵਸੇ ਹੋਏ ਸਨ। ਜਦੋਂ ਮੁਰਥਲ ਦੇ ਢਾਬਿਆਂ 'ਤੇ ਚਾਹ ਪਾਣੀ ਪੀਣ ਅਤੇ ਨਾਸ਼ਤਾ ਕਰਨ ਲਈ ਰੁਕੇ ਸਨ ਉਦੋਂ ਵੀ ਉਹਨਾਂ ਨੂੰ ਦਿੱਲੀ ਦੇ ਏਅਰਪੋਰਟ 'ਤੇ ਜਾ ਕੇ ਵਿਦੇਸ਼ ਜਾਣ ਲਈ ਜਹਾਜ਼ ਵਿੱਚ ਬੈਠਣ ਦੀ ਕਾਹਲੀ ਪਈ ਹੋਈ ਸੀ, ਉਦੋਂ 'ਪੰਜਾਬ' ਕਿਉਂ ਯਾਦ ਨਹੀਂ ਆਇਆ? ਉਦੋਂ ਤਾਂ ਪੰਜਾਬ ਦੀਆਂ ਰੁੱਤਾਂ ਵੀ ਉਹਨਾਂ ਨੂੰ ਭੁੱਲ ਗਈਆਂ ਸਨ। ਵਿਦੇਸ਼ ਜਾਣ ਦੇ ਚਾਅ ਵਿੱਚ ਉਦੋਂ ਤਾਂ ਪੰਜਾਬੀਆਂ ਨੂੰ ਸਾਵਣ ਮਹੀਨਾ ਵੀ ਭੁੱਲ ਗਿਆ ਸੀ ਤੇ ਸਾਵਣ ਮਹੀਨੇ ਦੇ ਛਰਾਟਿਆਂ ਦੀ ਯਾਦ ਵੀ ਨਹੀਂ ਸੀ ਆਈ। ਅਜਿਹੇ ਪੰਜਾਬੀ ਉਦੋਂ ਪੰਜਾਬ ਦੇ ਮਾਲ ਪੂੜਿਆਂ ਦਾ ਸਵਾਦ ਵੀ ਭੁੱਲ ਗਏ ਸਨ।






ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਕਈ ਇਲਾਕੇ ਤਾਂ ਅਜਿਹੇ ਹਨ, ਜਿਥੇ ਰਹਿੰਦੇ ਸਾਰੇ ਪੰਜਾਬੀਆਂ ਦੇ ਬੱਚੇ ਵਿਦੇਸ਼ ਚਲੇ ਗਏ ਹਨ ਅਤੇ ਪਿੱਛੇ ਘਰਾਂ ਵਿੱਚ ਅੱਧਖੜ ਜਾਂ ਬੁੱਢੜੇ ਮਾਪੇ ਰਹਿ ਰਹੇ ਹਨ। ਵਿਦੇਸ਼ ਗਏ ਪੁੱਤਰਾਂ ਦੇ ਪਿਤਾ ਜੀ ਅਕਸਰ ਸੱਥਾਂ ਵਿੱਚ ਬੈਠ ਕੇ ਝੂਰਦੇ ਹਨ ਅਤੇ ਵਿਦੇਸ਼ ਗਏ ਪੁੱਤਰਾਂ ਦੀਆਂ ਮਾਵਾਂ ਘਰਾਂ ਦੇ ਬੂਹਿਆਂ 'ਚ ਬੈਠ ਕੇ ਆਪਣੇ ਪੁੱਤਰਾਂ ਨੂੰ ਉਡੀਕਦੀਆਂ ਹਨ। ਦੂਜੇ ਪਾਸੇ ਇਹਨਾਂ ਮਾਪਿਆਂ ਦੇ ਪੁੱਤਰ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਮਾਪਿਆਂ ਅਤੇ ਘਰਾਂ ਨੂੰ ਯਾਦ ਕਰਦੇ ਹਨ। ਜਿਹੜੇ ਨੌਜਵਾਨ ਸਹੀ ਤਰੀਕੇ ਨਾਲ ਵਿਦੇਸ਼ ਜਾਂਦੇ ਹਨ, ਉਹ ਤਾਂ ਵਿਦੇਸ਼ ਸਹੀ ਸਲਾਮਤ ਪਹੁੰਚ ਜਾਂਦੇ ਹਨ ਅਤੇ ਜਿਹੜੇ ਨੌਜਵਾਨ 'ਡੰਕੀ ਰੂਟ' ਰਾਹੀਂ ਵਿਦੇਸ਼ ਜਾਂਦੇ ਹਨ ਉਹ ਅਕਸਰ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦੇ ਤੇ ਰਸਤੇ ਵਿੱਚ ਹੀ ਬੇਗਾਨੇ ਮੁਲਕਾਂ ਵਿੱਚ ਫ਼ਸ ਜਾਂਦੇ ਹਨ। ਜਿਥੇ ਇਹ ਪੈਸੇ ਦੀ ਘਾਟ, ਬੇਗਾਨੇ ਮੁਲਕਾਂ ਦੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਨ ਆਪਣੀ ਪੈਰਵਾਈ ਵੀ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਅਜਿਹੇ ਨੌਜਵਾਨ ਫਿਰ ਉਸ ਸਮੇਂ ਨੂੰ ਕੋਸਦੇ ਹਨ ਜਦੋਂ ਉਹਨਾਂ ਨੇ ਵਿਦੇਸ਼ ਜਾਣ ਲਈ ਆਪਣੇ 'ਪੰਜਾਬ' ਨੂੰ 'ਅਲਵਿਦਾ' ਕਿਹਾ ਸੀ।

ਇਹ ਸੱਚ ਹੈ ਕਿ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਗਏ ਵੱਡੀ ਗਿਣਤੀ ਪੰਜਾਬੀਆਂ ਨੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ ਨੂੰ ਆਲੀਸ਼ਾਨ ਰੂਪ ਦਿੱਤਾ ਹੋਇਆ ਹੈ, ਕਿਸੇ ਨੇ ਆਪਣੇ ਜੱਦੀ ਘਰ ਦੀ ਛੱਤ 'ਤੇ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ ਅਤੇ ਕਿਸੇ ਨੇ ਅਜਿਹਾ ਹੀ ਕੁਝ ਹੋਰ। ਇਹਨਾਂ ਨੇ ਆਪਣੇ ਘਰਾਂ ਨੂੰ ਵੀ ਮਹੱਲਾਂ ਵਾਂਗ ਸਜਾਇਆ ਹੋਇਆ ਹੈ, ਪਰ ਇਹਨਾਂ ਆਲੀਸ਼ਾਨ ਘਰਾਂ ਵਿੱਚ ਜਿੰਦਗੀ ਨਹੀਂ ਧੜਕਦੀ। ਅਜਿਹੇ ਘਰਾਂ ਨੂੰ ਅਕਸਰ ਸਾਲਾਂ ਬੱਧੀ ਜਿੰਦਰੇ ਲੱਗੇ ਰਹਿੰਦੇ ਹਨ ਅਤੇ ਪੰਜ ਕੁ ਸਾਲ ਬਾਅਦ ਜਦੋਂ ਐਨ.ਆਰ.ਆਈ. ਪੰਜਾਬੀ ਆਪਣੇ ਘਰਾਂ ਨੂੰ ਪਰਤਦੇ ਹਨ ਤਾਂ ਉਦੋਂ ਹੀ ਇਹਨਾਂ ਘਰਾਂ ਵਿੱਚ ਰੌਸ਼ਣੀ ਹੁੰਦੀ ਹੈ। ਇਹ ਵੀ ਸੱਚ ਹੈ ਕਿ ਕਈ ਐਨ.ਆਰ.ਆਈ. ਪੰਜਾਬੀਆਂ ਨੇ ਆਪਣੇ ਪਿੰਡਾਂ ਦੇ ਵਿਕਾਸ ਵਿੱਚ ਵੀ ਚੰਗਾ ਯੋਗਦਾਨ ਪਾਇਆ ਹੈ ਅਤੇ ਅਨੇਕਾਂ ਪੇਂਡੂ ਖੇਡ ਮੇਲੇ ਤਾਂ ਹੁੰਦੇ ਹੀ ਪਰਵਾਸੀ ਪੰਜਾਬੀਆਂ ਦੇ ਯੋਗਦਾਨ ਨਾਲ ਹਨ। ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਕਈ ਪਰਵਾਸੀ ਪੰਜਾਬੀਆਂ ਦੇ ਪੰਜਾਬ ਵਿਚਲੇ ਜੱਦੀ ਘਰ ਹੁਣ ਢਹਿਣ ਕਿਨਾਰੇ ਪਹੁੰਚੇ ਹੋਏ ਹਨ, ਉਹਨਾਂ ਘਰਾਂ ਦਾ ਰੰਗ ਰੋਗਣ ਫਿੱਕਾ ਪੈ ਗਿਆ ਹੈ ਅਤੇ ਘਰ ਦੀਆਂ ਕੰਧਾਂ ਤੋਂ ਪਲੱਸਤਰ ਉਖੜਨ ਲੱਗ ਪਿਆ ਹੈ। ਇਹਨਾਂ ਘਰਾਂ ਦੇ ਵਿੱਚ ਰਹਿ ਰਹੇ ਬੁੱਢੜੇ ਮਾਪਿਆਂ ਕੋਲ ਏਨਾ ਪੈਸਾ ਨਹੀਂ ਹੁੰਦਾ ਕਿ ਉਹ ਆਪਣੇ ਘਰਾਂ ਦੀ ਮੁਰੰਮਤ ਕਰਵਾ ਸਕਣ। ਇਹਨਾਂ ਲੋਕਾਂ ਨੇ ਆਪਣੀ ਜਿੰਦਗੀ ਦੀ ਸਾਰੀ ਜਮਾਂ ਪੂੰਜੀ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਲਗਾ ਦਿੱਤੀ ਹੁੰਦੀ ਹੈ। ਇਹਨਾਂ ਵਿਚੋਂ ਕਈਆਂ ਦੇ ਨੌਜਵਾਨ ਪੁੱਤਰ ਤਾਂ ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਲੱਗੇ ਜੰਗਲਾਂ ਵਿੱਚ ਹੀ ਗਾਇਬ ਹੋ ਜਾਂਦੇ ਹਨ ਭਾਵ ਖੁਦਗਰਜ਼ ਏਜੰਟਾਂ ਵੱਲੋਂ ਹੀ ਗਾਇਬ ਕਰ ਦਿੱਤੇ ਜਾਂਦੇ ਹਨ। ਜਿਸ ਕਰਕੇ ਇਹਨਾਂ ਬੁੱਢੜੇ ਮਾਪਿਆਂ ਨੂੰ ਆਪਣੇ ਪੁੱਤਰਾਂ ਤੋਂ ਵੀ ਕੋਈ ਸਹਾਰਾ ਨਹੀਂ ਮਿਲ ਰਿਹਾ। ਇਹਨਾਂ ਦੇ ਪੁੱਤਰ ਵੀ ਵਿਦੇਸ਼ਾਂ ਵਿੱਚ ਭਟਕਦਿਆਂ ਉਸ ਸਮੇਂ ਨੂੰ ਯਾਦ ਕਰਕੇ ਰੋਂਦੇ ਹਨ ਜਦੋਂ ਇਹਨਾਂ ਨੇ ਆਪਣੇ ਹੱਸਦੇ ਵਸਦੇ 'ਘਰਾਂ' ਨੂੰ 'ਅਲਵਿਦਾ' ਕਿਹਾ ਸੀ।

ਜੇ ਪੰਜਾਬੀਆਂ ਨੇ ਵਿਦੇਸ਼ ਜਾਣਾ ਹੈ ਤਾਂ ਉਹ ਜਾਇਜ਼ ਅਤੇ ਕਾਨੂੰਨੀ ਤਰੀਕਿਆਂ ਨਾਲ ਹੀ ਵਿਦੇਸ਼ ਜਾਣ ਅਤੇ 'ਡੰਕੀ ਰੂਟ' ਸਮੇਤ ਹੋਰ ਗੈਰ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦਾ ਯਤਨ ਨਾ ਕਰਨ। ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਕਰਜ਼ਾ ਲੈ ਕੇ ਵਿਦੇਸ਼ ਜਾਣ ਦੀ ਥਾਂ ਪੰਜਾਬ ਰਹਿ ਕੇ ਆਪਣੇ ਰੁਜ਼ਗਾਰ ਚਲਾਉਣ ਅਤੇ ਨੌਕਰੀਆਂ ਮੰਗਣ ਦੀ ਥਾਂ ਉਹ ਹੋਰਨਾਂ ਲੋਕਾਂ ਨੂੰ ਨੌਕਰੀਆਂ ਦੇਣ ਵਾਲੇ ਬਣਨ। ਪੰਜਾਬੀ ਨੌਜਵਾਨ ਹੀ ਪੰਜਾਬ ਵਿੱਚ ਰਹਿ ਕੇ ਪੰਜਾਬ ਦੀ ਨੁਹਾਰ ਬਦਲ ਸਕਦੇ ਹਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਹੁਸ਼ਿਆਰਪੁਰ ਦੀ ਇਨਲੇਅ ਕਲਾ



## ਕੀ ਅਲੋਪ ਹੋ ਜਾਵੇਗੀ ਪੰਜਾਬ ਦੀ ਇਹ ਸੁਨਹਿਰੀ ਵਿਰਾਸਤ ?

### ਹੁਨਰ ਬਨਾਮ ਪੇਟ ਦੀ ਭੁੱਖ: ਹੁਸ਼ਿਆਰਪੁਰ ਦੇ ਇਨਲੇਅ ਕਾਰੀਗਰਾਂ ਦੀ ਦਰਦਨਾਕ ਕਹਾਣੀ

### ਮੁ਼ਗਲ ਕਾਲ ਤੋਂ ਸ਼ੁਰੂ ਹੋਇਆ ਸੀ ਇਨਲੇਅ ਕਲਾ ਦਾ ਇਤਿਹਾਸ





ਹੁਸ਼ਿਆਰਪੁਰ ਜ਼ਿਲ੍ਹੇ ਦੀ ਇਨਲੇਅ ਲੱਕੜ ਕਲਾ ਦੇਸ਼ਾਂ-ਵਿਦੇਸ਼ਾਂ ਵਿੱਚ ਬਹੁਤ ਮਸ਼ਹੂਰ ਹੈ। ਇਹ ਕਲਾ ਮੁ਼ਗਲ ਕਾਲ (16ਵੀਂ ਤੋਂ 18ਵੀਂ ਸਦੀ) ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ, ਜਦੋਂ ਮੁ਼ਗਲਾਂ ਨੇ ਨਾਜ਼ੁਕ ਹਸਤਕਲਾ ਨੂੰ ਬਹੁਤ ਉਤਸ਼ਾਹਿਤ ਕੀਤਾ ਸੀ। ਸ਼ੁਰੂ ਵਿੱਚ ਇਹ ਕੰਮ ਸੰਗੀਤਕ ਸਾਜ਼ਾਂ ਜਿਵੇਂ ਵੀਣਾ, ਸਿਤਾਰ, ਸਾਰੰਗੀ ਅਤੇ ਤਾਨਪੁਰਾ ਉੱਤੇ ਕੀਤਾ ਜਾਂਦਾ ਸੀ। ਸ਼ੀਸ਼ਮ, ਟੀਕ ਜਾਂ ਰੋਜ਼ਵੁੱਡ ਵਰਗੀਆਂ ਲੱਕੜਾਂ ਵਿੱਚ ਹਾਥੀ ਦੰਦ (ਆਈਵਰੀ) ਜਾਂ ਧਾਤ ਨਾਲ ਸੂਖਮ ਨਕਾਸ਼ੀ ਕੀਤੀ ਜਾਂਦੀ ਸੀ। ਬ੍ਰਿਟਿਸ਼ ਕਾਲ ਵਿੱਚ ਇਸ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਮਿਲੀ ਸੀ ਅਤੇ ਲੰਡਨ ਸਮੇਤ ਯੂਰਪ ਨੂੰ ਨਿਰਯਾਤ ਹੋਣ ਲੱਗੀ ਸੀ। ਹੁਣ ਤੱਕ ਇਹ ਕਲਾ ਤਿੰਨ ਸੌ ਸਾਲ ਤੋਂ ਵੱਧ ਪੁਰਾਣੀ ਹੈ ਅਤੇ ਪਹਿਲਾਂ ਹਾਥੀ ਦੰਦ ਨਾਲ ਕੀਤੀ ਜਾਂਦੀ ਸੀ, ਪਰ 1989 ਵਿੱਚ ਪਾਬੰਦੀ ਤੋਂ ਬਾਅਦ ਪਲਾਸਟਿਕ ਜਾਂ ਹੋਰ ਸਮੱਗਰੀ ਵਰਤੀ ਜਾਂਦੀ ਹੈ। ਮੁੱਖ ਤੌਰ 'ਤੇ ਟਾਹਲੀ ਜਾਂ ਸ਼ੀਸ਼ਮ ਦੀ ਲੱਕੜ ਉੱਤੇ ਬਾਰੀਕ ਤਰਾਸ਼ ਕੇ ਜੜਾਈ ਨਾਲ ਸੁੰਦਰ ਡਿਜ਼ਾਈਨ ਬਣਾਏ ਜਾਂਦੇ ਹਨ। ਇਹ ਕਲਾ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਅਨਮੋਲ ਹਿੱਸਾ ਹੈ ਅਤੇ ਫਰਨੀਚਰ, ਡੱਬੀਆਂ, ਸਜਾਵਟੀ ਵਸਤੂਆਂ ਨੂੰ ਖ਼ੂਬਸੂਰਤ ਬਣਾਉਂਦੀ ਹੈ। 2017 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੋਹ਼ਫ਼ੇ ਦਿਤੇ ਸਨ, ਜਿਸ ਵਿੱਚ ਹੁਸ਼ਿਆਰਪੁਰ ਦੇ ਇਨਲੇਅ ਆਰਟ ਬਾਕਸ ਦੀ ਖ਼ੂਬ ਚਰਚਾ ਹੋਈ ਸੀ।

**ਕਾਰੀਗਰਾਂ ਦੀ ਗਿਣਤੀ ਘਟਣ ਦੇ ਕਾਰਨ ਅਤੇ ਆਰਥਿਕ ਮੁਸ਼ਕਲਾਂ**

ਪਹਿਲਾਂ ਹੁਸ਼ਿਆਰਪੁਰ ਦੇ ਪਿੰਡਾਂ ਜਿਵੇਂ ਬੱਸੀ ਗ਼ੁਲਾਮ ਹੁਸੈਨ, ਬੂਥਗੜ੍ਹ ਅਤੇ ਸ਼ੇਰਗੜ੍ਹ ਵਿੱਚ ਘਰ-ਘਰ ਇਹ ਕਾਰੀਗਰ ਹੁੰਦੇ ਸਨ, ਪਰ ਹੁਣ ਸਿਰਫ਼ 100 ਤੋਂ 150 ਕਾਰੀਗਰ ਬਚੇ ਹਨ। ਇਸ ਕਲਾ ਨੂੰ ਸਿੱਖਣ ਵਿੱਚ ਸਾਲਾਂ ਦੀ ਮਿਹਨਤ ਲੱਗਦੀ ਹੈ - ਲੱਕੜ ਨੂੰ 6-12 ਮਹੀਨੇ ਸੀਜ਼ਨਿੰਗ ਕਰਨਾ, ਡਿਜ਼ਾਈਨ ਟਰੇਸ ਕਰਨਾ ਅਤੇ ਸੂਖਮ ਜੜਾਈ ਕਰਨਾ। 70 ਸਾਲਾ ਨਿਪੁੰਨ ਕਾਰੀਗਰ ਸੋਢੀ ਲਾਲ ਕਹਿੰਦੇ ਹਨ, 'ਮੈਂ ਲੱਕੜ ਉੱਤੇ ਹੋਈ ਹਸਤਕਲਾ ਕਲਾ ਆਪਣੇ ਬਜ਼ੁਰਗਾਂ ਤੋਂ ਸਿੱਖੀ ਸੀ ਅਤੇ ਸਾਰੀ ਉਮਰ ਮੈਨੂੰ ਇਹ ਕੰਮ ਕਰਦੇ ਹੋ ਗਏ। ਸੂਬਾ ਸਰਕਾਰ ਵੱਲੋਂ ਪੁਰਸਕਾਰ ਦਿੱਤਾ ਗਿਆ ਪਰ ਨਹੀਂ ਚਾਹੁੰਦਾ ਮੇਰੇ ਬੱਚੇ ਇਹ ਕੰਮ ਕਰਨ ਕਿਉਂਕਿ ਇਸ ਵਿੱਚ ਮਿਹਨਤ ਦੇ ਹਿਸਾਬ ਨਾਲ ਕਮਾਈ ਨਹੀਂ ਹੁੰਦੀ।' ਪੂਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਪਰਮਜੀਤ ਕੌਰ ਵਰਗੇ ਕਾਰੀਗਰਾਂ ਨੂੰ ਸਿਰਫ਼ ਤਿੰਨ ਸੌ ਰੁਪਏ ਮਿਲਦੇ ਹਨ। ਮਹਿੰਗਾਈ ਵਧਣ ਨਾਲ ਕਮਾਈ ਨਹੀਂ ਵਧੀ, ਮਸ਼ੀਨੀਕਰਨ ਨੇ ਸੌਖੇ ਵਿਕਲਪ ਦਿੱਤੇ ਹਨ। ਅਤੇ ਨੌਜਵਾਨ ਇਸ ਕਲਾ ਵਿੱਚ ਘੱਟ ਰੁਚੀ ਰੱਖਦੇ ਹਨ ਕਿਉਂਕਿ ਆਰਥਿਕ ਮੁਨਾਫਾ ਘੱਟ ਹੈ। ਕੋਵਿਡ ਤੋਂ ਬਾਅਦ ਵਿੱਤੀ ਮੁਸ਼ਕਿਲਾਂ ਵਧੀਆਂ ਹਨ ਅਤੇ ਖਰੀਦਦਾਰ ਵੀ ਮਹਿੰਗੀਆਂ ਹੱਥੀਂ ਬਣੀਆਂ ਵਸਤਾਂ ਤੋਂ ਦੂਰ ਹੋ ਗਏ ਹਨ। ਡੱਬੀ ਬਾਜ਼ਾਰ ਵਿੱਚ ਕਦੇ ਸੈਂਕੜੇ ਦੁਕਾਨਾਂ ਸਨ, ਹੁਣ ਗਿਣਤੀ ਵਾਲੀਆਂ ਰਹਿ ਗਈਆਂ ਹਨ। ਧਨੀ ਰਾਮ ਪੂਰਨ ਚੰਦ ਵਰਗੀ ਪੁਰਾਣੀ ਦੁਕਾਨ 1880 ਤੋਂ ਚੱਲ ਰਹੀ ਹੈ ਪਰ ਹੁਣ ਬਾਜ਼ਾਰ ਸੀਮਤ ਹੈ।



**ਦੇਸ਼ਾਂ-ਵਿਦੇਸ਼ਾਂ ਵਿੱਚ ਮੰਗ ਪਰ ਕਾਰੀਗਰਾਂ ਦੀ ਘਾਟ**

ਇਨਲੇਅ ਕਲਾ ਦੀ ਮੰਗ ਅੱਜ ਵੀ ਅਮਰੀਕਾ, ਕੈਨੇਡਾ, ਇਟਲੀ, ਮਿਡਲ ਈਸਟ ਅਤੇ ਹੋਰ ਦੇਸ਼ਾਂ ਵਿੱਚ ਕਾਫੀ ਹੈ। ਛੋਟੀਆਂ ਵਸਤਾਂ ਹਜ਼ਾਰ ਰੁਪਏ ਅਤੇ ਵੱਡੀਆਂ ਟੇਬਲਾਂ ਹਜ਼ਾਰਾਂ ਵਿੱਚ ਵਿਕਦੀਆਂ ਹਨ। ਪਰ ਕਾਰੀਗਰਾਂ ਦੀ ਘਾਟ ਕਾਰਨ ਤਿਆਰ ਸਮਾਨ ਘੱਟ ਹੁੰਦਾ ਹੈ ਅਤੇ ਇੰਡਸਟਰੀ ਵਿੱਚ ਖੜੋਤ ਆ ਗਈ ਹੈ। ਪੁਰਸ਼ੋਤਮ ਸਿੰਘ ਕਹਿੰਦੇ ਹਨ ਕਿ ਪਹਿਲਾਂ ਕਮਾਈ ਵਧੀਆ ਹੁੰਦੀ ਸੀ ਪਰ ਹੁਣ ਮਹਿੰਗਾਈ ਨਾਲ ਨਹੀਂ ਵਧੀ। ਰਾਜੀਵ ਪਲਾਹਾ ਵਰਗੇ ਕਾਰੋਬਾਰੀ ਮੰਨਦੇ ਹਨ ਕਿ ਨੌਜਵਾਨਾਂ ਦੀ ਦਿਲਚਸਪੀ ਘੱਟਣ ਨਾਲ ਭਵਿੱਖ ਖਤਰੇ ਵਿੱਚ ਹੈ। ਇਹ ਕਲਾ ਨਾ ਸਿਰਫ਼ ਹੁਨਰ ਹੈ ਸਗੋਂ ਪੰਜਾਬ ਦੀ ਪਛਾਣ ਵੀ ਹੈ, ਪਰ ਆਰਥਿਕ ਚੁਣੌਤੀਆਂ ਕਾਰਨ ਇਹ ਲੁੱਪਤ ਹੋਣ ਦੇ ਕਗਾਰ ਉੱਤੇ ਹੈ।



**ਸਰਕਾਰ ਵੱਲੋਂ ਬਚਾਅ ਲਈ ਕੀਤੀਆਂ ਕੋਸ਼ਿਸ਼ਾਂ ਅਤੇ ਭਵਿੱਖ**

ਸਰਕਾਰ ਇਸ ਕਲਾ ਨੂੰ ਬਚਾਉਣ ਲਈ ਸਰਗਰਮ ਹੈ। 2019 ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਨੇ 'ਹੁਸ਼ਿਆਰਪੁਰ ਵੂਡਨ ਇਨਲੇਅ ਕਲੱਸਟਰ' ਬੂਥਗੜ੍ਹ ਪਿੰਡ ਵਿੱਚ ਸਥਾਪਤ ਕੀਤਾ। ਇਸ ਦਾ ਮਕਸਦ ਨੌਜਵਾਨਾਂ ਨੂੰ ਸਿਖਲਾਈ ਦੇਣਾ ਅਤੇ ਵਸਤੂਆਂ ਨੂੰ ਮਾਰਕੀਟ ਤੱਕ ਪਹੁੰਚਾਉਣਾ ਹੈ। ਕਲੱਸਟਰ ਦੇ ਪ੍ਰਧਾਨ ਸਤਜੁਗ ਸਿੰਘ ਕਹਿੰਦੇ ਹਨ, 'ਅਸੀਂ ਨੌਜਵਾਨਾਂ ਅਤੇ ਔਰਤਾਂ ਨੂੰ ਟਰੇਨਿੰਗ ਦੇ ਰਹੇ ਹਾਂ ਤਾਂ ਜੋ ਵਿਰਾਸਤ ਅੱਗੇ ਵਧੇ।' ਕੋਵਿਡ ਤੋਂ ਬਾਅਦ ਵਿੱਤੀ ਮਦਦ, ਕਿੱਟਾਂ ਅਤੇ ਮਾਰਕੀਟਿੰਗ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਗੁਰੂ-ਸ਼ਿਸ਼ ਪਰੰਪਰਾ ਅਧੀਨ ਟਰੇਨਿੰਗ ਪ੍ਰੋਗਰਾਮ ਵੀ ਚੱਲ ਰਹੇ ਹਨ। ਨੈਸ਼ਨਲ ਅਵਾਰਡ ਅਤੇ ਮੈਰਿਟ ਸਰਟੀਫਿਕੇਟ ਵੀ ਕਾਰੀਗਰਾਂ ਨੂੰ ਮਿਲ ਰਹੇ ਹਨ। ਹਾਲਾਂਕਿ ਕੁਝ ਕਾਰੀਗਰ ਮੰਨਦੇ ਹਨ ਕਿ ਪੁਰਸਕਾਰ ਮਿਲਦੇ ਹਨ ਪਰ ਰੋਟੀ ਲਈ ਪੈਸੇ ਨਹੀਂ, ਫਿਰ ਵੀ ਸਰਕਾਰੀ ਯੋਜਨਾਵਾਂ ਜਿਵੇਂ ਸਫੁਰਤੀ ਤਹਿਤ ਸਹਾਇਤਾ ਮਿਲ ਰਹੀ ਹੈ। ਇਹ ਕੋਸ਼ਿਸ਼ਾਂ ਨਾਲ ਆਸ ਹੈ ਕਿ ਇਹ ਅਨਮੋਲ ਕਲਾ ਬਚ ਜਾਵੇ ਅਤੇ ਨਵੀਂ ਪੀੜ੍ਹੀ ਨਾਲ ਜੁੜੇ। ਹੁਸ਼ਿਆਰਪੁਰ ਦੀ ਇਨਲੇਅ ਕਲਾ ਨੂੰ ਬਚਾਉਣਾ ਸਾਡੀ ਸੱਭਿਆਚਾਰਕ ਜ਼ਿੰਮੇਵਾਰੀ ਹੈ।

# ਪੰਜਾਬ ਦਾ ਪੈਰਿਸ ਕਪੂਰਥਲਾ ਦਾ ਜਗਤਜੀਤ ਮਹੱਲ

**ਪੀ.ਕੇ. ਮਿਸ਼ਰਾ**

## ਕਪੂਰਥਲਾ ਦੇ ਮਹਾਰਾਜਾ ਅਤੇ ਉਨ੍ਹਾਂ ਦਾ ਸੁਪਨਾ

ਇੱਕ ਸਦੀ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਆਹਲੂਵਾਲੀਆ ਖਾਨਦਾਨ ਦੀ ਰਾਜਧਾਨੀ ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਇਥੇ ਆਪਣਾ ਵਰਸਾਏ (ਫਰਾਂਸ ਦੇ ਸੁੰਦਰ ਸ਼ਹਿਰ) ਵਰਗਾ ਸ਼ਹਿਰ ਬਣਾਉਣ ਦਾ ਸੁਪਨਾ ਦੇਖਿਆ ਸੀ। 1872 ਵਿੱਚ ਜਨਮੇ, ਬਰਤਾਨੀਆ ਵਿਚ ਪੜ੍ਹੇ ਤੇ ਦਿਲੋਂ ਭਾਰਤੀ ਹੋਣ ਦੇ ਬਾਵਜੂਦ ਉਹ ਪੂਰੀ ਤਰ੍ਹਾਂ ਯੂਰਪੀ ਰੁਚੀਆਂ ਰੱਖਣ ਵਾਲੇ ਸਨ। ਜਗਤਜੀਤ ਸਿੰਘ ਨੇ ਪੈਰਿਸ, ਲੰਡਨ ਅਤੇ ਰੋਮ ਦੀ ਯਾਤਰਾ ਕੀਤੀ ਅਤੇ ਕਲਾਕਾਰਾਂ, ਵਾਸਤੂਕਾਰਾਂ ਅਤੇ ਰਾਜਨਾਇਕਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ ਨੂੰ ਨਾ ਪੈਰਿਸ ਦੀਆਂ ਮੁੱਖ ਸੜਕਾਂ ਅਤੇ ਸੈਲੂਨ ਨਾਲ, ਸਗੋਂ ਯੂਰਪ ਦੇ ਮੂਲ ਵਿਚਾਰ ਨਾਲ ਵੀ ਪ੍ਰੇਮ ਹੋ ਗਿਆ ਸੀ। ਜਦੋਂ ਉਹ ਪੰਜਾਬ ਵਿੱਚ ਆਪਣੀ ਛੋਟੀ ਜਿਹੀ ਰਿਆਸਤ ਵਿੱਚ ਆਏ, ਤਾਂ ਆਪਣੇ ਨਾਲ ਉਸ ਸੁਪਨੇ ਦਾ ਖਾਕਾ ਵੀ ਲੈ ਕੇ ਆਏ। ਇੱਕ ਇਸ ਤਰ੍ਹਾਂ ਦਾ ਮਹੱਲ ਜੋ ਸਰਬੋਤਮ ਮਹੱਲਾਂ ਨੂੰ ਟੱਕਰ ਦੇ ਸਕੇ, ਜੋ ਨਾ ਸਿਰਫ਼ ਪੱਥਰ ਨਾਲ ਬਣਿਆ ਹੋਵੇ, ਸਗੋਂ ਕਲਪਨਾ ਨਾਲ ਵੀ ਬਣਿਆ ਹੋਵੇ।

ਉਨ੍ਹਾਂ ਨੇ ਪ੍ਰਸਿੱਧ ਫਰਾਂਸੀਸੀ ਵਾਸਤੂਕਾਰ ਐਮ. ਮਾਰਸੇਲ ਨੂੰ ਇਹ ਕੰਮ ਸੌਂਪਿਆ ਅਤੇ 1900 ਵਿੱਚ ਕੰਮ ਸ਼ੁਰੂ ਹੋ ਗਿਆ। ਦੂਰ-ਦੂਰ ਤੋਂ ਸਮੱਗਰੀ ਅਤੇ ਕਾਰੀਗਰ ਲਿਆਂਦੇ ਗਏ। ਰਾਜਸਥਾਨ ਤੋਂ ਸੰਗਮਰਮਰ, ਬੈਲਜੀਅਮ ਤੋਂ ਝੂਮਰ, ਵੀਨਸ ਤੋਂ ਸ਼ੀਸ਼ਾ ਆਦਿ। ਇਟਲੀ ਤੋਂ ਲਾਪੀਸ ਲਾਜੁਲੀ ਦੇ ਥੰਮ੍ਹ ਅਤੇ ਸੰਗਮਰਮਰ ਦੀਆਂ ਚਿਮਨੀਆਂ ਆਈਆਂ। ਫਰਾਂਸ ਤੋਂ ਨਾਜ਼ੁਕ ਪਲਾਸਟਰ ਅਤੇ ਫਰਨੀਚਰ ਅਤੇ ਹਾਲੈਂਡ ਤੋਂ ਸੈਲੂਨ ਦੀ ਸਜਾਵਟ ਲਈ ਚਿੱਤਰਕਾਰੀ। 1908 ਵਿਚ ਜਦੋਂ ਇਹ ਕੰਮ ਪੂਰਾ ਹੋਇਆ ਤਾਂ ਜਗਤਜੀਤ ਪੈਲੇਸ ਆਪਣੇ ਸੁੰਦਰ ਬ਼ਗੀਚਿਆਂ ਵਿੱਚ ਚਮਕਾਂ ਮਾਰਦਾ ਖੜ੍ਹਾ ਸੀ, ਜੋ ਪੂਰਬ ਅਤੇ ਪੱਛਮ ਦਾ ਇਕ ਦੁਰਲੱਭ ਮਿਲਣ ਸੀ।

ਵਰਸਾਏ ਅਤੇ ਫਾਨਟੇਨਬਲਿਊ ਦੀ ਤਰਜ਼ 'ਤੇ ਬਣਿਆ ਇਹ ਮਹੱਲ ਪੰਜਾਬ ਦੇ ਪੱਧਰੇ ਮੈਦਾਨਾਂ 'ਤੇ ਲਗਭਗ ਲਾਇਰ ਘਾਟੀ ਤੋਂ ਆਈ ਮ੍ਰਿਗਤ੍ਰਿਸ਼ਣਾ ਦੀ ਤਰ੍ਹਾਂ ਉੱਭਰਿਆ ਸੀ। ਇਸ ਦੇ ਮੂਹਰਲੇ ਹਿੱਸੇ 19ਵੀਂ ਸਦੀ ਦੀ ਫਰਾਂਸ ਦੀ ਬਿਊ-ਆਰਟਸ ਸ਼ੈਲੀ ਨਾਲ ਸਜੇ ਸਨ, ਜਿਨ੍ਹਾਂ 'ਤੇ ਲੂਵਰ ਦੀ ਤਰ੍ਹਾਂ ਆਂਡਾਕਾਰ ਖਿੜਕੀਆਂ ਵਾਲੀਆਂ ਮੈਨਸਾਰਡ ਛੱਤਾਂ ਸਨ। ਸਵਾਗਤ ਕਮਰੇ ਦਾ ਨਾਂਅ ਸੂਰਜ ਰਾਜਾ ਲੂਈ 14ਵੇਂ ਦੇ ਨਾਂਅ 'ਤੇ ਰੱਖਿਆ ਗਿਆ ਸੀ, ਜਿਨ੍ਹਾਂ ਦੇ ਸ਼ਾਸਨਕਾਲ ਨੇ ਫਰਾਂਸੀਸੀ ਦਰਬਾਰ ਦੀ ਸੁੰਦਰਤਾ ਨੂੰ ਪ੍ਰੀਭਾਸ਼ਿਤ ਕੀਤਾ ਸੀ।

ਉਦੋਂ ਲੋਕ ਇਸ ਨੂੰ ਪੰਜਾਬ ਦਾ ਪੈਰਿਸ ਕਹਿੰਦੇ ਸਨ। ਆਉਣ ਵਾਲਿਆਂ ਨੂੰ ਇਹ ਇਕ ਇਸ ਤਰ੍ਹਾਂ ਦੇ ਵਿਅਕਤੀ ਦੀ ਕਿਰਤ ਪ੍ਰਤੀਤ ਹੁੰਦੀ ਸੀ ਜੋ ਸਮੇਂ ਨੂੰ ਰੋਕ ਦੇਣ ਲਈ ਦ੍ਰਿੜ੍ਹ ਸੀ। ਇੱਕ ਇਸ ਤਰ੍ਹਾਂ ਦਾ ਮਹੱਲ ਜਿਸ ਦਾ ਬਾਹਰੀ ਹਿੱਸਾ ਫ੍ਰੈਂਚ ਅਤੇ ਆਤਮਾ ਪੰਜਾਬੀ ਬੋਲਦੀ ਸੀ। ਪੰਜਾਬ ਦਾ ਪੈਰਿਸ

ਜਗਤਜੀਤ ਮਹੱਲ ਦਾ ਮੂਹਰਲਾ ਹਿੱਸਾ ਖ਼ਸਤਾ ਹਾਲ ਵਿੱਚ ਵੀ ਮਨਮੋਹਕ ਬਣਿਆ ਹੋਇਆ ਹੈ। ਇਸ ਦੇ ਨਵੇਂ ਸ਼ਾਨਦਾਰ ਥਮਲੇ, ਮਹਿਰਾਬਦਾਰ ਖਿੜਕੀਆਂ ਅਤੇ ਬਾਂਸੁਰੀਨੁਮਾ ਥੰਮ੍ਹ ਸੀਨ ਨਦੀ ਦੇ ਕੰਢਿਆਂ ਦੇ ਨਾਲ-ਨਾਲ ਦੁਆਬੇ ਦੇ ਮੈਦਾਨਾਂ ਨਾਲ ਵੀ ਜੁੜੇ ਹੋਏ ਪ੍ਰਤੀਤ ਹੁੰਦੇ ਹਨ। ਰਾਜਾ ਸਾਲ ਦਾ ਜ਼ਿਆਦਾਤਰ ਸਮਾਂ ਯੂਰਪ ਵਿੱਚ ਬਿਤਾਉਂਦੇ ਸਨ। ਉਹ ਉਥੇ ਓਪੇਰਾ ਦੇਖਦੇ, ਕਲਾਕ੍ਰਿਤੀਆਂ ਖਰੀਦਦੇ ਅਤੇ ਹਰ ਸਰਦੀਆਂ ਵਿੱਚ ਕਪੂਰਥਲਾ ਆਉਂਦੇ ਸਨ। ਉਨ੍ਹਾਂ ਦੇ ਟਰੰਕ ਫ਼ਰਨੀਚਰ, ਟੈਪੇਸਟ੍ਰੀ ਅਤੇ ਇਤਰ ਨਾਲ ਭਰੇ ਹੁੰਦੇ ਸਨ। ਦਰਬਾਰ ਦੀ ਭਾਸ਼ਾ ਫ੍ਰਾਂਸੀਸੀ ਸੀ। ਉਨ੍ਹਾਂ ਦੇ ਮੰਤਰੀ ਉਨ੍ਹਾਂ ਨੂੰ ਵਾਲਟੇਅਰ ਦੀ ਭਾਸ਼ਾ ਵਿੱਚ ਸੰਬੋਧਿਤ ਕਰਦੇ ਸਨ।

ਉਹ ਚੀਨੀ ਮਿੱਟੀ ਦੇ ਭਾਂਡਿਆਂ ਵਿੱਚ ਭੋਜਨ ਕਰਦੇ ਸਨ, ਫਰਾਟੇਦਾਰ ਫ੍ਰਾਂਸੀਸੀ ਬੋਲਦੇ ਸਨ ਅਤੇ ਯੂਰਪੀ ਰਾਜ ਘਰਾਣਿਆਂ ਦੇ ਨਾਲ ਪੱਤਰ-ਵਿਹਾਰ ਕਰਦੇ ਸਨ। ਫਿਰ ਵੀ ਆਪਣੇ ਪੱਛਮੀ ਲਿਬਾਸ ਦੇ ਬਾਵਜੂਦ ਜਗਤਜੀਤ ਸਿੰਘ ਕਦੀ ਆਪਣੀਆਂ ਜੜ੍ਹਾਂ ਤੋਂ ਵੱਖ ਨਹੀਂ ਹੋਏ।

ਉਨ੍ਹਾਂ ਦੇ ਪੋਤੇ, ਬ੍ਰਿਗੇਡੀਅਰ ਸੁਖਜੀਤ ਸਿੰਘ ਅਨੁਸਾਰ ਮਹੱਲ ਇੱਕ ਸ਼ਾਂਤ ਯਾਦਗਾਰ ਘੱਟ ਅਤੇ ਇੱਕ ਲਗਾਤਾਰ ਗਤੀਸ਼ੀਲ ਥਾਂ ਜ਼ਿਆਦਾ ਸੀ। ਕਲਰਕ, ਪਹਿਰੇਦਾਰ, ਸੇਵਾਦਾਰ ਅਤੇ ਸੰਗੀਤਕਾਰ ਇਨ੍ਹਾਂ ਦੇ ਕਮਰਿਆਂ ਵਿੱਚ ਕਿਸੇ ਸੁੰਦਰ ਬੈਲੇ ਦੇ ਪਾਤਰਾਂ ਦੀ ਤਰ੍ਹਾਂ ਘੁੰਮਦੇ ਰਹਿੰਦੇ ਸਨ। ਸ਼ਾਮ ਸਮੇਂ ਦਰਬਾਰ ਹਾਲ ਇੱਕ ਬਾਲਰੂਮ ਵਿੱਚ ਬਦਲ ਜਾਂਦਾ ਸੀ, ਜਿਥੇ ਮਹਾਰਾਜਾ ਚਮਕਦੇ ਝੂਮਰਾਂ ਅਤੇ ਛੱਤ 'ਤੇ ਲੱਗੇ ਰੰਗ-ਬਰੰਗੇ ਤਾਰਿਆਂ ਦੇ ਹੇਠਾਂ ਡਾਂਸ ਦੀ ਸ਼ੁਰੂਆਤ ਕਰਦੇ ਸਨ।



ਦੀਵਾਰਾਂ ਦੇ ਅੰਦਰ ਦੀ ਦੁਨੀਆ

ਯੂਰਪ ਪ੍ਰਤੀ ਉਨ੍ਹਾਂ ਦੀ ਖਿੱਚ ਉਨ੍ਹਾਂ ਦੇ ਨਿੱਜੀ ਜੀਵਨ ਤੱਕ ਵੀ ਫੈਲੀ ਹੋਈ ਸੀ। 1906 ਵਿੱਚ ਮੈਡ੍ਰਿਡ ਵਿੱਚ ਰਾਜਾ ਅਲਫੋਂਸੋ 13ਵੇਂ ਦੇ ਵਿਆਹ ਵਿੱਚ ਸ਼ਾਮਿਲ ਹੋਣ ਸਮੇਂ ਜਗਤਜੀਤ ਸਿੰਘ ਨੂੰ ਗਰੈਨ ਕੂਰਸਾਲ ਕੈਬਰੇ ਵਿੱਚ ਪੇਸ਼ਕਾਰੀ ਦੇ ਰਹੀ ਇੱਕ ਨੌਜਵਾਨ ਸਪੇਨ ਦੀ ਨ੍ਰਿਤਕੀ ਅਨੀਤਾ ਡੇਲਗਾਡੋ ਨਾਲ ਪ੍ਰੇਮ ਹੋ ਗਿਆ। ਪੱਤਰਾਂ ਅਤੇ ਤੋਹ਼ਫ਼ਿਆਂ ਜ਼ਰੀਏ ਹੋਏ ਇੱਕ ਸੰਖੇਪ ਪ੍ਰੇਮ-ਪ੍ਰਸੰਗ ਤੋਂ ਬਾਅਦ 16 ਸਾਲਾ ਅਨੀਤਾ ਨੂੰ ਪੈਰਿਸ ਲੈ ਜਾਇਆ ਗਿਆ, ਜਿੱਥੋਂ 1908 ਵਿੱਚ ਉਹ ਕਪੂਰਥਲਾ ਦੀ ਮਹਾਰਾਣੀ ਪ੍ਰੇਮ ਕੌਰ ਬਣ ਕੇ ਵਿੱਚ ਭਾਰਤ ਪਹੁੰਚੀ। ਮਹੱਲ ਦੇ ਅੰਦਰ ਰੋਜ਼ ਜੀਵਨ ਰੰਗਮੰਚ ਦੀ ਤਰ੍ਹਾਂ ਚਲ ਰਿਹਾ ਸੀ। ਮਹਾਰਾਜਾ ਦੇ ਦਰਬਾਰੀ ਸੰਗੀਤਕਾਰ ਸੁਰ ਵਿੱਚ ਸਿਤਾਰ ਅਤੇ ਵਾਇਲਿਨ ਵਜਾਉਂਦੇ ਸਨ। ਉਨ੍ਹਾਂ ਦੇ ਰਸੋਈਏ ਪੰਜਾਬੀ ਪਕਵਾਨ ਅਤੇ ਫਰਾਂਸੀਸੀ ਪੇਸਟਰੀ, ਦੋਵੇਂ ਤਿਆਰ ਕਰਦੇ ਸਨ। ਉਨ੍ਹਾਂ ਦੇ ਮਹਿਮਾਨ ਫਰਾਂਸੀਸੀ ਰਾਜਿਆਂ ਅਤੇ ਸਿੱਖ ਵਡੇਰਿਆਂ, ਦੋਵਾਂ ਦੇ ਚਿੱਤਰਾਂ ਦੇ ਹੇਠਾਂ ਬੈਠ ਕੇ ਰਾਜਨੀਤੀ 'ਤੇ ਬਹਿਸ ਕਰਦੇ ਸਨ। ਜਗਜੀਤ ਸਿੰਘ ਦਾ ਮਹੱਲ ਸੱਭਿਅਤਾਵਾਂ ਵਿਚਾਲੇ ਇੱਕ ਪੁਲ ਬਣ ਗਿਆ ਸੀ। ਫਿਰ ਵੀ, ਵਿਲਾਸਿਤਾ ਦੀ ਤਹਿ ਦੇ ਹੇਠਾਂ ਇੱਕ ਯੁੱਗ ਦੇ ਅੰਤ ਦਾ ਸ਼ਾਂਤ ਵਿਸ਼ਾਦ ਲੁਕਿਆ ਸੀ। ਰਾਜਕੁਮਾਰਾਂ, ਮਹੱਲਾਂ ਅਤੇ ਪਰਦਿਆਂ ਦੀ ਦੁਨੀਆ ਲੁਪਤ ਹੋ ਰਹੀ ਸੀ ਅਤੇ ਛੇਤੀ ਹੀ ਆਜ਼ਾਦੀ ਅਤੇ ਐਸ਼ੋਇਸ਼ਰਤ ਦੀ ਫਜ਼ੂਲ ਖਰਚੀ ਨੇ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਸੀ। ਦੁਨੀਆ ਦੀ ਬਦਲਦੀ ਨੁਹਾਰ ਦੇ ਸਾਹਮਣੇ ਕਪੂਰਥਲਾ ਦੀ ਸੁੰਦਰਤਾ ਨੂੰ ਵੀ ਫਿੱਕੀ ਪੈਣ ਲੱਗੀ ਸੀ। ਜਦੋਂ ਬਰਤਾਨਵੀ ਸਾਮਰਾਜ ਦਾ ਪਤਨ ਹੋਇਆ ਤਾਂ ਉਸ ਦੀ ਛਤਰਛਾਇਆ ਹੇਠ ਰਹਿਣ ਵਾਲੀਆਂ ਛੋਟੀਆਂ ਰਿਆਸਤਾਂ ਵੀ ਲੁਪਤ ਹੋ ਗਈਆਂ।

(ਬਾਕੀ ਸ਼ਫ਼ਾ 26 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਦਿੱਲੀ ਫ਼ਤਹਿ ਦਿਵਸ 'ਤੇ ਵਿਸ਼ੇਸ਼

# ਸਿੱਖ ਜਰਨੈਲਾਂ ਵੱਲੋਂ ਦਿੱਲੀ ਫ਼ਤਹਿ

ਅੱਠਾਰਵੀਂ ਸਦੀ ਦੇ ਅੱਧ ਤੱਕ ਉੱਤਰੀ ਭਾਰਤ ਵਿੱਚ , ਸਿੱਖਾਂ ਦੀ ਸ਼ਕਤੀ ਉਭਰ ਕੇ ਆਈ। ਲੰਬੀਆਂ ਜੰਗਾਂ ਤੋਂ ਬਾਅਦ ਮੁਗਲ ਥੱਕ ਚੁੱਕੇ ਸਨ।ਮਰਾਠੇ 1761 ਦੀ ਪਾਣੀਪਤ ਦੀ ਜੰਗ ਅਬਦਾਲੀ ਤੋਂ ਹਾਰ ਚੁੱਕੇ ਸਨ। ਰੁਹੇਲਾਂ ਦੀ ਤਾਕਤ ਵੀ ਘੱਟਦੀ ਜਾ ਰਹੀ ਸੀ। ਇਸ ਕਰਕੇ ਦਿੱਲੀ ਦਾ ਸਿੰਘਾਸਨ ਡਾਵਾਂਡੋਲ ਸੀ, ਪਰ ਇਸ ਸਥਿਤੀ ਵਿੱਚ ਸਿੱਖ ਬਾਰਾਂ ਮਿਸਲਾਂ ਵਿੱਚ ਸੰਗਠਿਤ ਹੋ ਚੁੱਕੇ ਸਨ। ਉਹ ਆਪਣੇ ਆਪਣੇ ਅਜ਼ਾਦ ਖੇਤਰ ਵਿੱਚ ਛੋਟੇ ਛੋਟੇ ਸਰਦਾਰ ਨਵਾਬਾਂ ਤੋਂ ਮਹਿਸੂਲ ਵਸੂਲ ਕਰਨ ਲੱਗੇ। ਸਿੱਖਾਂ ਦੇ ਮਨਾਂ ਵਿੱਚ ਮੁਗਲਾਂ ਦੇ ਵਿਦੇਸ਼ੀ ਹਮਲਿਆਂ ਦਾ ਰੋਹ ਸੀ।ਕੁਪਰਹੀੜੇ ਦੇ ਮੈਦਾਨ ਵਿੱਚ ਅਬਦਾਲੀ ਨੇ 30 ਹਜ਼ਾਰ ਤੋਂ ਉਪਰ ਸਿੱਖਾਂ ਦਾ ਭਾਰੀ ਕਤਲੇਆਮ ਕੀਤਾ ਸੀ। ਉਪਰੰਤ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲੈਣਾ ਸੀ।



ਸਿੱਖਾਂ ਦੇ ਮੁਕਾਬਲੇ ਵਿੱਚ ਕਮਜੌਰ ਮੁਗਲ ਸ਼ਾਸ਼ਕ ਸ਼ਾਹ ਆਲਮ ਦੂਜਾ ਸੀ। ਹਰ ਸ਼ਾਸ਼ਕ ਦੀ ਨਜ਼ਰ ਹੁਣ ਦਿੱਲੀ ਦੇ ਸਿੰਘਾਸਨ 'ਤੇ ਸੀ। ਯਮੁਨਾ, ਸਤਿਲੁੱਜ ਖੇਤਰ ਵਿੱਚ ਸਿੱਖਾਂ ਦੇ ਮੁਕਾਬਲੇ ਕੋਈ ਵੀ ਨਹੀ ਸੀ। ਸਾਰਾ ਖੇਤਰ ਸਿੱਖਾਂ ਲਈ ਖੁੱਲ੍ਹਾ ਸੀ। ਕਰੋੜਸਿੰਘੀਆਂ ਮਿਸਲ ਦਾ ਸਰਦਾਰ ਬਘੇਲ ਸਿੰਘ ਦੱਖਣ ਪੂਰਬੀ ਪੰਜਾਬ ਵਿੱਚ ਸ਼ਕਤੀਸ਼ਾਲੀ ਸੀ। ਜਿਸਦਾ ਜਨਮ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਕਰੋੜਸਿੰਘੀਆਂ ਮਿਸਲ ਦੇ ਸਰਦਾਰ ਬਣੇ।ਉਹ ਇਕ ਸੁਲਝਿਆ ਰਾਜਨੀਤੀਵਾਨ, ਕੁਸ਼ਲ ਨੀਤੀਵਾਨ, ਬਹਾਦਰ ਬੁਲਾਰਾ ਸੀ। ਉਹ ਨਿਡਰ ਸੀ ਤੇ ਉਸ ਕੋਲ 12 ਹਜ਼ਾਰ ਘੋੜ ਸਵਾਰ ਫੌਜ਼ ਸੀ। ਦੁਸ਼ਮਣ ਵੀ ਜਾਣ ਗਏ ਸਨ ਕਿ ਹੁਣ ਜਿੱਤਾਂ ਤਾਂ ਇਸਦੀ ਕਿਸਮਤ ਵਿੱਚ ਹਨ। ਉਸਨੇ ਦਿੱਲੀ ਦੇ ਆਲੇ ਦੁਆਲੇ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਜਿਵੇਂ ਮੇਰਠ, ਖੁਜ਼ਰਾ,ਅਲੀਗੜ੍ਹ, ਸ਼ਿਕੋਹਾਬਾਦ, ਫਾਰੂਖਬਾਦ, ਆਗਰਾ ਆਦਿ।ਅਪ੍ਰੈਲ 1775 ਵਿੱਚ ਉਸਨੇ ਸਹਾਰਨਪੁਰ 'ਤੇ ਕਬਜ਼ਾ ਕਰ ਲਿਆ। ਫਿਰ 1776 ਵਿੱਚ ਮੁਜ਼ਫਰਨਗਰ ਵਿਖੇ ਮੁਗਲਾਂ ਨੂੰ ਕਰਾਰੀ ਹਾਰ ਦਿੱਤੀ। ਇਸ ਤਰਾਂ ਉਸਦਾ ਯਮੁਨਾ , ਗੰਗਾ , ਦੁਆਬ ਤਕ ਕਾਫੀ ਪ੍ਰਭਾਵ ਫੈਲ ਗਿਆ। ਸ਼ਾਹਦਰਾਂ ਵੀ ਉਸਨੇ ਜਿੱਤ ਲਿਆ ਸੀ। ਜੁਲਾਈ 1775 ਨੂੰ ਪਹਾੜ੍ਹਗੰਜ , ਜੈ ਸਿੰਘ ਪੁਰਾ 'ਤੇ ਕਬਜ਼ਾ ਕੀਤਾ ਸੀ। ਉਸਦਾ ਨਿਸ਼ਾਨਾ ਦਿੱਲੀ ਫਤਹਿ ਕਰਨ ਦਾ ਹੀ ਸੀ।ਅਨਾਜ਼-ਰਸਦ ਦੀ ਕਮੀ ਕਰਕੇ ਕੁਝ ਸਮੇਂ ਲਈ ਉਸਨੇ ਹਮਲੇ ਰੋਕ ਦਿੱਤੇ ਸਨ। ਉਸਨੇ ਦਿੱਲੀ ਦੇ ਦੁਆਲੇ ਹੀ ਡੇਰੇ ਲਾ ਲਏ ਸਨ।1783 ਦੇ ਸ਼ੁਰੂ ਵਿੱਚ ਲਾਲ ਕਿਲੇ 'ਤੇ ਕਬਜ਼ਾ ਕਰਨ ਦੀ ਤਿਆਰੀ ਵਿੱਚ 60 ਹਜ਼ਾਰ ਦੀ ਫੌਜ਼ ਇਕੱਠੀ ਕਰ ਲਈ। ਜਿਸ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਗਾਜ਼ੀਆਬਾਦ ਇੱਕਠੇ ਹੋ ਕੇ ਹਮਲਾ ਕਰਨ ਲਈ ਇਕੱਤਰ ਹੋਏ।ਉਨ੍ਹਾਂ ਦਿੱਲੀ ਲੁੱਟ ਲਈ। ਤੁਰੰਤ ਰਕਮ ਦਾ ਦਸਵੰਦ ਹਰਿਮੰਦਰ ਸਾਹਿਬ ਦੀ ਸ਼ਾਨ ਵਧਾਉਣ ਲਈ ਭੇਜ ਦਿੱਤਾ।ਮਾਰਚ 8, 1783 ਨੂੰ ਮੁਲਕਗੰਜ ਤੇ ਸਬਜ਼ੀ ਮੰਡੀ 'ਤੇ ਕਬਜ਼ਾ ਕੀਤਾ। ਮਿਰਜ਼ਾ ਸਿਕੋਹ ਨੇ ਮੁਕਾਬਲਾ ਕਰਨਾ ਚਾਹਿਆ ਪਰ ਮੈਦਾਨ ਛੱਡ ਕੇ ਭੱਜ ਗਿਆ। ਮਾਰਚ 9, 1783 ਨੂੰ ਅਜਮੇਰੀ ਗੇਟ ਸਰ ਕੀਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ 10 ਹਜ਼ਾਰ ਦੀ ਫੌਜ਼ ਲੈ ਕੇ ਆਣ ਮਿਲਿਆ, ਜਿਥੇ ਬਾਬਾ ਬਘੇਲ ਸਿੰਘ ਜੀ ਨੇ 30 ਹਜ਼ਾਰ ਘੋੜਿਆਂ ਦਾ ਕੈਂਪ ਲਗਾਇਆ ਹੋਇਆ ਸੀ, ਉਸ ਨੂੰ ਤੀਸ ਹਜ਼ਾਰੀ ਕਿਹਾ ਜਾਂਦਾ ਹੈ।ਮਾਰਚ 8, 1873 ਨੂੰ ਲਾਲ ਕਿਲੇ 'ਤੇ ਕਬਜ਼ਾ ਕਰਨ ਦੀ ਵਿਉਤ ਬਣਾਈ । ਤਦ ਨੇੜਲੇ ਪਿੰਡ ਦੇ ਇਕ ਵਿਅਕਤੀ ਨੇ ਉਹ ਜਗ੍ਹਾ ਦਿਖਾਈ, ਜਿਥੇ ਕਿਲੇ ਦੀ ਦੀਵਾਰ ਕਮਜੌਰ ਪੈ ਕੇ ਧੱਸ ਚੁੱਕੀ ਸੀ। ਸਿੰਘਾਂ ਨੇ ਲੱਕੜੀ ਦੀ ਇਕ ਭਾਰੀ ਲੱਠ ਨਾਲ ਦੀਵਾਰ ਤੋੜ ਕੇ ਰਸਤਾ ਬਣਾ ਲਿਆ ਅਤੇ ਅੰਦਰ ਜਾ ਵੜੇ। ਜਿਥੇ ਮੋਰੀ ਗੇਟ ਅੰਤਰਰਾਜੀ ਬੱਸ ਅੱਡਾ ਦਿੱਲੀ ਹੈ। ਮਾਰਚ 11, 1783 ਨੂੰ ਸਿੰਘਾਂ ਨੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਦਿਤਾ। ਤਖਤ ਦੀਵਾਨੇ -ਆਮ 'ਤੇ ਕਬਜ਼ਾ ਕਰ ਲਿਆ।ਜਿਥੇ ਬੈਠ ਕੇ ਬਾਦਸ਼ਾਹ ਪਰਜਾਂ ਦੀਆਂ ਫਰਿਆਦਾਂ ਸੁਣਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਤਖਤ 'ਤੇ ਬੈਠਾਉਣਾ ਚਾਹਿਆ ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਵਿਰੋਧ ਕੀਤਾ, ਇਸ ਤੋਂ ਪਹਿਲਾਂ ਕਿ ਸਥਿਤੀ ਵਿਗੜ ਜਾਂਦੀ, ਜੱਸਾ ਸਿੰਘ ਆਹਲੂਵਾਲੀਆ ਨੇ ਤਖਤ ਛੱਡ ਦਿਤਾ।

ਬਾਦਸ਼ਾਹ ਨੇ ਸੰਧੀ ਕਰ ਲਈ ਕਿ ਤਿੰਨ ਲੱਖ ਦਾ ਖਰਚਾ ਭਰੇਗਾ। ਕੋਤਵਾਲੀ ਵਾਲੀ ਥਾਂ ਸਰਦਾਰ ਬਘੇਲ ਸਿੰਘ ਜੀ ਨੂੰ ਦੇ ਦਿਤੀ। ਇਤਿਹਾਸਿਕ ਗੁਰਦੁਆਰਿਆਂ ਦੀ ਮਨਜ਼ੂਰੀ ਦਿਤੀ। ਸਰਦਾਰ ਬਘੇਲ ਸਿੰਘ ਨੇ ਚਾਰ ਹਜ਼ਾਰ ਫੌਜ਼ ਕੋਲ ਰੱਖ ਲਈ, ਬਾਕੀ ਵਾਪਿਸ ਭੇਜ ਦਿਤੀ। ਜਦ ਤਕ ਇਤਿਹਾਸਿਕ ਗੁਰਦੁਆਰਿਆਂ ਦੀ ਉਸਾਰੀ ਮੁਕੰਮਲ ਨਹੀ ਹੁੰਦੀ, ਖਰਚਾ ਬਾਦਸ਼ਾਹ ਦੇਣਾ ਮੰਨ ਗਿਆ। ਦਿੱਲੀ ਵਿੱਚ ਅਮਨ ਚੈਨ ਪਰਤ ਆਇਆ। ਸਿੰਘ ਪਰਜ਼ਾ ਦੀ ਰਾਖੀ ਲਈ ਦਿੱਲੀ ਵਿੱਚ ਗਸ਼ਤ ਕਰਨ ਲੱਗੇ। ਮੁਗਲ ਹਕੂਮਤ ਨੂੰ ਬੜੀ ਢਾਅ ਲੱਗੀ। ਬਾਬਾ ਬਘੇਲ ਸਿੰਘ ਜੀ ਇਕ ਸਾਲ ਵਿੱਚ ਇਤਿਹਾਸਿਕ ਗੁਰਦੁਆਰੇ ਮੁਕੰਮਲ ਕਰਕੇ ਆਪਣੀ ਮਿਸਲ ਨੂੰ ਮੁੜ ਗਏ।

ਦਿੱਲੀ ਵਿੱਚ ਉਸਾਰੇ ਗਏ ਗੁਰਦੁਆਰਿਆਂ ਦੀ ਸੂਚੀ :

1. ਗੁਰਦੁਆਰਾ ਮਾਤਾ ਸੁੰਦਰੀ ਜੀ
2. ਗੁਰਦੁਆਰਾ ਬੰਗਲਾ ਸਾਹਿਬ ਜੀ
3. ਗੁਰਦੁਆਰਾ ਬਾਲਾ ਸਾਹਿਬ ਜੀ
4. ਗੁਰਦੁਆਰਾ ਰਕਾਬ ਗੰਜ ਜੀ,
5. ਗੁਰਦੁਆਰਾ ਸੀਸ ਗੰਜ ਜੀ
6. ਗੁਰਦੁਆਰਾ ਮੋਤੀ ਬਾਗ ਜੀ
7. ਗੁਰਦੁਆਰਾ ਮੰਜਨੂੰ ਕਾ ਟੀਲਾ ਜੀ

ਅੰਤਿਕਾ : ਬਾਬਾ ਬਘੇਲ ਸਿੰਘ ਜੀ ਜਿਥੇ ਨਿੱਡਰ ਯੋਧਾ ਸਨ, ਉਥੇ ਸਿੱਖ ਧਰਮ ਦੀ ਆਸਥਾ ਦਾ ਜਨੂੰਨ ਸੀ। ਸਿੱਖ ਧਰਮ ਪ੍ਰਚਾਰ ਲਈ, ਉਨ੍ਹਾਂ ਦਿੱਲੀ ਵਿੱਚ ਸੱਤ ਗੁਰਦੁਆਰਿਆਂ ਦੀ ਉਸਾਰੀ ਬੜੀ ਸ਼ਰਧਾ ਭਾਵਨਾ ਨਾਲ ਕਰਵਾਈ। ਉਹ ਜਾਣ ਗਏ ਸਨ ਕਿ ਦਿੱਲੀ ਦਾ ਰਾਜ ਪ੍ਰਬੰਧ ਚਲਾਉਣ ਲਈ ਅਹਿਲਕਾਰ ਨਹੀ ਹਨ। ਆਪਣੀ ਮਿਸਲ ਦੀ ਸਥਾਪਤੀ ਕਰਨੀ ਉਹਨਾਂ ਬੇਹਤਰ ਸਮਝੀ । ਮਿਸਲ ਦੀ ਸਥਾਪਤੀ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਉਹ ਹਮੇਸ਼ਾ ਸਮਰਪਿਤ ਰਹੇ। ਅਜਿਹੇ ਹਾਲਾਤ ਦੇਖਦਿਆਂ ਉਨ੍ਹਾਂ ਨੇ ਦਿੱਲੀ ਛੱਡ ਦਿਤੀ।




# ਇੱਕ ਫ਼ੁੱਲ ਕੱਢਦਾ ਫ਼ੁੱਲਕਾਰੀ...

ਬਹਾਦਰ ਸਿੰਘ ਗੋਸਲ

ਫ਼ੁਲਕਾਰੀ ਸ਼ਬਦ ਪੰਜਾਬੀ ਸੱਭਿਆਚਾਰ ਦੀ ਜਿੰਦ ਜਾਨ ਕਿਹਾ ਜਾ ਸਕਦਾ ਹੈ। ਸਦੀਆਂ ਤੋਂ ਪੰਜਾਬ ਦੇ ਪੇਂਡੂ ਖੇਤਰ ਵਿੱਚ ਹਰ ਖੁਸ਼ੀ ਦੇ ਮੌਕੇ ਫ਼ੁਲਕਾਰੀ ਦੀ ਸਰਦਾਰੀ ਰਹੀ ਹੈ। ਪੰਜਾਬ ਦੇ ਪਿੰਡਾਂ ਵਿੱਚ ਤਾਂ ਹਰ ਬੱਚੇ-ਬੁੱਢੇ, ਜਵਾਨ ਅਤੇ ਖਾਸ ਕਰਕੇ ਮੁਟਿਆਰਾਂ ਦੇ ਮੂੰਹ 'ਚੋਂ ਇਹ ਸ਼ਬਦ ਸਦਾ ਹੀ ਗੂੰਜਦਾ ਰਹਿੰਦਾ ਹੈ। ਜਿੰਨੀ ਸੋਹਣੀ ਫ਼ੁਲਕਾਰੀ ਦੀ ਦਿੱਖ ਹੁੰਦੀ ਹੈ ਉਸ ਤੋਂ ਕਿਤੇ ਵੱਧ ਇਸ ਦੇ ਨਾਂ ਵਿੱਚ ਹੀ ਮਿਠਾਸ ਭਰੀ ਪਈ ਹੈ। ਇੰਝ ਲੱਗਦਾ ਹੈ ਕਿ ਫ਼ੁਲਕਾਰੀ ਸ਼ਬਦ ਹੀ ਚਾਵਾਂ, ਰੀਝਾਂ ਅਤੇ ਖੁਸ਼ੀਆਂ ਦੀ ਬੁਣਤੀ ਵਿੱਚ ਅਜਿਹਾ ਬੁਣਿਆ ਗਿਆ ਹੈ ਕਿ ਇਹ ਹਰ ਇੱਕ ਨੂੰ ਖੁਸ਼ੀਆਂ ਵੰਡਦਾ ਹੈ, ਮਨ ਹੀ ਮਨ ਝੂਮਣ ਲਾ ਦਿੰਦਾ ਹੈ।

ਜੇ ਅਸੀਂ ਫ਼ੁਲਕਾਰੀ ਦੇ ਸ਼ਬਦੀ ਅਰਥ ਜਾਣਨੇ ਹੋਣ ਤਾਂ ਕਿਹਾ ਜਾਂਦਾ ਹੈ ਕਿ ਫ਼ੁਲਕਾਰੀ ਦਾ ਸਾਧਾਰਨ ਜਿਹਾ ਅਰਥ ਕਿਸੇ ਕੱਪੜੇ 'ਤੇ ਫ਼ੁੱਲ ਕੱਢਣਾ ਹੁੰਦਾ ਹੈ। ਫ਼ੁੱਲ ਆਪਣੇ ਆਪ ਵਿੱਚ ਹੀ ਖੁਸ਼ੀਆਂ ਦਾ ਗੁਲਦਸਤਾ ਹੁੰਦਾ ਹੈ, ਪਰ ਜੇ ਕੁਦਰਤੀ ਰੰਗਾਂ ਵਾਲੇ ਫ਼ੁੱਲਾਂ ਨੂੰ ਕੱਪੜੇ 'ਤੇ ਕਢਾਈ ਕਰਕੇ ਕੁਝ ਨਵੇਂ-ਨਵੇਂ ਡਿਜ਼ਾਇਨ ਬਣਾ ਕੇ ਉਤਾਰਿਆ ਜਾਵੇ ਤਾਂ ਗੱਲ ਕੁਝ ਹੋਰ ਹੀ ਬਣ ਜਾਂਦੀ ਹੈ। ਜੇ ਇਸ ਤੋਂ ਅੱਗੇ ਇਹ ਬਣਤਰ ਕਿਸੇ ਸੋਹਣੀ ਮੁਟਿਆਰਾਂ ਦੁਆਰਾ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਅਤੇ ਆਪਣੇ ਮਨ ਦੇ ਖੁਸ਼ੀਆਂ ਦੇ ਵਲਵਲਿਆਂ ਨੂੰ ਰੀਝਾਂ ਅਤੇ ਚਾਵਾਂ ਨਾਲ ਬਣਾਇਆ ਗਿਆ ਹੋਵੇ ਤਾਂ ਕੁਦਰਤ ਵੀ ਮਾਤ ਖਾ ਜਾਂਦੀ ਹੈ।

ਕਿਹਾ ਜਾਂਦਾ ਹੈ ਕਿ ਫ਼ੁਲਕਾਰੀ ਸ਼ਬਦ ਪੁਰਾਣੇ ਸਮੇਂ ਤੋਂ ਹੀ ਅੰਮ੍ਰਿਤਸਰ ਤੋਂ ਲੈ ਕੇ ਦਿੱਲੀ ਤੱਕ ਪੁਰਾਣੇ ਪੰਜਾਬ ਦੇ ਪੂਰੇ ਖੇਤਰ ਵਿੱਚ ਆਮ ਵਰਤਿਆ ਜਾਂਦਾ ਸੀ। ਇਸ ਦੇ ਨਾਲ ਹੀ ਫ਼ੁਲਕਾਰੀ ਕੱਢਣ ਦੀ ਕਲਾ ਪੰਜਾਬ ਭਰ ਦੀਆਂ ਜੋਬਨ ਮੱਤੀਆਂ ਮੁਟਿਆਰਾਂ ਦੀ ਰੂਹ ਦਾ ਹਿੱਸਾ ਹੁੰਦੀ ਸੀ। ਇੱਥੇ ਹੀ ਬਸ ਨਹੀਂ, ਇਹ ਸ਼ਬਦ ਬਹੁਤ ਹੀ ਪਿਆਰਿਆਂ ਅਤੇ ਸਤਿਕਾਰਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਵੀ ਆਪਣੇ ਇੱਕ ਸ਼ਬਦ ਵਿੱਚ ਇਸ ਬਾਰੇ ਬਿਆਨ ਕਰਦੇ ਹਨ ਅਤੇ ਕਹਿੰਦੇ ਹਨ;

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਤ੍ਰੀਮਤਾਂ ਵਿੱਚ ਕਸੀਦਾ ਕੱਢਣ ਦਾ ਗੁਣ ਕੁਦਰਤੀ ਤੌਰ 'ਤੇ ਵਿਆਪਕ ਹੁੰਦਾ ਹੈ। ਫ਼ੁਲਕਾਰੀ ਨੂੰ ਕੇਵਲ ਸਜਾਵਟੀ ਵਸਤੂ ਕਰਕੇ ਹੀ ਨਹੀਂ ਸਗੋਂ ਪ੍ਰੇਮ-ਪਿਆਰ ਦੀ ਇੱਕ ਵਿਆਪਕ ਲੜੀ ਵਜੋਂ ਵੀ ਜਾਣਿਆ ਜਾਂਦਾ ਸੀ। ਪੰਜਾਬੀ ਮੁਟਿਆਰਾਂ ਇਸ ਕਲਾ ਦਾ ਲਾਭ ਆਪਣੇ ਪ੍ਰੇਮੀਆਂ ਨੂੰ ਜਾ ਪ੍ਰਦੇਸੀ ਢੋਲ ਨੂੰ ਖੁਸ਼ ਕਰਨ ਲਈ ਵੀ ਵਰਤਦੀਆਂ ਸਨ ਅਤੇ ਇਸੇ ਕਰਕੇ ਪੰਜਾਬੀ ਸੱਭਿਆਚਾਰ ਦੀ ਉਦਾਹਰਣ ਦਿੰਦੀਆਂ ਹੋਈਆਂ ਉਹ ਕਹਿੰਦੀਆਂ ਸਨ;

ਮੈਂਡੇ ਸਿਰ ਫ਼ੁਲਕਾਰੀ ਆ
ਤੁਸੀਂ ਪਰਦੇਸ ਗਏ
ਜੋਬਨ ਕਿਸ ਕਾਰੀ ਆ।

ਇਸੇ ਤਰ੍ਹਾਂ ਬੜੇ ਲੰਬੇ ਸਮੇਂ ਤੋਂ ਵਿੱਛੜੇ ਆਪਣੇ ਢੋਲ ਨੂੰ ਬੇਨਤੀ ਕਰਦੀ ਹੋਈ ਕੋਈ ਜੋਬਨ ਮੱਤੀ ਮੁਟਿਆਰ ਫ਼ੁਲਕਾਰੀ ਦਾ ਵਾਸਤਾ ਪਾ ਕੇ ਕਹਿ ਦਿੰਦੀ ਸੀ;

ਕੌਲ ਫ਼ੁੱਲ ਮੈਂ ਕੱਢ ਕੇ
ਕਰਦੀ ਹਾਂ ਅਰਦਾਸ।
ਛੇਤੀ ਆ ਮਿਲ ਸੱਜਣਾ
ਭੁੱਲ, ਚੁੱਕ ਕਰਦੇ ਮੁਆਫ਼।

ਇਹ ਫ਼ੁਲਕਾਰੀ ਕੇਵਲ ਪ੍ਰੇਮੀ ਨੂੰ ਰੁਝਾਉਣ ਲਈ ਹੀ ਨਹੀਂ ਸੀ ਸਗੋਂ ਖੁਸ਼ੀਆਂ ਦੇ ਹਰ ਮੌਕਿਆਂ 'ਤੇ ਮੁਟਿਆਰਾਂ ਵੱਲੋਂ ਫ਼ੁਲਕਾਰੀ ਪਹਿਨੀ ਜਾਂਦੀ ਸੀ ਅਤੇ ਖਾਸ ਕਰਕੇ ਜਦੋਂ ਸਾਵਣ ਦੇ ਮਹੀਨੇ ਕਿਸੇ ਦਿਨ ਤਿਉਹਾਰ ਲਈ ਮੁਟਿਆਰਾਂ ਇਕੱਠੀਆਂ ਹੁੰਦੀਆਂ ਸਨ ਤਾਂ ਵੀ ਉਹ ਫ਼ੁਲਕਾਰੀ ਪਹਿਨ ਕੇ ਆਪਣੇ ਮਨਾਂ ਦੀ ਰੀਝ ਨੂੰ ਪੂਰੀ ਕਰਦੀਆਂ ਸਨ ਜਿਵੇਂ ਕਿਹਾ ਜਾਂਦਾ ਹੈ;

ਆਇਆ ਸਾਵਣ ਦਿਲ ਪ੍ਰਚਾਵਣ
ਝੜੀ ਲੱਗ ਗਈ ਭਾਰੀ।
ਝੂਟੇ ਲੈਂਦੀ ਰਾਣੋ ਭਿੱਜ ਗਈ
ਭਿੱਜਗੀ ਜੀਤੋ ਦੀ ਫ਼ੁਲਕਾਰੀ।
ਪੀਂਘ ਝੂਟਦੀ ਨਣਦ ਡਿੱਗ ਪਈ
ਨਾਲੇ ਨੂਰੀ ਨਾਭੇ ਵਾਲੀ।
ਬੱਦਲਾਂ ਨਾ ਵਰ੍ਹ ਵੇ
ਹੀਰ ਭਿੱਜਗੀ ਸਿਆਲਾਂ ਵਾਲੀ।

ਇਸੇ ਤਰ੍ਹਾਂ ਕਈ ਵਾਰ ਘਰ ਪਰਿਵਾਰਾਂ ਵਿੱਚ ਥੋੜ੍ਹੀ ਪਤੀ-ਪਤਨੀ ਵਿੱਚ ਨੋਕ-ਝੋਕ ਹੁੰਦੀ ਹੀ ਰਹਿੰਦੀ ਹੈ, ਪਰ ਕਈ ਵਾਰ ਤਾਂ ਇਹ ਨੋਕ-ਝੋਕ ਕੇਵਲ ਪੰਜਾਬੀ ਵਿਰਸੇ ਜਾਂ ਪੰਜਾਬੀ ਸੱਭਿਆਚਾਰ ਕਾਰਨ ਹੀ ਵਧ ਜਾਂਦੀ ਹੈ ਕਿਉਂਕਿ ਹਰ ਪਤੀ ਚਾਹੁੰਦਾ ਹੈ ਕਿ ਉਸ ਦੀ ਘਰਵਾਲੀ ਵਿੱਚ ਕਸੀਦਾ ਕੱਢਣ ਦੇ ਵਧੀਆ ਗੁਣ ਹੋਣੇ ਚਾਹੀਦੇ ਹਨ ਤਾਂ ਹੀ ਕਈ ਵਾਰ ਇੰਝ ਵੀ ਹੋ ਜਾਂਦਾ ਹੈ;

ਮੈਨੂੰ ਕਹਿੰਦਾ ਕੱਢਣਾ ਨੀਂ ਆਉਂਦਾ
ਮੈਂ ਕੱਢ ਲਈ ਫ਼ੁਲਕਾਰੀ
ਜਦ ਮੈਂ ਉਤੇ ਲਈ, ਤੈਂ ਹੂੰਗਰ ਕਿਉਂ ਮਾਰੀ।

ਅਜੋਕਾ ਪੰਜਾਬੀ ਸੱਭਿਆਚਾਰ ਆਪਣੇ ਪੁਰਾਣੇ ਰੰਗਾਂ ਤੋਂ ਕਾਫ਼ੀ ਦੂਰ ਜਾ ਰਿਹਾ ਹੈ। ਗੱਭਰੂ ਅਤੇ ਮੁਟਿਆਰ ਆਪਣੇ ਪੁਰਾਣੇ ਵਿਰਸੇ ਤੋਂ ਨੱਕ ਵੱਟ ਰਹੇ ਹਨ ਅਤੇ ਇਹੀ ਕਾਰਨ ਹੈ ਕਿ ਸੱਭਿਆਚਾਰਕ ਵਿਰਸੇ ਦੀਆਂ ਉਹ ਪੁਰਾਣੀਆਂ ਯਾਦਾਂ ਤਾਂ ਆਉਂਦੀਆਂਹਨ, ਪਰ ਉਹ ਦ੍ਰਿਸ਼ ਦੇਖਣ ਨੂੰ ਘੱਟ ਹੀ ਮਿਲਦੇ ਹਨ ਤਾਂ ਹੀ ਅੱਜਕੱਲ੍ਹ ਕਿਹਾ ਜਾਂਦਾ ਹੈ;

ਪਿਛਲਾ ਜੱਗ ਤਾਂ ਭੁੱਲ ਜਾਓ ਲੋਕੋ
ਹੁਣ ਫ਼ੈਸ਼ਨ ਨੇ ਮੱਤ ਮਾਰੀ
ਸੁੱਭਰੂ ਸਾਲੂ ਵਾਲੀ ਕੋਈ
ਦਿਸਦੀ ਨਹੀਂ ਹੁਣ ਨਾਰੀ
ਸੱਗੀ ਫ਼ੁੱਲ, ਡੰਡੀਆਂ ਕੋਕਰੂ
ਸਭ ਉੱਡਗੇ, ਮਾਰ ਉਡਾਰੀ
ਉੱਡਗੇ ਦੁਨੀਆ ਤੋਂ ਘੁੰਡ ਘੱਗਰੇ ਫ਼ੁਲਕਾਰੀ।

ਇਸ ਤਰ੍ਹਾਂ ਫ਼ੁਲਕਾਰੀ ਕਿਤੇ ਕਿਤੇ ਹੀ ਦੇਖਣ ਨੂੰ ਮਿਲਦੀ ਹੈ ਜਦੋਂ ਕਿ ਪਹਿਲਾ ਫ਼ੁਲਕਾਰੀ ਕੱਢਣ ਲਈ ਕੁੜੀਆਂ ਤਿੰਝਣਾਂ ਜਾਂ ਸੱਥਾਂ ਦੇ ਰੂਪ ਵਿੱਚ ਇਕੱਠੀਆਂ ਹੁੰਦੀਆਂ ਸਨ। ਇਕੱਠੀਆਂ ਬੈਠ ਉਹ ਕੱਪੜਿਆਂ 'ਤੇ ਬੂਟੀਆਂ ਪਾਉਂਦੀਆਂ, ਫ਼ੁਲਕਾਰੀ ਕੱਢਦੀਆਂ ਅਤੇ ਇੱਥੋਂ ਤੱਕ ਕਿ ਆਪਣੇ ਦਾਜ ਵਿੱਚ ਰੱਖਣ ਲਈ ਵੱਧ ਤੋਂ ਵੱਧ ਆਪਣੀ ਕਲਾਂ ਦੇ ਜੌਹਰ ਦਿਖਾਉਂਦੀਆਂ। ਪੁਰਾਣੇ ਸਮਿਆਂ ਵਿੱਚ ਪੂਜਾ ਪਾਠ ਕਰਨ ਲਈ ਫ਼ੁਲਕਾਰੀ ਲੈਣ ਨੂੰ ਸ਼ਗਨ ਮੰਨਿਆ ਜਾਂਦਾ ਸੀ। ਜਦੋਂ ਵੀ ਘਰ-ਪਰਿਵਾਰਾਂ ਵਿੱਚ ਕੋਈ ਪੂਜਾ-ਪਾਠ ਕਰਵਾਇਆ ਜਾਂਦਾ ਤਾਂ ਫ਼ੁਲਕਾਰੀ ਦਾ ਮਹੱਤਵ ਵਧ ਜਾਂਦਾ ਸੀ। ਇਸੇ ਤਰ੍ਹਾਂ ਹੀ ਇੱਕ ਪੰਜਾਬੀ ਬੋਲੀ ਵਿੱਚ ਦੱਸਿਆ ਗਿਆ ਹੈ; ਸੱਸ ਮੇਰੀ ਦੇ ਮਾਤਾ ਨਿਕਲੀ ਮੋਟਾ ਮੋਟਾ ਦਾਣਾ

ਬਈ ਸਹੁਰਾ ਮੇਰਾ ਪੂਜਣ ਚੱਲਿਆ
ਲੈ ਕੇ ਲਾਲ ਫ਼ੁਲਕਾਰੀ
ਜੋਤ-ਜਗਾਉਂਦੇ ਨੇ, ਦਾੜ੍ਹੀ ਫ਼ੂਕ ਲਈ ਸਾਰੀ

ਉਂਝ ਵੀ ਪੰਜਾਬੀ ਬੋਲੀਆਂ ਵਿੱਚ ਤਾਂ ਫ਼ੁਲਕਾਰੀ ਆਮ ਹੀ ਵਰਤੀ ਜਾਂਦੀ ਸੀ। ਕੋਈ ਵੀ ਸਮਾਗਮ ਹੋਵੇ ਜਾਂ ਭੈਣ-ਭਰਾ ਦਾ ਪਿਆਰ ਜਾਂ ਮੁਟਿਆਰਾਂ ਲਈ ਪੇਕਿਆਂ ਤੋਂ ਆਇਆ ਕੋਈ ਸਾਮਾਨ ਹੋਵੇ ਤਾਂ ਫ਼ੁਲਕਾਰੀ ਆਪਣਾ ਰੰਗ ਦਿਖਾਉਂਦੀ ਸੀ ਜਿਵੇਂ ਇੱਕ ਪੰਜਾਬੀ ਬੋਲੀ ਵਿੱਚ ਇਹ ਸੁਣਨ ਨੂੰ ਮਿਲਦਾ ਹੈ;

ਵੀਰ ਮੇਰੇ ਨੇ ਕੁੜਤੀ ਭੇਜੀ, ਭਾਬੋ ਨੇ ਫ਼ੁਲਕਾਰੀ
ਨੀਂ ਜੁੱਗ-ਜੁੱਗ ਜੀ ਭਾਬੋ, ਲੱਗੇ ਵੀਰ ਤੋਂ ਪਿਆਰੀ।

ਆਮ ਕਰਕੇ ਫ਼ੁਲਕਾਰੀ ਨੂੰ ਸੂਤੀ ਜਾਂ ਰੇਸ਼ਮੀ ਕੱਪੜੇ 'ਤੇ ਹੀ ਕੱਢਿਆ ਜਾਂਦਾ ਸੀ, ਪਰ ਰੇਸ਼ਮੀ ਫ਼ੁਲਕਾਰੀ ਤੇ ਰੰਗਾਂ ਦਾ ਮੇਲ ਕਰਨਾ ਥੋੜ੍ਹਾ ਮੁਸ਼ਕਿਲ ਹੁੰਦਾ ਸੀ। ਇਸੇ ਲਈ ਕੋਈ ਫ਼ੁਲਕਾਰੀ ਦੀ ਸ਼ੌਕੀਨ ਮੁਟਿਆਰ ਕਹਿੰਦੀ ਹੈ;

ਫ਼ੁਲਕਾਰੀ ਮੇਰੀ ਰੇਸ਼ਮੀ
ਰੰਗ ਨਾ ਆਇਆ ਠੀਕ
ਛੇਤੀ ਦਰਸ਼ਨ ਦੇਵਣੇ
ਮੈਂ ਰਸਤਾ ਰਹੀਂ ਉਡੀਕ।

ਇਸੇ ਤਰ੍ਹਾਂ ਹੀ ਰੇਸ਼ਮੀ ਫ਼ੁਲਕਾਰੀ ਦੀ ਸਿਫ਼ਤ ਕਰਦੀ ਕੋਈ ਅੱਲ੍ਹੜ ਮੁਟਿਆਰ ਕਹਿੰਦੀ ਹੈ ਕਿ ਨਿਰੀਆਂ ਮਿੱਠੀਆਂ ਗੱਲਾਂ ਕਰਨ ਨਾਲ ਹੀ ਕਿਸੇ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ, ਮਨੁੱਖ ਦਾ ਮਨ ਅੰਦਰੋਂ ਤੇ ਬਾਹਰੋਂ ਬਿਲਕੁਲ ਪਵਿੱਤਰ ਅਤੇ ਇੱਕੋ ਜਿਹਾ ਹੋਣਾ ਚਾਹੀਦਾ ਹੈ ਤਾਂ ਕਿ ਕਿਸੇ ਨੂੰ ਧੋਖਾ ਨਾ ਮਿਲੇ;

ਫ਼ੁਲਕਾਰੀ ਸਾਡੀ ਰੇਸ਼ਮੀ
ਉੱਤੇ ਚਮਕਣ ਮੋਰ
ਗੱਲਾਂ ਤੁਹਾਡੀਆਂ ਮਿੱਠੀਆਂ
ਅੰਦਰੋਂ ਦਿਲ ਦੇ ਹੋਰ।

ਹਾਂ, ਅਸੀਂ ਇਹ ਜਾਣਦੇ ਹਾਂ ਕਿ ਬਹੁਤ ਸਮਾਂ ਪਹਿਲਾ ਪਿੰਡਾਂ ਵਿੱਚ ਗ਼ਰੀਬੀ ਵੀ ਬੜੀ ਹੁੰਦੀ ਸੀ, ਪਰ ਫ਼ੁਲਕਾਰੀ ਕੱਢਣਾ ਕੋਈ ਸਸਤਾ ਕੰਮ ਨਹੀਂ ਸੀ ਹੁੰਦਾ, ਇਸ ਲਈ ਰੇਸ਼ਮੀ ਕੱਪੜਾ, ਰੰਗੀਨ ਧਾਗੇ ਅਤੇ ਰੰਗਦਾਰ ਲੋਗੜੀ ਦੀ ਲੋੜ ਪੈਂਦੀ ਸੀ ਅਤੇ ਇਸ ਦੇ ਨਾਲ ਹੀ ਹੋਰ ਸਜਾਵਟੀ ਸਾਮਾਨ ਵੀ ਚਾਹੀਦਾ ਹੁੰਦਾ ਸੀ ਤਾਂ ਹੀ ਕੋਈ ਮੁਟਿਆਰ ਆਪਣੇ ਢੋਲ ਨੂੰ ਕੁਝ ਪੈਸੇ ਖ਼ਰਚ ਕੇ ਸਾਰਾ ਸਾਮਾਨ ਲਿਆਉਣ ਲਈ ਮਨਾਉਂਦੀ;

ਮੈਂ ਕੱਢਣਾ 'ਦਿੱਲੀ ਦਰਵਾਜ਼ਾ'
ਪੱਚੀਆਂ ਦੀ ਲਿਆ ਦੇ ਲੋਗੜੀ।

ਇਸ ਤਰ੍ਹਾਂ ਸੱਚ ਵਿੱਚ ਹੀ ਮੁਟਿਆਰਾਂ ਆਪਣੀ ਕਲਾ ਅਨੁਸਾਰ ਵੱਡੀਆਂ-ਵੱਡੀਆਂ ਮੋਰਨੀਆਂ, ਮੋਰ ਅਤੇ ਫ਼ੁੱਲਾਂ ਦੇ ਬਾਗ਼ ਜਾਂ ਕੋਈ ਜਾਣੀਆਂ ਪਛਾਣੀਆਂ ਇਮਾਰਤਾਂ ਦੀਆਂ ਤਸਵੀਰਾਂ ਇਨ੍ਹਾਂ ਫ਼ੁਲਕਾਰੀਆਂ 'ਤੇ ਪਾ ਦਿੰਦੀਆਂ ਸਨ, ਪਰ ਇਹ ਫ਼ੁਲਕਾਰੀ ਕਿਸੇ ਵੀ ਮੁਟਿਆਰ ਦੀ ਕਲਾ, ਸਮਝ, ਹੁਸਨ ਅਤੇ ਪ੍ਰੇਮ ਭਾਵਨਾ ਦੀ ਪ੍ਰਤੀਕ ਹੁੰਦੀ ਸੀ।




















# ਆਧੁਨਿਕਤਾ ਦੇ ਯੁੱਗ ਵਿੱਚ ਔਰਤਾਂ ਦੀ ਅਸਲ ਹੋਂਦ ਹੈ ਖ਼ਤਰੇ ਵਿੱਚ

ਡਾ. ਨਰਮਦੇਸ਼ਵਰ ਪ੍ਰਸਾਦ ਚੌਧਰੀ

ਅਸੀਂ ਸਾਰੇ ਮੰਨਦੇ ਹਾਂ ਕਿ ਇਸ ਬ੍ਰਹਿਮੰਡ ਵਿੱਚ ਬਣਾਈ ਗਈ ਸਭ ਤੋਂ ਪਵਿੱਤਰ ਚੀਜ਼ ਔਰਤ ਹੈ। ਔਰਤ ਦੀ ਪਵਿੱਤਰਤਾ ਅਤੇ ਸੁੰਦਰਤਾ ਕਾਰਨ ਉਸ ਦੇ ਸਰੀਰ ਵਿੱਚ ਦੇਵਤੇ ਨਿਵਾਸ ਕਰਦੇ ਹਨ, ਵਿਸ਼ਵਾਸ ਕਰੋ, ਜਿਸ ਘਰ ਵਿੱਚ ਇਸਤਰੀ ਨਹੀਂ ਹੈ, ਉਸ ਘਰ ਵਿੱਚ ਰੱਬ ਨਹੀਂ ਵੱਸ ਸਕਦਾ। ਸਾਰੇ ਸੰਸਾਰ ਵਿੱਚ, ਸੁੰਦਰਤਾ ਕੇਵਲ ਔਰਤਾਂ ਦੁਆਰਾ ਬਣਾਈ ਜਾਂਦੀ ਹੈ।

ਇਸ ਧਰਤੀ ਦੀ ਸਾਰੀ ਸੁੰਦਰਤਾ ਅਤੇ ਸ਼ਾਨ ਸਿਰਫ਼ ਔਰਤਾਂ ਕਰਕੇ ਹੈ। ਘਰ ਹੋਵੇ ਜਾਂ ਬਾਹਰ, ਸਾਰਾ ਸੰਸਾਰ ਔਰਤਾਂ ਦੀ ਬਦੌਲਤ ਹੀ ਹਰਿਆ-ਭਰਿਆ ਰਹਿੰਦਾ ਹੈ ਪਰ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਔਰਤਾਂ ਦੀ ਅਸਲ ਹੋਂਦ ਹੀ ਖ਼ਤਰੇ ਵਿੱਚ ਆ ਗਈ ਹੈ। ਸ਼ੰਕੇ ਪੈਦਾ ਹੋਣ ਲੱਗ ਪਏ ਹਨ ਕਿ ਔਰਤ ਹੁਣ ਔਰਤ ਨਹੀਂ ਰਹੀ ਜਾਂ ਨਹੀਂ, ਸਿਰਫ਼ ਸਰੀਰਕ ਤੌਰ 'ਤੇ ਔਰਤ ਵਰਗਾ ਦਿਸਣਾ ਔਰਤ ਦਾ ਸੁਭਾਅ ਨਹੀਂ ਹੈ, ਸਗੋਂ ਇਹ ਜ਼ਰੂਰੀ ਹੈ ਕਿ ਔਰਤ ਵਿੱਚ ਔਰਤ ਦੇ ਮੂਲ ਗੁਣ ਹਨ ਜਾਂ ਨਹੀਂ।

ਜਦੋਂ ਅਸੀਂ ਅਜੋਕੇ ਹਾਲਾਤਾਂ ਵਿੱਚ ਔਰਤਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਬਹੁਤ ਸਾਰੀਆਂ ਊਣਤਾਈਆਂ ਨਜ਼ਰ ਆਉਂਦੀਆਂ ਹਨ। ਅੱਜ ਔਰਤਾਂ ਦਾ ਸੁਭਾਅ ਬਦਲ ਗਿਆ ਹੈ ਅਤੇ ਉਨ੍ਹਾਂ ਵਿੱਚ ਖਾਸ ਕਰਕੇ ਨੌਜਵਾਨ ਲੜਕੀਆਂ ਹਨ ਜਿਨ੍ਹਾਂ ਦਾ ਨੈਤਿਕ ਪਤਨ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਕੁੜੀਆਂ ਆਪਣੀਆਂ ਧਾਰਮਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਅੱਜ-ਕੱਲ੍ਹ ਸਕੂਲ-ਕਾਲਜ ਦੀਆਂ ਕੁੜੀਆਂ ਖੁੱਲ੍ਹੇਆਮ ਸ਼ਰਾਬ, ਸਿਗਰਟ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੀਆਂ ਨਜ਼ਰ ਆਉਂਦੀਆਂ ਹਨ।

ਪਹਿਲਾਂ ਜੇਕਰ ਨੌਜਵਾਨ ਸਿਗਰਟ ਪੀਂਦੇ ਸਨ ਤਾਂ ਉਹ ਆਪਣੇ ਬਜ਼ੁਰਗਾਂ ਦੇ ਆਉਣ ਤੋਂ ਬਾਅਦ ਇਸ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਸਨ, ਪਰ ਅੱਜ ਕੁੜੀਆਂ ਸਿਗਰਟ ਪੀ ਰਹੀਆਂ ਹਨ ਅਤੇ ਜੇਕਰ ਤੁਸੀਂ ਲੰਘ ਰਹੇ ਹੋ ਤਾਂ ਉਹ ਇਸ ਨੂੰ ਛੁਪਾਉਣ ਦੀ ਖੇਚਲ ਵੀ ਨਹੀਂ ਕਰਦੀਆਂ।

ਤੁਸੀਂ ਦਲੀਲ ਦੇ ਸਕਦੇ ਹੋ ਕਿ ਜੇਕਰ ਮਰਦ ਇਹ ਸਭ ਕਰਦੇ ਹਨ ਤਾਂ ਔਰਤਾਂ ਕਿਉਂ ਨਹੀਂ। ਅਸਲ ਵਿੱਚ ਅਜਿਹਾ ਹੁੰਦਾ ਹੈ ਕਿ ਜਦੋਂ ਤੁਸੀਂ ਸ਼ਰਾਬੀ ਹੁੰਦੇ ਹੋ, ਤਾਂ ਤੁਹਾਡੇ ਸਰੀਰਕ ਸ਼ੋਸ਼ਣ ਦੀ ਸੰਭਾਵਨਾ ਵੱਧ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਮਰਦ ਦੇ ਮੁਕਾਬਲੇ ਔਰਤ ਨੂੰ ਜ਼ਿਆਦਾ ਨੁਕਸਾਨ ਹੁੰਦਾ ਹੈ। ਨਸ਼ੇ ਦੀ ਹਾਲਤ ਵਿੱਚ ਤੁਹਾਡਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਜੇਕਰ ਕੋਈ ਵੀਡੀਓ ਬਣਾ ਲਈ ਜਾਵੇ ਤਾਂ ਬਾਅਦ ਵਿੱਚ ਇਸਨੂੰ ਬਲੈਕਮੇਲ ਕਰਨ ਲਈ ਆਸਾਨੀ ਨਾਲ ਵਰਤਿਆ ਜਾ ਸਕਦਾ ਹੈ ਅਤੇ ਇਹ ਗੱਲ ਹਰ ਰੋਜ਼ ਸੁਣਨ ਨੂੰ ਮਿਲਦੀ ਹੈ ਅਤੇ ਕਈ ਵਾਰ ਲੜਕੀਆਂ ਸ਼ਰਮ ਦੇ ਮਾਰੇ ਖੁਦਕੁਸ਼ੀ ਵੀ ਕਰ ਲੈਂਦੀਆਂ ਹਨ ਪਰ ਅਸੀਂ ਆਪਣੀਆਂ ਗਲਤੀਆਂ ਤੋਂ ਨਹੀਂ ਸਿੱਖਦੇ। .

ਅੱਜਕੱਲ੍ਹ ਕੁੜੀਆਂ ਜਿਸ ਤਰ੍ਹਾਂ ਦਾ ਪਹਿਰਾਵਾ ਪਹਿਨਦੀਆਂ ਹਨ, ਉਹ ਕਈ ਵਾਰ ਬਹੁਤ ਭੜਕਾਊ ਹੁੰਦਾ ਹੈ। ਮੈਂ ਇਸ ਗੱਲ ਦਾ ਸਮਰਥਨ ਨਹੀਂ ਕਰਦਾ ਕਿ ਔਰਤਾਂ ਨੂੰ ਪਰਦੇ ਜਾਂ ਬੁਰਕੇ ਵਿੱਚ ਰੱਖਿਆ ਜਾਣਾ ਚਾਹੀਦਾ ਹੈ, ਪਰ ਪਹਿਰਾਵੇ ਦੀ ਇੱਕ ਸੀਮਾ ਹੋਣੀ ਚਾਹੀਦੀ ਹੈ। ਤੁਸੀਂ ਹਰ ਰੋਜ਼ ਦੇਖ ਰਹੇ ਹੋਵੋਗੇ ਕਿ ਸਰਦੀਆਂ ਦੇ ਦਿਨਾਂ 'ਚ ਵਿਆਹ-ਸ਼ਾਦੀਆਂ ਅਤੇ ਹੋਰ ਫੰਕਸ਼ਨਾਂ 'ਚ ਜਦੋਂ ਹਰ ਕੋਈ ਠੰਡ ਤੋਂ ਕੰਬ ਰਿਹਾ ਹੁੰਦਾ ਹੈ ਤਾਂ ਦੂਜੇ ਪਾਸੇ ਔਰਤਾਂ ਸਿਰਫ ਸਾੜੀ ਅਤੇ ਬਲਾਊਜ਼ 'ਚ ਹੀ ਨਜ਼ਰ ਆਉਣਗੀਆਂ। ਅੱਜ-ਕੱਲ੍ਹ ਫੈਸ਼ਨ ਦੇ ਨਾਂ 'ਤੇ ਛੋਟੀਆਂ-ਛੋਟੀਆਂ ਪੈਂਟਾਂ ਜਾਂ ਸਕਰਟਾਂ 'ਚ ਮੁਟਿਆਰਾਂ ਘਰਾਂ 'ਚ ਰਹਿੰਦੀਆਂ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੇ ਘਰ 'ਚ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਨ੍ਹਾਂ ਦੇ ਘਰ 'ਚ ਪਿਤਾ ਅਤੇ ਭਰਾ ਦੇ ਰੂਪ 'ਚ ਮਰਦ ਵੀ ਹਨ।

ਮਰਦ ਸਿਰਫ਼ ਮਰਦ ਹੀ ਹੁੰਦੇ ਹਨ ਅਤੇ ਕੋਈ ਵੀ ਔਰਤ ਹਮੇਸ਼ਾ ਉਨ੍ਹਾਂ ਲਈ ਖਿੱਚ ਦਾ ਕੇਂਦਰ ਬਣੀ ਰਹਿੰਦੀ ਹੈ, ਚਾਹੇ ਉਨ੍ਹਾਂ ਦਾ ਰਿਸ਼ਤਾ ਕੋਈ ਵੀ ਹੋਵੇ। ਇਹ ਠੀਕ ਹੈ ਕਿ ਰਿਸ਼ਤੇ ਦੀ ਸ਼ਾਨ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਦੀ ਹੈ, ਪਰ ਕਈ ਵਾਰ ਅਜਿਹਾ ਨਹੀਂ ਹੁੰਦਾ। ਦੁਨੀਆਂ 'ਚ ਲੜਕੀਆਂ ਨਾਲ ਬਲਾਤਕਾਰ ਦੇ ਜ਼ਿਆਦਾਤਰ ਮਾਮਲਿਆਂ 'ਚ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਹੀ ਜ਼ਿੰਮੇਵਾਰ ਹਨ।

ਆਧੁਨਿਕਤਾ ਦਾ ਮਤਲਬ ਅਸ਼ਲੀਲਤਾ ਬਿਲਕੁਲ ਨਹੀਂ ਹੈ। ਤੁਸੀਂ ਪਹਿਲਾਂ ਫੈਸਲਾ ਕਰੋ ਕਿ ਤੁਸੀਂ ਮਨੁੱਖ ਹੋ ਜਾਂ ਜਾਨਵਰ, ਜੇ ਤੁਸੀਂ ਆਪਣੇ ਆਪ ਨੂੰ ਜਾਨਵਰ ਦੀ ਸ਼੍ਰੇਣੀ ਵਿੱਚ ਰੱਖਦੇ ਹੋ ਤਾਂ ਸਭ ਕੁਝ ਮਾਫਯੋਗ ਹੈ। ਫਿਰ ਤੁਸੀਂ ਸਾਰੇ ਰਿਸ਼ਤੇ ਭੁੱਲ ਜਾਂਦੇ ਹੋ।



ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਅੱਜ ਬਹੁਤੀਆਂ ਕੁੜੀਆਂ ਆਪਣੇ ਹੀ ਭਾਈਚਾਰੇ ਦੇ ਮੁੰਡਿਆਂ ਨੂੰ ਛੱਡ ਕੇ ਦੂਜੇ ਭਾਈਚਾਰਿਆਂ ਦੇ ਲੜਕਿਆਂ ਨਾਲ ਪਿਆਰ ਕਰ ਰਹੀਆਂ ਹਨ ਜਾਂ ਉਨ੍ਹਾਂ ਨਾਲ ਵਿਆਹ ਕਰ ਰਹੀਆਂ ਹਨ। ਇਸ 'ਤੇ ਵਿਚਾਰ ਕਰਨ ਦੀ ਲੋੜ ਹੈ।

ਆਪਣੇ ਧਰਮ ਦੇ ਮੁੰਡਿਆਂ ਨੂੰ ਛੱਡ ਕੇ ਦੂਜੇ ਧਰਮ ਦੇ ਮੁੰਡਿਆਂ ਨਾਲ ਵਿਆਹ ਕਰਨਾ ਤੁਹਾਡੀ ਜ਼ਿੰਦਗੀ ਵਿੱਚ ਮੁਸੀਬਤਾਂ ਨੂੰ ਸੱਦਾ ਦੇਣਾ ਹੈ। ਅੱਜ ਸਾਨੂੰ ਇਨ੍ਹਾਂ ਸਾਰੀਆਂ ਗੱਲਾਂ 'ਤੇ ਡੂੰਘਾਈ ਨਾਲ ਸੋਚਣ ਦੀ ਲੋੜ ਹੈ। ਆਧੁਨਿਕਤਾ ਦੇ ਨਾਂ 'ਤੇ ਕੁਰਾਹੇ ਪੈ ਰਹੀਆਂ ਲੜਕੀਆਂ 'ਤੇ ਕਾਬੂ ਪਾਉਣ ਦੀ ਲੋੜ ਹੈ। ਅੱਜ ਸਾਨੂੰ ਸਾਰਿਆਂ ਨੂੰ ਇਸ ਬਾਰੇ ਸੋਚਣ ਦੀ ਲੋੜ ਹੈ।

# ਸੰਸਾਰ ਅਤੇ ਸੱਭਿਆਚਾਰ ਨੂੰ ਸਿਰਜਦੀ ਹੈ ਨਾਰੀ

## ਜਿੱਥੇ ਔਰਤਾਂ ਦਾ ਸਤਿਕਾਰ ਨਹੀਂ ਹੁੰਦਾ ਉੱਥੇ ਹੁੰਦੀ ਹੈ ਤਬਾਹੀ

ਔਰਤਾਂ ਮਨੁੱਖੀ ਸਮਾਜ ਦੀ ਉਹ ਕੜੀ ਹਨ, ਜਿਸ ਦੇ ਬਲਬੂਤੇ ਹੀ ਦੁਨੀਆਂ ਕਾਇਮ ਹੈ। ਸਮਾਜ ਨੂੰ ਕਦਰਾਂ-ਕੀਮਤਾਂ ਪ੍ਰਦਾਨ ਕਰਨਾ ਵੀ ਉਸ ਦਾ ਕੰਮ ਹੈ। ਉਨ੍ਹਾਂ ਦੀ ਅਹਿਮੀਅਤ ਨੂੰ ਸਵੀਕਾਰ ਕਰਨਾ ਹੋਵੇਗਾ ਅਤੇ ਪੂਰੀ ਦ੍ਰਿੜਤਾ ਨਾਲ ਅੱਗੇ ਆਉਣਾ ਹੋਵੇਗਾ।



ਮਨੁੱਖ ਜੋ ਵੀ ਸੋਚਦਾ ਹੈ, ਉਹ ਉਸ ਸੁਭਾਅ ਦਾ ਬਣ ਜਾਂਦਾ ਹੈ। ਸਮਾਜ ਵੀ ਉਸੇ ਤਰ੍ਹਾਂ ਦੇਖਣ ਅਤੇ ਵਿਹਾਰ ਕਰਨ ਲੱਗ ਪੈਂਦਾ ਹੈ। ਔਰਤਾਂ ਨੇ ਹਮੇਸ਼ਾ ਆਪਣੇ ਕਮਜ਼ੋਰ ਸੁਭਾਅ ਨੂੰ ਸਵੀਕਾਰ ਕੀਤਾ ਹੈ। ਇਹੀ ਕਾਰਨ ਹੈ ਕਿ ਇਸ ਦਾ ਸਦੀਆਂ ਤੋਂ ਸ਼ੋਸ਼ਣ ਹੁੰਦਾ ਆ ਰਿਹਾ ਹੈ। ਮਹਿਲਾਵਾਂ ਨੇ ਕਮਜ਼ੋਰ ਨਹੀਂ ਸਗੋਂ ਮਜ਼ਬੂਤ ਬਣਨਾ ਹੈ। ਨਾ ਸਿਰਫ਼ ਸ਼ੋਸ਼ਣ ਤੋਂ ਬਚਿਆ ਜਾ ਸਕੇਗਾ, ਨਵੀਂ ਪੀੜ੍ਹੀ ਨੂੰ ਆਦਰਸ਼ ਬਣਾ ਕੇ ਸੰਸਕ੍ਰਿਤ ਬਣਾਇਆ ਜਾ ਸਕਦਾ ਹੈ। ਜਿੱਥੇ ਔਰਤਾਂ ਦਾ ਸਤਿਕਾਰ ਨਹੀਂ ਹੁੰਦਾ ਉੱਥੇ ਤਬਾਹੀ ਹੁੰਦੀ ਹੈ। ਰਾਮਾਇਣ ਅਤੇ ਮਹਾਭਾਰਤ ਇਸ ਦਾ ਸਭ ਤੋਂ ਵੱਡਾ ਸਬੂਤ ਹਨ।

**ਪਰਿਵਾਰ ਨੂੰ ਜੋੜਨ ਦਾ ਕੰਮ ਕਰਦੀ ਹੈ ਨਾਰੀ :** ਮੌਜੂਦਾ ਸਮੇਂ ਵਿੱਚ ਸਾਂਝੇ ਪਰਿਵਾਰ ਟੁੱਟ ਕੇ ਪ੍ਰਮਾਣੂ ਪਰਿਵਾਰ ਬਣ ਰਹੇ ਹਨ। ਦਾਦਾ-ਦਾਦੀ, ਮਾਂ-ਬਾਪ, ਭੈਣ-ਭਰਾ, ਚਾਚਾ-ਚਾਚੀ, ਮਾਸੀ ਆਦਿ ਸਾਰੇ ਰਿਸ਼ਤੇ ਸਿਰਫ਼ ਨਾਂ ਦੇ ਹੀ ਰਹਿ ਜਾਂਦੇ ਹਨ। ਪੁੱਤਰ ਦਾ ਵਿਆਹ ਹੁੰਦੇ ਹੀ ਉਹ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਵੱਖਰੇ ਘਰ ਵਿੱਚ ਰਹਿਣ ਲੱਗ ਪੈਂਦਾ ਹੈ। ਇਹੀ ਕਾਰਨ ਹੈ ਕਿ ਅਜਿਹੇ ਪਰਮਾਣੂ ਪਰਿਵਾਰਾਂ ਵਿੱਚ ਵੱਡੇ ਹੋਏ ਬੱਚੇ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦੇ ਯੋਗ ਨਹੀਂ ਹੁੰਦੇ। ਅਜਿਹੀ ਸਥਿਤੀ ਵਿੱਚ ਪਰਿਵਾਰ ਅਤੇ ਰਿਸ਼ਤਿਆਂ ਨੂੰ ਜੋੜਨ ਦਾ ਕੰਮ ਸਿਰਫ਼ ਔਰਤਾਂ ਹੀ ਕਰ ਸਕਦੀਆਂ ਹਨ।

**ਮਾਂ ਦੇਵੇ ਬੱਚਿਆਂ ਨੂੰ ਪੂਰਾ ਸਮਾਂ :** ਮਾਂ ਪੁੱਤਰ ਦੀ ਪਹਿਲੀ ਗੁਰੂ ਹੁੰਦੀ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਕਾਫੀ ਸਮਾਂ ਦੇਣਾ ਹੋਵੇਗਾ। ਉਨ੍ਹਾਂ ਨੂੰ ਸੰਸਕ੍ਰਿਤ ਕਰਨਾ ਪਵੇਗਾ। ਮੌਜੂਦਾ ਸਮੇਂ ਵਿੱਚ ਬੱਚਿਆਂ ਨੂੰ ਕਾਬਲ ਬਣਾਉਣ ਲਈ ਹੋਸ਼ ਵਿੱਚ ਆਉਂਦੇ ਹੀ ਉਨ੍ਹਾਂ ਨੂੰ ਸਕੂਲ ਹਵਾਲੇ ਕੀਤਾ ਜਾ ਰਿਹਾ ਹੈ। ਮਾਪੇ ਆਪਣੇ ਬੱਚੇ ਨੂੰ ਕਾਬਲ ਬਣਾਉਣ ਦੀ ਸੋਚ ਰਹੇ ਹਨ, ਪਰ ਸੰਸਕਾਰ ਦੇਣਾ ਭੁੱਲ ਰਹੇ ਹਨ। ਸਾਨੂੰ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਅੱਗੇ ਵਧਣਾ ਹੋਵੇਗਾ। ਇਨਸਾਨ ਜਿੰਨਾ ਮਰਜ਼ੀ ਕਾਬਲ ਕਿਉਂ ਨਾ ਹੋਵੇ, ਪਰ ਕਦਰਾਂ-ਕੀਮਤਾਂ ਤੋਂ ਬਿਨਾਂ ਉਸ ਦੀ ਕਾਬਲੀਅਤ ਦਾ ਕੋਈ ਮੁੱਲ ਨਹੀਂ।

# ਰਿਸ਼ਤੇ ਬਣਾ ਕੇ ਰੱਖਣ ਲਈ ਕਰਨੇ ਪੈਂਦੇ ਨੇ ਸਮਝੌਤੇ

ਪ੍ਰਿੰ. ਵਿਜੈ ਕੁਮਾਰ



ਪੁਰਾਣੇ ਲੋਕ ਭਾਵਨਾ ਦੇ ਵਹਾਅ 'ਚ ਵਹਿ ਕੇ ਰਿਸ਼ਤਿਆਂ ਨੂੰ ਸੰਭਾਲ ਲੈਂਦੇ ਸਨ। ਬਾਅਦ ਵਿੱਚ ਲੋਕ ਪ੍ਰੈਕਟੀਕਲ ਹੋ ਕੇ ਰਿਸ਼ਤਿਆਂ ਦਾ ਫ਼ਾਇਦਾ ਲੈਣ ਲੱਗ ਪਏ। ਹੁਣ ਲੋਕ ਪ੍ਰੋਫ਼ੈਸ਼ਨਲ ਹੋਣ ਲੱਗ ਪਏ ਹਨ। ਜੇ ਫ਼ਾਇਦਾ ਹੈ ਤਾਂ ਹੀ ਰਿਸ਼ਤੇ ਬਣਾ ਕੇ ਰੱਖਦੇ ਹਨ। ਇਨ੍ਹਾਂ ਸਤਰਾਂ ਦੇ ਸ਼ਬਦ ਸਾਡੇ ਰਿਸ਼ਤਿਆਂ ਦੀ ਡੂੰਘਾਈ, ਸੰਵੇਦਨਸ਼ੀਲਤਾ ਅਤੇ ਭਾਵੁਕਤਾ ਦੀ ਪੇਤਲੀ ਅਤੇ ਧੁੰਦਲੀ ਹੁੰਦੀ ਜਾ ਰਹੀ ਤਸਵੀਰ ਦੀ ਕੌੜੀ ਸਚਾਈ ਨੂੰ ਬਿਆਨ ਕਰ ਰਹੇ ਹਨ। ਅਸੀਂ ਆਪਣੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਨਿਭਾ ਨਹੀਂ ਸਗੋਂ ਢੋਹ ਰਹੇ ਹਾਂ। ਸਾਡੇ ਰਿਸ਼ਤਿਆਂ ਵਿੱਚਲੀ ਖਿੱਚ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਈ ਹੈ। ਸਾਡਾ ਇੱਕ ਦੂਜੇ ਨਾਲ ਆਪਣੇ ਹੋਣ ਦਾ ਅਹਿਸਾਸ ਸਾਡੇ ਮਨਾਂ ਵਿੱਚੋਂ ਮਨਫ਼ੀ ਹੁੰਦਾ ਜਾ ਰਿਹਾ ਹੈ। ਸਾਡੇ ਰਿਸ਼ਤੇ ਬੌਣੇ ਹੁੰਦੇ ਜਾ ਰਹੇ ਹਨ। ਅਸੀਂ ਇੱਕ ਛੱਤ ਥੱਲੇ ਇਕੱਠੇ ਜ਼ਿੰਦਗੀ ਗੁਜ਼ਾਰਦੇ ਹੋਏ ਅਤੇ ਇੱਕ ਪਰਿਵਾਰ ਦਾ ਹਿੱਸਾ ਹੁੰਦੇ ਹੋਏ ਵੀ ਇੱਕ ਦੂਜੇ ਲਈ ਅਜਨਬੀ ਹੁੰਦੇ ਹਾਂ ਅਸੀਂ ਦੁਨੀਆਦਾਰੀ ਲਈ ਇਕੱਠੇ ਹੋਣ ਦਾ ਢੌਂਗ ਰਚ ਰਹੇ ਹੁੰਦੇ ਹਾਂ ਪਰ ਸਾਡੇ ਮਨਾਂ ਅੰਦਰ ਇੱਕ ਦੂਜੇ ਪ੍ਰਤੀ ਅਣਗਿਣਤ ਸ਼ਿਕਵੇ ਸ਼ਿਕਾਇਤਾਂ ਹੁੰਦੀਆਂ ਹਨ। ਸਾਡੇ ਰਿਸ਼ਤਿਆਂ ਵਿਚਕਾਰ ਖਿੱਚਦੀਆਂ ਜਾ ਰਹੀਆਂ ਵਾਦ-ਵਿਵਾਦ ਦੀਆਂ ਤਲਵਾਰਾਂ ਅਤੇ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਲਈ ਖਿੱਚੇ ਜਾ ਰਹੇ ਤੀਰ ਬਿਰਧ ਆਸ਼ਰਮਾਂ ਵਿਚ ਬਜ਼ੁਰਗਾਂ ਦੀ ਅਤੇ ਅਦਾਲਤਾਂ ਵਿੱਚ ਸਾਡੇ ਝਗੜਿਆਂ ਦੀ ਗਿਣਤੀ ਲਗਾਤਾਰ ਵਧਾ ਰਹੇ ਹਨ। ਪਰਿਵਾਰਾਂ ਦਾ ਇਕੱਠ ਬਣਾ ਕੇ ਰੱਖਣ ਅਤੇ ਆਪਣੇ ਸਬੰਧਾਂ ਨੂੰ ਬਣਾਈ ਰੱਖਣ ਲਈ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਸਾਨੂੰ ਗੂੰਗੇ ਬਣਕੇ ਯਾਨੀ ਕਿ ਚੁੱਪ ਰਹਿਕੇ ਇੱਕ ਦੂਜੇ ਦੀ ਗੱਲ ਬਰਦਾਸ਼ਤ ਕਰਨ ਦੀ ਕਲਾ ਆਉਣੀ ਚਾਹੀਦੀ ਹੈ। ਮੋੜਵਾਂ ਜਵਾਬ ਦੇਣ ਦੀ ਬਜਾਏ 'ਇੱਕ ਕਹਿ ਲਵੇ ਤੇ ਦੂਜਾ ਸਹਿ ਲਵੇ' ਉੱਤੇ ਅਮਲ ਕਰਨਾ ਚਾਹੀਦਾ ਹੈ। ਪਰ ਸਾਡੀ ਹਉਮੈਂ ਅਤੇ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਭਾਵਨਾ ਉਦੋਂ ਤੱਕ ਸਾਹ ਨਹੀਂ ਲੈਂਦੀ ਜਦੋਂ ਤੱਕ ਅਸੀਂ ਇੱਕ ਦੀਆਂ ਚਾਰ ਸੁਣਾ ਨਹੀਂ ਲੈਂਦੇ।

ਸਾਡੇ ਰਿਸ਼ਤਿਆਂ ਦੀ ਤ੍ਰਾਸਦੀ ਹੀ ਇਹ ਹੈ ਕਿ ਅਸੀਂ ਆਪਸੀ ਰਿਸ਼ਤੇ ਬਣਾ ਕੇ ਰੱਖਣ ਲਈ ਝੂਰਦੇ ਤਾਂ ਰਹਿੰਦੇ ਹਾਂ ਪਰ ਉਨ੍ਹਾਂ ਨੂੰ ਬਣਾ ਕੇ ਰੱਖਣ ਲਈ ਆਪਣੀ 'ਮੈਂ' ਨੂੰ ਮਾਰਨ ਲਈ ਤਿਆਰ ਨਹੀਂ ਹੁੰਦੇ। ਆਪਣੀ ਹਿੰਡ ਪੁਗਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ। ਸੁਣੇ ਨੂੰ ਅਣਸੁਣਿਆ ਕਰਨ ਲਈ ਤਿਆਰ ਨਹੀਂ ਹੁੰਦੇ। ਵੇਖੇ ਨੂੰ ਅਣਵੇਖਿਆ ਕਰਨ ਦੀ ਸਾਨੂੰ ਆਦਤ ਨਹੀਂ ਹੁੰਦੀ। ਅਸੀਂ ਸਮਝੌਤਾ ਕਰਨ ਵਿੱਚ ਆਪਣੀ ਹੇਠੀ ਸਮਝਦੇ ਹਾਂ। ਸਾਡੇ ਪਰਿਵਾਰਾਂ ਵਿੱਚ ਇੱਕ ਮੁੰਡਾ ਵਿਆਹੇ ਜਾਣ ਤੋਂ ਬਾਅਦ ਹੀ ਛੋਟੀਆਂ ਮੋਟੀਆਂ ਗੱਲਾਂ ਨੂੰ ਲੈ ਕੇ ਪਰਿਵਾਰਾਂ ਦੇ ਭਾਂਡੇ ਖੜਕਣ ਦੀ ਆਵਾਜ਼ ਗਲੀ ਮੁਹੱਲੇ ਅਤੇ ਰਿਸ਼ਤੇਦਾਰਾਂ ਤੱਕ ਪਹੁੰਚਣ ਤੋਂ ਸ਼ੁਰੂ ਹੋ ਕੇ ਪਰਿਵਾਰ ਦੇ ਅੱਡ ਹੋਣ ਤੱਕ ਖ਼ਤਮ ਹੁੰਦੀ ਹੈ। ਇੱਕ ਪਰਿਵਾਰ ਦੇ ਛੇ ਭੈਣ ਭਰਾਵਾਂ ਦੇ ਪਿਤਾ ਜੀ ਦੀ ਛੋਟੀ ਉਮਰ ਵਿੱਚ ਹੀ ਮੌਤ ਹੋ ਗਈ। ਸਭ ਤੋਂ ਵੱਡੇ ਭਰਾ ਨੇ ਹੱਡ ਭੰਨਵੀ ਮਿਹਨਤ ਕਰਕੇ ਸਾਰੇ ਪਰਿਵਾਰ ਪ੍ਰਤੀ ਬਣਦੀ ਜ਼ਿੰਮੇਵਾਰੀ ਨਿਭਾਈ। ਭੈਣਾਂ ਭਰਾਵਾਂ ਤੋਂ ਕੁੱਝ ਨਹੀਂ ਲੁਕਾਇਆ। ਉਸ ਨੇ ਆਪਣੀ ਮਾਂ ਨੂੰ ਆਪਣੇ ਕੋਲ ਹੀ ਰੱਖਿਆ। ਐਨਾ ਕਰਨ ਦੇ ਬਾਵਜੂਦ ਉਸਦੇ ਭਰਾਵਾਂ ਨੇ ਉਸ ਉੱਤੇ ਇਹ ਇਲਜ਼ਾਮ ਲਾਇਆ ਕਿ ਉਸਨੇ ਸਾਰਾ ਕੁੱਝ ਆਪਣਾ ਬਣਾ ਲਿਆ, ਸਾਡਾ ਉਸਨੇ ਕੀਤਾ ਹੀ ਕੀ ਹੈ! ਉਹ ਵੱਡਾ ਭਰਾ ਆਪਣੇ ਭਰਾਵਾਂ ਦੇ ਇਲਜ਼ਾਮ ਦਾ ਕੋਈ ਜਵਾਬ ਨਾ ਦਿੰਦਾ। ਇੱਕ ਦਿਨ ਉਸਦੀ ਪਤਨੀ ਨੇ ਉਸ ਨੂੰ ਪੁੱਛਿਆ, 'ਤੁਸੀਂ ਆਪਣੇ ਭਰਾਵਾਂ ਦਾ ਬਹੁਤ ਹੀ ਇਮਾਨਦਾਰੀ ਨਾਲ ਐਨਾ ਕੁੱਝ ਕੀਤਾ ਪਰ ਫ਼ੇਰ ਵੀ ਉਹ ਤੁਹਾਡੇ ਉੱਤੇ ਕੋਈ ਨਾ ਕੋਈ ਇਲਜ਼ਾਮ ਲਗਾਉਦੇ ਹੀ ਰਹਿੰਦੇ ਹਨ। ਤੁਸੀਂ ਇਨ੍ਹਾਂ ਨੂੰ ਜਵਾਬ ਕਿਉ ਨਹੀਂ ਦਿੰਦੇ ?' ਉਸ ਵੱਡੇ ਭਰਾ ਨੇ ਆਪਣੀ ਪਤਨੀ ਨੂੰ ਜਵਾਬ ਦਿੱਤਾ, 'ਭਗਵਾਨ, ਜੇਕਰ ਮੈਂ ਇਨ੍ਹਾਂ ਦੇ ਇਲਜ਼ਾਮਾਂ ਨੂੰ ਸੁਣਨ ਲੱਗ ਪੈਂਦਾ ਤਾਂ ਮੈਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਵਾਂਝੇ ਰਹਿ ਜਾਣਾ ਸੀ। ਜਦੋਂ ਇਹ ਬੋਲਦੇ ਹਨ ਉਦੋਂ ਮੈਂ ਆਪਣੇ ਕੰਨ ਬੰਦ ਕਰ ਲੈਂਦਾ ਹਾਂ।'

(ਬਾਕੀ ਸਫ਼ਾ 27 'ਤੇ)




**ਉੱਘੇ ਇਤਾਲਵੀ ਕਹਾਣੀਕਾਰ ਇਤਾਲੋ ਕੈਲਵਿਨੋ ਦੀ ਇਹ ਕਹਾਣੀ ਵਿਅਕਤੀ ਦੀ ਅੰਦਰੂਨੀ ਦੁਰਲੱਭ ਜ਼ਮੀਰ ਦੀ ਤਲਾਸ਼ ਵਿੱਚ ਵਿਅਕਤੀ ਅਤੇ ਸਮਾਜ ਨਾਲ ਜੁੜੇ ਨੈਤਿਕ ਮੁੱਲਾਂ ’ਤੇ ਗੰਭੀਰ ਸਵਾਲੀਆ ਨਿਸ਼ਾਨ ਲਾਉਂਦੀ ਹੈ। ਇਸ ਨੂੰ ਹਿੰਦੀ ’ਚ ਅਨੁਵਾਦ ਜੀਤੇਂਦਰ ਭਾਟੀਆ ਨੇ ਕੀਤਾ ਹੈ ਅਤੇ ਇਸ ਨੂੰ ਪੰਜਾਬੀ ਰੂਪ ਡਾਕਟਰ ਧਨਵੰਤ ਕੌਰ ਨੇ ਦਿੱਤਾ ਹੈ।**

ਲੜਾਈ ਸ਼ੁਰੂ ਹੋਈ ਤਾਂ ਲੂਇਗੀ ਨਾਮ ਦੇ ਇੱਕ ਸ਼ਖ਼ਸ ਨੇ ਪੁੱਛਿਆ ਕਿ ਕੀ ਉਹ ਬਤੌਰ ਸਵੈਮ-ਸੇਵਕ ਫ਼ੌਜ ਵਿੱਚ ਸ਼ਾਮਿਲ ਹੋ ਸਕਦਾ ਹੈ ? ਸਾਰੇ ਲੋਕਾਂ ਨੇ ਉਸ ਵੱਲ ਪ੍ਰਸ਼ੰਸਾ ਭਰੀਆਂ ਨਜ਼ਰਾਂ ਨਾਲ ਵੇਖਿਆ। ਲੂਇਗੀ ਉਸ ਜਗ੍ਹਾ ਗਿਆ, ਜਿੱਥੇ ਉਹ ਸਭ ਨੂੰ ਬੰਦੂਕਾਂ ਵੰਡ ਰਹੇ ਸਨ। ਇੱਕ ਬੰਦੂਕ ਨੂੰ ਹੱਥ ਵਿੱਚ ਚੁੱਕ ਕੇ ਉਸ ਨੇ ਕਿਹਾ, “ਹੁਣ ਮੈਂ ਜਾ ਕੇ ਉਸ ਅਲਬਰਤੋ ਦੇ ਬੱਚੇ ਨੂੰ ਜਾਨੋਂ ਮਾਰ ਸੁੱਟਾਂਗਾ।”

ਲੋਕਾਂ ਨੇ ਜਾਣਨਾ ਚਾਹਿਆ ਕਿ ਅਲਬਰਤੋ ਕੌਣ ਹੈ ?

ਲੂਇਗੀ ਨੇ ਕਿਹਾ, “ਉਹ ਦੁਸ਼ਮਣ ਹੈ, ਮੇਰਾ ਜਾਨੀ ਦੁਸ਼ਮਣ।”

ਲੋਕਾਂ ਨੇ ਉਸ ਨੂੰ ਦੱਸਿਆ ਕਿ ਉਹ ਜਿਸ ਨੂੰ ਚਾਹੇ ਨਹੀਂ, ਸਿਰਫ਼ ਖ਼ਾਸ ਤਰ੍ਹਾਂ ਦੇ ਦੁਸ਼ਮਣਾਂ ਨੂੰ ਹੀ ਮਾਰ ਸਕਦਾ ਹੈ। ਉਸ ਨੇ ਕਿਹਾ, “ਤੁਸੀਂ ਕੀ ਸਮਝਦੇ ਹੋ ਮੇਰਾ ਦਿਮਾਗ਼ ਖਰਾਬ ਹੈ ? ਇਹ ਅਲਬਰਤੋ ਠੀਕ ਉਸੇ ਖ਼ਾਸ ਤਰ੍ਹਾਂ ਦਾ ਦੁਸ਼ਮਣ ਹੈ ਅਤੇ ਉਨ੍ਹਾਂ ਦਾ ਹੀ ਸਾਥੀ ਹੈ। ਮੈਂ ਜਦੋਂ ਸੁਣਿਆ ਕਿ ਤੁਸੀਂ ਸਾਰੇ ਉਨ੍ਹਾਂ ਲੋਕਾਂ ਖ਼ਿਲਾਫ਼ ਮੋਰਚਾ ਖੋਲ੍ਹ ਰਹੇ ਹੋ ਤਾਂ ਮੈਂ ਤੈਅ ਕੀਤਾ ਕਿ ਮੈਂ ਵੀ ਮੋਰਚੇ ’ਤੇ ਜਾਵਾਂਗਾ ਤੇ ਉਸ ... ਅਲਬਰਤੋ ਨੂੰ ਮੌਤ ਦੇ ਘਾਟ ਉਤਾਰ ਦਿਆਂਗਾ। ਇਸੇ ਵਾਸਤੇ ਮੈਂ ਆਇਆ ਹਾਂ। ਉਸ ... ਅਲਬਰਤੋ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਉਸ ਨੇ ਮੈਨੂੰ ਧੋਖਾ ਦਿੱਤਾ ਅਤੇ ਬਿਨਾਂ ਕਿਸੇ ਕਾਰਨ ਇੱਕ ਔਰਤ ਦੇ ਸਾਹਮਣੇ ਮੇਰੀ ਮਿੱਟੀ ਪਲੀਤ ਕੀਤੀ। ਬਹੁਤ ਪੁਰਾਣੀ ਗੱਲ ਹੈ ਇਹ। ਜੇ ਤੁਹਾਨੂੰ ਯਕੀਨ ਨਹੀਂ ਆਉਂਦਾ ਤਾਂ ਮੈਂ ਤੁਹਾਨੂੰ ਪੂਰਾ ਕਿੱਸਾ ਸੁਣਾ ਸਕਦਾ ਹਾਂ।” ਉਨ੍ਹਾਂ ਨੇ ਕਿਹਾ, “ਨਹੀਂ ਨਹੀਂ, ਇਸ ਦੀ ਜ਼ਰੂਰਤ ਨਹੀਂ।”

ਲੂਇਗੀ ਬੋਲਿਆ, “ਫਿਰ ਠੀਕ ਹੈ। ਤੁਸੀਂ ਲੋਕ ਮੈਨੂੰ ਇਹ ਦੱਸੋ ਕਿ ਇਹ ਅਲਬਰਤੋ ਦਾ ਬੱਚਾ ਹੈ ਕਿੱਥੇ ? ਮੈਂ ਉਸੇ ਜਗ੍ਹਾ ਤੋਂ ਆਪਣੀ ਲੜਾਈ ਦੀ ਸ਼ੁਰੂਆਤ ਕਰਾਂਗਾ।” ਉਨ੍ਹਾਂ ਨੇ ਕਿਹਾ, “ਸਾਨੂੰ ਤਾਂ ਪਤਾ ਨਹੀਂ।”

ਲੂਇਗੀ ਨੇ ਕਿਹਾ, “ਕੋਈ ਗੱਲ ਨਹੀਂ। ਕਿਤੇ ਨਾ ਕਿਤੇ ਤਾਂ ਕੋਈ ਉਸ ਨੂੰ ਜਾਣਨ ਵਾਲਾ ਮਿਲੇਗਾ ਹੀ। ਦੇਰ-ਸਵੇਰ ਉਹ ਮੇਰੀ ਪਕੜ ਵਿੱਚ ਆ ਹੀ ਜਾਏਗਾ।”

ਉਨ੍ਹਾਂ ਨੇ ਕਿਹਾ, “ਇੰਝ ਨਹੀਂ ਹੋ ਸਕਦਾ। ਤੈਨੂੰ ਉੱਥੇ ਹੀ ਜਾ ਕੇ ਲੜਨਾ ਪਵੇਗਾ, ਜਿੱਥੇ ਤੈਨੂੰ ਭੇਜਿਆ ਜਾਵੇਗਾ। ਉੱਥੇ ਜੋ ਵੀ ਤੈਨੂੰ ਮਿਲੇਗਾ, ਉਸੇ ਨੂੰ ਮਾਰਨਾ ਪਵੇਗਾ।” ਉਨ੍ਹਾਂ ਨੇ ਫਿਰ ਪੁੱਛਿਆ ਕਿ ਇਹ ਅਲਬਰਤੋ ਕੌਣ ਹੈ ਤੇ ਕਿੱਥੇ ਹੈ ?

ਲੂਇਗੀ ਨੇ ਜ਼ੋਰ ਦੇ ਕੇ ਕਿਹਾ, “ਦੇਖੋ, ਤੁਸੀਂ ਸਮਝਣ ਦੀ ਸਮਝਣ ਕੋਸ਼ਿਸ਼ ਕਿਉਂ ਨਹੀਂ ਕਰਦੇ ? ਮੈਨੂੰ ਤੁਹਾਨੂੰ ਪੂਰਾ ਕਿੱਸਾ ਹੀ ਸੁਣਾਉਣਾ ਪਵੇਗਾ। ਇਹ ਅਲਬਰਤੋ ਛਟਿਆ ਹੋਇਆ ਬਦਮਾਸ਼ ਹੈ। ਉਸ ਖ਼ਿਲਾਫ਼ ਲੜਾਈ ਛੇੜ ਕੇ ਦਰਅਸਲ ਤੁਸੀਂ ਇੱਕ ਸਹੀ ਕਦਮ ਉਠਾਇਆ ਹੈ।”

ਉਸ ਦੀਆਂ ਗੱਲਾਂ ਵਿੱਚ ਉਨ੍ਹਾਂ ਲੋਕਾਂ ਦੀ ਕੋਈ ਦਿਲਚਸਪੀ ਨਹੀਂ ਸੀ। ਉਨ੍ਹਾਂ ਦੀ ਅਜਿਹੀ ਬੇਰੁਖ਼ੀ ਲੂਇਗੀ ਦੀ ਸਮਝ ਤੋਂ ਬਾਹਰ ਸੀ।

“ਮਾਫ਼ ਕਰਨਾ ਤੁਹਾਨੂੰ ਭਾਵੇਂ ਕੋਈ ਫ਼ਰਕ ਨਾ ਪੈਂਦਾ ਹੋਵੇ ਕਿ ਮੈਂ ਇਸ ਦੁਸ਼ਮਣ ਨੂੰ ਮਾਰਾਂ ਜਾਂ ਉਸ ਨੂੰ। ਪਰ ਜਿੱਥੋਂ ਤੱਕ ਮੇਰਾ ਸਵਾਲ ਹੈ, ਜੇ ਮੈਂ ਅਲਬਰਤੋ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਮਾਰ ਸੁੱਟਿਆ ਤਾਂ ਮੈਨੂੰ ਬਹੁਤ ਬੁਰਾ ਲੱਗੇਗਾ।”

ਉਸ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਦਾ ਸਬਰ ਜਵਾਬ ਦੇਣ ਲੱਗਾ। ਉਨ੍ਹਾਂ ਵਿੱਚੋਂ ਇੱਕ ਨੇ ਕਾਫ਼ੀ ਲੰਮੇ ਮਸ਼ਵਰੇ ਨਾਲ ਉਸ ਨੂੰ ਸਮਝਾਇਆ ਕਿ ਯੁੱਧ ਦਾ ਮਤਲਬ ਕੀ ਹੁੰਦਾ ਹੈ ਅਤੇ ਕਿਵੇਂ ਇਸ ਵਿੱਚ ਆਪਣੀ ਮਰਜ਼ੀ ਦੇ ਕਿਸੇ ਵੀ ਦੁਸ਼ਮਣ ਨੂੰ ਮਾਰ ਸੁੱਟਣਾ ਸੰਭਵ ਨਹੀਂ ਹੁੰਦਾ।

ਲੂਇਗੀ ਨੇ ਮੋਢੇ ਚੜ੍ਹਾਏ, “ਜੇ ਇੰਝ ਹੈ ਤਾਂ ਮੈਨੂੰ ਆਪਣੀ ਇਸ ਮੁਹਿੰਮ ਤੋਂ ਬਾਹਰ ਹੀ ਸਮਝੋ।” “ਤੂੰ ਬਾਹਰ ਨਹੀਂ ਰਹਿ ਸਕਦਾ। ਤੂੰ ਸਾਡੇ ਨਾਲ ਏਂ ਤੇ ਨਾਲ ਹੀ ਰਹੇਂਗਾ!” ਉਹ ਚੀਖੇ ਅਤੇ ਉਨ੍ਹਾਂ ਨੇ ‘ਤੇਜ਼ ਕਦਮ ਆਗੇ ਬੜ੍ਹੇ’, ‘ਏਕ-ਦੋ, ਏਕ-ਦੋ’ ਦੇ ਤਾਲ ਵਿੱਚ ਉਸ ਨੂੰ ਲਾਮ ’ਤੇ ਭੇਜ ਦਿੱਤਾ।

ਲੂਇਗੀ ਬੇਹੱਦ ਨਾਖ਼ੁਸ਼ ਸੀ। ਕਦੇ-ਕਦੇ ਉਹ ਉਂਝ ਹੀ ਲੋਕਾਂ ਨੂੰ ਮਾਰ ਸੁੱਟਦਾ। ਇਸ ਅਣਕਹੀ ਉਮੀਦ ਵਿੱਚ ਕਿ ਸ਼ਾਇਦ ਇਸ ਬਹਾਨੇ ਉਸ ਨੂੰ ਅਲਬਰਤੋ ਜਾਂ ਉਸਦੇ ਘਰ ਵਾਲਿਆਂ ਦਾ ਕੋਈ ਸੁਰਾਗ਼ ਮਿਲ ਜਾਵੇ। ਮਾਰੇ ਗਏ ਹਰੇਕ ਦੁਸ਼ਮਣ ਲਈ ਉਸ ਨੂੰ ਇੱਕ ਤਗ਼ਮਾ ਇਨਾਮ ਵਿੱਚ ਮਿਲਦਾ, ਪਰ ਉਹ ਖ਼ੁਸ਼ ਨਹੀਂ ਸੀ। ਉਹ ਸੋਚਦਾ, “ਜੇ ਮੈਂ ਅਲਬਰਤੋ ਨੂੰ ਨਾ ਮਾਰ ਸਕਿਆ ਤਾਂ ਇਸ ਦਾ ਮਤਲਬ ਇਹ ਨਿਕਲੇਗਾ ਕਿ ਮੈਂ ਖਾਹਮਖਾਹ ਇੰਨੇ ਸਾਰੇ ਬੰਦਿਆਂ ਦੀ ਜਾਨ ਲੈ ਲਈ।” ਅਤੇ ਇਹ ਸੋਚ ਕੇ ਉਸ ਨੂੰ ਬਹੁਤ ਬੁਰਾ ਲੱਗਦਾ।

ਇਸੇ ਦੌਰਾਨ ਉਸ ਨੂੰ ਤਗ਼ਮੇ ਮਿਲਦੇ ਜਾ ਰਹੇ ਸਨ। ਇੱਕ ਤੋਂ ਬਾਅਦ ਇੱਕ ਚਾਂਦੀ ਦੇ, ਸੋਨੇ ਦੇ ਤੇ ਹੋਰ ਪਤਾ ਨਹੀਂ ਕਿਹੜੀ-ਕਿਹੜੀ ਧਾਤ ਦੇ। ਲੂਇਗੀ ਸੋਚਦਾ, “ਕੁਝ ਅੱਜ ਮਰੇ ਹਨ। ਕੁਝ ਕੱਲ੍ਹ ਮਰਨਗੇ। ਇਸ ਤਰ੍ਹਾਂ ਹੌਲੀ-ਹੌਲੀ ਘਟਦੇ ਜਾਣਗੇ। ਆਖ਼ਰਕਾਰ ਕਦੇ ਨਾ ਕਦੇ ਤਾਂ ਉਸ ... ਅਲਬਰਤੋ ਦੀ ਵਾਰੀ ਵੀ ਆਵੇਗੀ।”

...ਪਰ ਅਲਬਰਤੋ ਦੇ ਲੱਭਣ ਤੋਂ ਪਹਿਲਾਂ ਹੀ ਦੁਸ਼ਮਣ ਨੇ ਆਤਮ-ਸਮਰਪਣ ਕਰ ਦਿੱਤਾ। ਉਸ ਨੂੰ ਇਹ ਸੋਚ ਕੇ ਬੇਹੱਦ ਸ਼ਰਮਿੰਦਗੀ ਮਹਿਸੂਸ ਹੋਈ ਕਿ ਉਸ ਨੇ ਇੰਨੇ ਲੋਕਾਂ ਨੂੰ ਬੇਵਜ੍ਹਾ ਮੌਤ ਦੇ ਘਾਟ ਉਤਾਰ ਦਿੱਤਾ। ਹੁਣ ਸ਼ਾਂਤੀ ਬਹਾਲ ਹੋ ਚੁੱਕੀ ਸੀ, ਇਸ ਲਈ ਉਹ ਸਾਰੇ ਤਗ਼ਮੇ ਝੋਲੇ ਵਿੱਚ ਪਾ ਕੇ ਦੁਸ਼ਮਣ ਦੇ ਦੇਸ਼ ਵੱਲ ਨਿਕਲ ਗਿਆ ਅਤੇ ਉੱਥੇ ਉਹ ਸਾਰੇ ਤਗ਼ਮੇ ਮਰਨ ਵਾਲਿਆਂ ਦੇ ਬੀਵੀ ਬੱਚਿਆਂ ਵਿੱਚ ਵੰਡਦਾ ਰਿਹਾ। ਇਸੇ ਤਰ੍ਹਾਂ ਭਟਕਦਿਆਂ ਇੱਕ ਦਿਨ ਅਚਾਨਕ ਉਸ ਦੀ ਮੁਲਾਕਾਤ ਅਲਬਰਤੋ ਨਾਲ ਹੋ ਗਈ। ਉਸ ਨੇ ਕਿਹਾ, “ਚਲੋ, ਦੇਰ ਆਏ ਦਰੁਸਤ ਆਏ।” ਇਹ ਕਹਿ ਕੇ ਉਸ ਨੇ ਅਲਬਰਤੋ ਨੂੰ ਜਾਨੋਂ ਮਾਰ ਸੁੱਟਿਆ।


ਇਸੇ ਵਕਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਉੱਤੇ ਕਤਲ ਦਾ ਮੁਕੱਦਮਾ ਚਲਾ ਕੇ ਫਾਂਸੀ ’ਤੇ ਲਟਕਾ ਦਿੱਤਾ ਗਿਆ। ਮੁਕੱਦਮੇ ਦੌਰਾਨ ਉਹ ਵਾਰ-ਵਾਰ ਦੁਹਰਾਉਂਦਾ ਰਿਹਾ ਕਿ ਅਜਿਹਾ ਉਸ ਨੇ ਆਪਣੀ ਜ਼ਮੀਰ ਨੂੰ ਸ਼ਾਂਤ ਕਰਨ ਲਈ ਕੀਤਾ, ਪਰ ਉਸ ਦੀ ਗੱਲ ਸੁਣਨ ਵਾਲਾ ਉੱਥੇ ਕੋਈ ਨਹੀਂ ਸੀ।

# ਮਿੰਨੀ ਕਹਾਣੀਆਂ

## ਤੋਹਫ਼ਾ

**ਵਰਿੰਦਰ ਸ਼ਰਮਾ**

ਬਾਰ੍ਹਾਂ-ਤੇਰ੍ਹਾਂ ਸਾਲ ਦਾ ਮੁੰਡਾ ਨੰਦੂ ਸਾਡੇ ਮੁਹੱਲੇ ’ਚ ਬੱਚਿਆਂ ਦੇ ਖਿਡੌਣੇ ਵੇਚਣ ਆਉਂਦਾ। ਪਹਿਲੀ ਵਾਰ ਬੰਸਰੀਆਂ ਵੇਚਣ ਆਇਆ। ਬੰਸਰੀਆਂ ਵੇਚਣ ਦਾ ਉਸ ਦਾ ਆਪਣਾ ਵੱਖਰਾ ਹੀ ਅੰਦਾਜ਼ ਸੀ। ਹੀਰੋ ਫਿਲਮ ਦੇ ਗੀਤ ਦੀ ਬੇਹੱਦ ਦਿਲਖਿੱਚਵੀ ਧੁਨ ਵਜਾਉਂਦਾ ਸੀ। ਮੁਹੱਲੇ ਦੇ ਬੱਚੇ ਚਾਈਂ-ਚਾਈਂ ਬੰਸਰੀਆਂ ਖਰੀਦਣ ਪੁੱਜ ਜਾਂਦੇ। ਬੱਚਿਆਂ ਨੂੰ ਬੰਸਰੀ ਵਜਾਉਣੀ ਵੀ ਨਹੀਂ ਆਉਂਦੀ ਸੀ, ਫਿਰ ਵੀ ਜ਼ਿੱਦ ਕਰਕੇ ਉਹ ਬੰਸਰੀਆਂ ਖਰੀਦ ਕੇ ਹੀ ਹਟਦੇ। ਹਰ ਵਾਰ ਨੰਦੂ ਵੰਨ-ਸੁਵੰਨੇ ਖਿਡੌਣੇ ਵੇਚਣ ਲਈ ਲੈ ਕੇ ਆਉਂਦਾ। ਮੈਨੂੰ ਉਹ ਬਹੁਤ ਬੁਰਾ ਲੱਗਦਾ। ਇਸ ਲਈ ਇੱਕ ਦਿਨ ਗੁੱਸੇ ਵਿੱਚ ਮੈਂ ਉਸ ਨੂੰ ਕਿਹਾ, “ਤੂੰ ਕਿਸੇ ਸਕੂਲ ’ਚ ਦਾਖਲਾ ਕਿਉਂ ਨਹੀਂ ਲਿਆ ? ਐਵੇਂ ਗਲੀਆਂ ’ਚ ਧੱਕੇ ਖਾਂਦਾ ਰਹਿੰਦਾ ਏਂ।” ਉਸ ਨੇ ਹਉਕਾ ਲੈਂਦਿਆਂ ਕਿਹਾ, “ਬਾਬੂ ਜੀ, ਛੋਟੀ ਉਮਰੇ ਮੈਂ ਯਤੀਮ ਹੋ ਗਿਆ। ਮੇਰੇ ਚਾਚੇ ਨੇ ਮੈਨੂੰ ਅਤੇ ਮੇਰੀਆਂ ਭੈਣਾਂ ਨੂੰ ਘਰੋਂ ਕੱਢ ਦਿੱਤਾ। ਇੱਕ ਖਾਲੀ ਪਲਾਟ ’ਚ ਝੌਂਪੜੀ ਪਾ ਕੇ ਅਸੀਂ ਸਾਰੇ ਛੋਟੇ-ਮੋਟੇ ਕੰਮ ਕਰਕੇ ਗੁਜ਼ਾਰਾ ਕਰਨ ਲੱਗੇ।” ਮੈਨੂੰ ਉਸ ਦੀ ਗੱਲ ਸੁਣ ਕੇ ਠੇਸ ਤਾਂ ਪਹੁੰਚੀ, ਪਰ ਉਸ



ਦੇ ਰੋਜ਼ਾਨਾ ਗਲੀ ’ਚ ਆਉਣ ਨਾਲ ਸਾਡੇ ਬੱਚੇ ਬਹੁਤ ਜ਼ਿੱਦੀ ਹੋ ਜਾਣ ਕਾਰਨ ਸਾਡੀ ਪ੍ਰੇਸ਼ਾਨੀ ਦਾ ਸਬੱਬ ਬਣ ਗਏ।

ਇੱਕ ਵਾਰ ਤਾਂ ਹੱਦ ਹੀ ਹੋ ਗਈ, ਜਦੋਂ ਉਹ ਗੱਟਾ ਵੇਚਣ ਲਈ ਗਾਉਂਦਾ ਗਾਉਂਦਾ ਸਾਡੇ ਘਰਾਂ ਵੱਲ ਆ ਗਿਆ। ਕਹਿੰਦਾ, “ਗੱਟਾ ਲੈਚੀਆਂ ਵਾਲਾ, ਗੱਟਾ ਦੱਨਿਆਂ ਵਾਲਾ। ਲੈ ਲਉ ਗੱਟਾ..., ਜਿਹੜਾ ਬੱਚਾ ਗੱਟਾ ਨਾ ਖਾਏ ਉਹ ਭਲਕੇ ਸਕੂਲ ਵੀ ਨਾ ਜਾਏ।” ਇਹ ਸੁਣ ਕੇ ਮੇਰਾ ਗੁੱਸਾ ਸੱਤਵੇਂ ਆਸਮਾਨ ’ਤੇ ਪਹੁੰਚ ਗਿਆ। ਮੈਂ ਕਿਹਾ, “ਆਪ ਤਾਂ ਤੂੰ ਸਕੂਲ ਜਾਂਦਾ ਨਹੀਂ ਤੇ ਸਾਡੇ ਬੱਚਿਆਂ ਨੂੰ ਕਿਹੋ ਜਿਹੀ ਨਸੀਹਤ ਦੇ ਰਿਹਾ ਏਂ!”

ਇੱਕ ਦਿਨ ਮੇਰੇ ਬੇਟੇ ਅੰਜੁਮ ਦਾ ਜਨਮ ਦਿਨ ਸੀ। ਦਫ਼ਤਰ ਤੋਂ ਘਰ ਆ ਕੇ ਮੈਂ ਅੰਜੁਮ ਲਈ ਕੇਕ, ਮਠਿਆਈ ਆਦਿ ਦਾ ਪ੍ਰਬੰਧ ਕਰਕੇ ਬਾਜ਼ਾਰ ਤੋਂ ਵਾਪਸ ਆ ਰਿਹਾ ਸੀ ਤਾਂ ਨੰਦੂ ਨੂੰ ਹੈਪੀ ਬਰਥਡੇਅ ਵਾਲੇ ਗੁਬਾਰੇ ਵੇਚਦਾ ਵੇਖਿਆ।

ਮੈਂ ਗੁਬਾਰਿਆਂ ਦੀ ਕੀਮਤ ਪੁੱਛੀ। ਨੰਦੂ ਨੇ ਕਿਹਾ, “ਬਾਬੂ ਜੀ, ਵੈਸੇ ਤਾਂ ਮੈਂ 400 ਰੁਪਏ ਦੇ ਵੇਚਦਾ ਹਾਂ, ਪਰ ਤੁਹਾਡੇ ਲਈ 300 ਰੁਪਏ ਦੇ।” “ਵਾਹ ਬਈ ਵਾਹ 200 ਰੁਪਏ ਵਾਲੇ 300 ਦੇ! ਮੰਨ ਗਏ ਤੈਨੂੰ ਨੰਦੂ। ਜਾ, ਦਫ਼ਾ ਹੋ ਜਾ ਇੱਥੋਂ। ਆ ਜਾਂਦੇ ਨੇ ਠੱਗ ਕਿਤੋਂ ਦੇ। ਬੇਈਮਾਨ ਕਿਸੇ ਥਾਂ ਦਾ।” ਮੈਂ ਆਖਿਆ, ਪਰ ਅੰਜੁਮ ਕਿੱਥੇ ਮੰਨਣ ਵਾਲਾ ਸੀ। ਜ਼ਿੱਦ ਕਰਕੇ ਜ਼ਮੀਨ ’ਤੇ ਲੇਟ ਜ਼ੋਰ-ਜ਼ੋਰ ਦੀ ਰੋਣ ਲੱਗਿਆ। ਮਜਬੂਰਨ ਮੈਂ ਨੰਦੂ ਨੂੰ ਆਵਾਜ਼ ਮਾਰੀ ਅਤੇ ਗੁਬਾਰੇ ਖਰੀਦਣ ਲਈ ਉਸ ਨੂੰ 500 ਦਾ ਨੋਟ ਦਿੱਤਾ। ਉਸ ਕੋਲ ਖੁੱਲ੍ਹੇ ਪੈਸੇ ਨਹੀਂ ਸਨ, ਪਰ ਮੈਂ ਬਾਕੀ ਪੈਸੇ ਵਾਪਸ ਚਾਹੁੰਦਾ ਸੀ। ਮੈਂ ਸੋਚਿਆ ਕਿ ਫੇਰ ਕਿਧਰੇ ਆਵੇ ਜਾਂ ਨਾ। ਉਹ ਬੱਚਾ ਮੇਰੀ ਭਾਵਨਾ ਨੂੰ ਸਮਝ ਗਿਆ। ਉਸ ਤੋਂ ਆਪਣੇ ਹਮਉਮਰ ਅੰਜੁਮ ਦੀ ਇਹ ਹਾਲਤ ਵੇਖੀ ਨਾ ਗਈ। ਉਸ ਨੇ ਝੱਟ ਅੰਜੁਮ ਨੂੰ ਆਪਣੀ ਤਰਫ਼ੋਂ ਹੈਪੀ ਬਰਥਡੇਅ ਕਹਿੰਦਿਆਂ ਗੁਬਾਰੇ ਤੋਹਫ਼ੇ ਵਜੋਂ ਦੇ ਦਿੱਤੇ। ਉਸ ਨੇ ਕਿਹਾ, “ਮੇਰੇ ਵੱਲੋਂ ਭਰਾ ਨੂੰ ਤੋਹਫ਼ਾ।” ਮੈਂ ਬਹੁਤ ਸ਼ਰਮਿੰਦਾ ਹੋਇਆ। ਮੈਂ ਉਸ ਨੂੰ 500 ਰੁਪਏ ਦੇਣ ਦੀ ਬੇਹੱਦ ਕੋਸ਼ਿਸ਼ ਕੀਤੀ, ਪਰ ਹੁਣ ਉਸ ਨੇ ਪੈਸੇ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੇਰੇ ਅੰਦਰੋਂ ਆਵਾਜ ਆਈ ਕਿ ਛੋਟੇ ਜਿਹੇ ਬੱਚੇ ਦਾ ਕਿੰਨਾ ਵੱਡਾ ਦਿਲ। ਮੈਂ ਮਨ ਹੀ ਮਨ ਵਿੱਚ ਕਿਹਾ, “ਛੋਟਾ ਮੈਂ ਜਾਂ ਇਹ ਮਜਬੂਰ ਬੱਚਾ ? ਕੌਣ ਠੱਗ ਤੇ ਕੌਣ ਬੇਈਮਾਨ... ?”

## ਰੋਕ

**ਬੀ.ਡੀ. ਸ਼ਰਮਾ**

ਦਸਵੀਂ ਪਾਸ ਕਰਨ ਤੋਂ ਬਾਅਦ ਕਾਲਜ ’ਚ ਦਾਖਲਾ ਲਿਆ। ਮਾਪਿਆਂ ਦੀ ਜਿਵੇਂ ਰੁਚੀ ਹੁੰਦੀ ਹੈ ਕਿ ਹਰ ਰੋਜ਼ ਪੜ੍ਹ ਕੇ ਮੁੰਡਾ ਘਰ ਆ ਜਾਵੇ, ਸਮਾਂ ਖਰਾਬ ਹੋਣ ਦੀ ਚਿੰਤਾ ਘੱਟ ਹੀ ਹੁੰਦੀ ਹੈ ਕਿਸੇ ਨੂੰ। ਵਾਪਸ ਘਰ ਪਹੁੰਚਣ ਤੱਕ ਦਿਨ ਅਕਸਰ ਛਿਪ ਹੀ ਜਾਂਦਾ। ਇੱਕ ਦਿਨ ਮੈਂ ਘਰ ਪਹੁੰਚਿਆ ਤਾਂ ਮੇਰੀ ਬੀਬੀ (ਮਾਂ) ਥਾਲੀ ’ਚ ਪਾਣੀ ਪਾ ਕੇ ਵਿੱਚ ਗੜਵੀ ਮੂਧੀ ਰੱਖ ਕੇ ਉਸ ਉੱਤੇ ਥੋੜ੍ਹੀ ਜਿਹੀ ਅੱਗ ਰੱਖ ਉੱਪਰ ਘਿਓ ਪਾ, ਦੋਵੇਂ ਹੱਥ ਜੋੜ ਕੇ ਮੱਥਾ ਟੇਕ ਰਹੀ ਸੀ। ਮੂੰਹ ’ਚੋਂ ਕੁਝ ਕਹਿ ਵੀ ਰਹੀ ਸੀ, “ਹੇ ਵਿਚਾਰੇ ਬਾਬਿਓ! ਜੇ ਕੋਈ ਭੁੱਲ ਚੁੱਕ ਹੋਵੇ ਤਾਂ ਬਖ਼ਸ਼ ਦਿਓ।” ਮੈਂ ਪੁੱਛਿਆ, “ਬੀਬੀ, ਇਹ ਕੀ ਕਰਦੀ ਹੈਂ ?” ਉਹ ਕਿਸੇ ਹੋਰ ਬੁੜ੍ਹੀ ਦਾ ਨਾਂ ਲੈ ਕੇ ਕਹਿੰਦੀ ਕਿ ਉਹਨੇ ਦੱਸਿਆ ਹੈ ਬਈ ਇਸ ਤਰੀਕੇ ਮੱਥਾ ਟੇਕ ਲਵੀਂ, ਜੇ ਮੱਝ ਨੂੰ ਕੋਈ ਰੋਕ ਜਾਂ ਕਸਰ ਹੋਈ ਤਾਂ ਗੜਵੀ ਵਿੱਚੋਂ ਬੁਲਬੁਲੇ ਨਿਕਲਣਗੇ, ਨਹੀਂ ਤਾਂ ਨਹੀਂ ਨਿਕਲਣੇ।” ਮੇਰੀ ਹਾਸੀ ਨਿਕਲਗੀ।

ਮੈਂ ਕਿਹਾ, “ਇੱਕ ਵਾਰੀ ਸਾਰਾ ਕੁਝ ਚੁੱਕ ਦੇ ਤੇ ਉਸ ਨੂੰ ਵੀ ਬੁਲਾ ਜਿਸ ਨੇ ਇਹ ਤਰਕੀਬ ਦੱਸੀ ਹੈ।” ਸਾਡੀ ਗੁਆਂਢਣ ਦੀ ਹਾਜ਼ਰੀ ’ਚ ਮੈਂ ਦੁਬਾਰਾ ਆਪ ਥਾਲੀ ’ਚ ਪਾਣੀ ਪਾ ਕੇ ਉਹ ਸਾਰੀ ਵਿਧੀ ਦੁਹਰਾ ਦਿੱਤੀ, ਬਿਨਾਂ ਘਿਓ ਅੱਗ ’ਤੇ ਪਾਏ ਅਤੇ ਮੱਥਾ ਟੇਕੇ ਤੋਂ। ਬੁਲਬੁਲੇ ਥਾਲੀ ਦੇ ਪਾਣੀ ’ਚੋਂ ਨਿਕਲਣ ਲੱਗੇ। ਦੋਵੇਂ ਹੈਰਾਨ, “ਲੈ ਕੁੜੇ ਆਹ ਕੀ ਚਰਜ ਹੋਗਿਆ ?” ਮੈਂ ਹੱਸ ਕੇ ਦੋਵਾਂ ਨੂੰ ਸਮਝਾਇਆ, “ਗੜਵੀ ਦੀ ਹਵਾ ਸੇਕ ਨਾਲ ਗਰਮ ਹੋ ਕੇ ਫੈਲਦੀ ਹੈ ਤੇ ਬਾਹਰ ਬੁਲਬੁਲਿਆਂ ਦੇ ਰੂਪ ’ਚ ਨਿਕਲਦੀ ਹੈ। ਕਿਸੇ ਕਸਰ ਜਾਂ ਰੋਕ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ।” ਦੋਵੇਂ ਸ਼ਰਮਿੰਦਗੀ ਭਰੀ ਹਾਸੀ ਹੱਸਦਿਆਂ ਕਹਿਣ ਲੱਗੀਆਂ, “ਸੱਚੀਂ ਭਾਈ, ਅਨਪੜ੍ਹਾਂ ਨੂੰ ਤਾਂ ਇਉਂ ਹੀ ਮੂਰਖ ਬਣਾਉਂਦੇ ਹਨ ‘ਸਿਆਣੇ’ ਕਹਾਉਣ ਵਾਲੇ।

## ਸਖ਼ਤ ਹੁਕਮ

**ਪ੍ਰਤਾਪ ‘ਪਾਰਸ’ ਗੁਰਦਾਸਪੁਰੀ**

ਚੀਨੀ ਡੋਰ ’ਤੇ ਪੂਰਨ ਪਾਬੰਦੀ ਲਾਉਣ ਬਾਰੇ ਸਰਕਾਰ ਵੱਲੋਂ ਦਿੱਤੇ ਗਏ ਸਖ਼ਤ ਹੁਕਮਾਂ ਤਹਿਤ ਜ਼ਿਲ੍ਹੇ ਦੇ ਆਲ੍ਹਾ ਅਧਿਕਾਰੀ ਦੀ ਮੀਟਿੰਗ ਪੁਲਿਸ ਅਫਸਰਾਂ ਅਤੇ ਸਿਵਲ ਪ੍ਰਸ਼ਾਸਨ ਦੇ ਜ਼ੋਨ ਵਾਈਜ਼ ਲਗਾਏ ਗਏ ਇੰਚਾਰਜਾਂ ਨਾਲ ਹੋਈ। ਇਸ ਮੀਟਿੰਗ ਵਿੱਚ ਅਧਿਕਾਰੀ ਨੇ ਸਰਕਾਰ ਵੱਲੋਂ ਮਿਲੇ ਜ਼ੁਬਾਨੀ ਤੇ ਲਿਖਤੀ ਸਖ਼ਤ ਨਿਰਦੇਸ਼ ਇਸ ਵਾਰ ਇੰਨ-ਬਿੰਨ ਲਾਗੂ ਕਰਨ ਲਈ ਹਰ ਜ਼ੋਨ ਦੇ ਇੰਚਾਰਜ ਦੀ ਜ਼ਿੰਮੇਵਾਰੀ ਤੈਅ ਕਰ ਦਿੱਤੀ। ਉਸ ਨੇ ਨਿਰਦੇਸ਼ ਦਿੱਤੇ ਕਿ ਚੀਨੀ ਡੋਰ ਦੀ ਵਰਤੋਂ ਤੇ ਵਿਕਰੀ ਆਦਿ ਸਬੰਧੀ ਕੋਈ ਵੀ ਕੇਸ ਸਾਹਮਣੇ ਆਇਆ ਤਾਂ ਉਸ ਜ਼ੋਨ ਦੇ ਇੰਚਾਰਜ ਖ਼ਿਲਾਫ਼ ਵਿਭਾਗੀ ਕਾਰਵਾਈ ਕੀਤੀ ਜਾਵੇਗੀ ਤੇ ਲਾਪਰਵਾਹੀ ਵਰਤਣ ਦੇ



ਦੋਸ਼ ਹੇਠ ਬਣਦੀਆਂ ਧਾਰਾਵਾਂ ਤਹਿਤ ਪਰਚਾ ਵੀ ਦਰਜ ਕਰਵਾਇਆ ਜਾਵੇਗਾ।

ਮੀਟਿੰਗ ਖ਼ਤਮ ਹੁੰਦਿਆਂ ਹੀ ਮੀਟਿੰਗ ਲੈ ਰਹੇ ਅਧਿਕਾਰੀ ਨੇ ਸਿਟੀ ਜ਼ੋਨ ਦੇ ਇੰਚਾਰਜ, ਜੋ ਕਿਸੇ ਥਾਣੇ ਦੇ ਐਸ ਐਚ ਓ ਦੀ ਪੋਸਟ ’ਤੇ ਤਾਇਨਾਤ ਸੀ, ਨੂੰ ਆਪਣੇ ਕੋਲ ਬੁਲਾ ਕੇ ਪਰਦੇ ਨਾਲ ਕਿਹਾ, “ਇਸ ਤਰ੍ਹਾਂ ਕਰੀਂ ਯਾਰ ਸ਼ਾਮ ਨੂੰ ਇੱਕ ਗੱਟੂ ਚੀਨੀ ਡੋਰ ਦਾ ਮੇਰੇ ਘਰ ਭੇਜ ਦੇਵੀਂ। ਮੁੰਡਾ ਬਹੁਤ ਜ਼ਿੱਦ ਕਰ ਰਿਹੈ, ਵੇਖੀਂ ਗੱਲ ਬਾਹਰ ਨਾ ਨਿਕਲੇ ਨਹੀਂ ਤਾਂ ਤਵਾ ਬਹੁਤ ਲੱਗੂ ਆਪਣਾ।”

ਐੱਸ ਐੱਚ ਓ ਮੇਰਾ ਜਿਗਰੀ ਦੋਸਤ ਸੀ, ਜਦੋਂ ਉਸ ਨੇ ਮੇਰੇ ਨਾਲ ਇਹ ਗੱਲ ਸਾਂਝੀ ਕੀਤੀ ਤਾਂ ਮੈਂ ਕਿੰਨਾ ਹੀ ਚਿਰ ਸੋਚਦਾ ਰਿਹਾ ਕਿ ਇਹ ਕਿਸ ਤਰ੍ਹਾਂ ਦੇ ਸਖ਼ਤ ਹੁਕਮ ਹਨ ਜੋ ਅਧਿਕਾਰੀਆਂ ਵੱਲੋਂ ਹੀ ਤੋੜੇ ਜਾਂਦੇ ਹਨ।

# ਕਾਵਿ ਸੰਸਾਰ

## ਰੈਲੀਆਂ ਦੇ ਆਸਰੇ

ਤਰਲੋਚਨ ਸਿੰਘ ਦੁਪਾਲ ਪੁਰ

ਚੜ੍ਹਦਾ ਚਾਅ ਬਿਅੰਤ ਹੈ ਚਮਚਿਆਂ ਨੂੰ
ਮਾਲਕ ਖੋਲ੍ਹਦੇ ਮੂੰਹ ਜਦ 'ਥੈਲੀਆਂ' ਦੇ।
'ਕੱਠੇ ਕਰਕੇ ਲਿਆਇਉ ਜੀ ਯਾਰ ਬੇਲੀ
ਘਰੇ ਗੱਡੀਆਂ ਭੇਜਦੇ 'ਟਹਿਲੀਆਂ' ਦੇ।
ਜੋ ਮੂੰਹ ਆਵੇ ਸੋ 'ਕੱਠਾਂ ਵਿੱਚ ਬੋਲਦੇ ਨੇ
'ਦਰਦੀ' ਬਣਦੇ ਨੇ ਜੈਲੇ ਤੇ ਜੈਲੀਆਂ ਦੇ।
'ਗੱਫੇ' ਦਿੰਦੇ ਨੇ 'ਛਕਣ ਛਕਾਉਣ' ਵਾਲ਼ੇ
ਚਿਹਰੇ ਖਿੜ ਜਾਂਦੇ ਸ੍ਰੋਤਿਆਂ ਵੈਲੀਆਂ ਦੇ।
ਲੋਕ-ਹਿਤਾਂ ਲਈ ਸੀਗੇ ਸੰਘਰਸ਼ ਕਰਦੇ
ਲੀਡਰ ਰਹੇ ਨਾ ਉਹ ਹੁਣ ਪਹਿਲੀਆਂ ਦੇ।
ਜਨਤਾ ਵਿੱਚ 'ਬਣਾਉਣੀ' ਮੁੜ ਲੋਚਦੇ ਨੇ
'ਟੌਹਰ' ਆਪਣੀ 'ਆਸਰੇ' ਰੈਲੀਆਂ ਦੇ!

## .ਗ਼ਜ਼ਲ

ਹਰਦੀਪ ਬਿਰਦੀ

ਸਾਰੀਆਂ ਮਾਰਾਂ ਸਹਿਣ ਪੰਜਾਬੀ,
ਤਾਂ ਵੀ ਉਫ਼ ਨਾ ਕਹਿਣ ਪੰਜਾਬੀ।
ਦੁਨੀਆ ਜ਼ੋਰ ਲਗਾ ਕੇ ਥੱਕੀ,
ਕਿਸੇ ਤੋਂ ਨਾ ਪਰ ਢਹਿਣ ਪੰਜਾਬੀ।
ਉਸ ਨੂੰ ਆਪਣਾ ਕਰ ਲੈਂਦੇ ਨੇ,
ਜਿਸ ਦੇ ਨਾਲ ਵੀ ਬਹਿਣ ਪੰਜਾਬੀ।
ਉਹ ਤਾਂ ਬਾਜ਼ੀ ਹਰ ਕੇ ਜਾਂਦਾ,
ਜਿਸ ਨਾਲ ਦਿਲ ਤੋਂ ਖਹਿਣ ਪੰਜਾਬੀ।
ਉਸ ਲਈ ਜਾਨ ਲੁਟਾ ਦਿੰਦੇ ਨੇ,
ਜਿਸ ਨੂੰ ਆਪਣਾ ਕਹਿਣ ਪੰਜਾਬੀ।
ਚੰਗੇ ਦੇ ਲਈ ਠੰਢੀ ਛਾਂ ਨੇ
ਮਾੜੇ ਲਈ ਨੇ ਗ੍ਰਹਿਣ ਪੰਜਾਬੀ।
ਹਰ ਗੱਲ ਦੀ ਦੇ ਦਿੰਦੇ ਮੁਆਫ਼ੀ
ਜਦ ਜਜ਼ਬਾਤ 'ਚ ਵਹਿਣ ਪੰਜਾਬੀ।

## ਕੋਹਾਂ ਤੀਕ ਹਨ੍ਹੇਰਾ

ਡਾ. ਅਮਰਜੀਤ ਕੌਂਕੇ

ਮੈਂ ਜਿਸ ਰੌਸ਼ਨੀ 'ਚ ਬੈਠਾ ਹਾਂ
ਮੈਨੂੰ ਇਹ ਰੌਸ਼ਨੀ
ਮੇਰੀ ਨਹੀਂ ਲੱਗਦੀ
ਇਸ ਮਸਨੂਈ ਜਿਹੇ ਚਾਨਣ ਦੀ
ਕੋਈ ਵੀ ਕਿਰਨ
ਪਤਾ ਨਹੀਂ ਕਿਉਂ
ਮੇਰੀ ਰੂਹ 'ਚ
ਨਹੀਂ ਜਗਦੀ

ਜਗਮਗ ਕਰਦਾ
ਅੱਖਾਂ ਚੁੰਧਿਆਉਂਦਾ ਇਹ ਜੋ ਚਾਨਣ ਚੁਫ਼ੇਰਾ ਹੈ
ਅੰਦਰ ਝਾਕ ਕੇ ਵੇਖਾਂ
ਤਾਂ ਕੋਹਾਂ ਤੀਕ ਨ੍ਹੇਰਾ ਹੈ
ਕਦੇ ਜਦ ਸੋਚਦਾ ਹਾਂ ਬੈਠ ਕੇ
ਤਾਂ ਮਹਿਸੂਸ ਇਉਂ ਹੁੰਦਾ
ਕਿ ਅਸਲ ਵਿੱਚ
ਧੁਰ ਅੰਦਰ ਤੱਕ ਪੱਸਰਿਆ
ਹਨ੍ਹੇਰਾ ਹੀ ਮੇਰਾ ਹੈ

ਮੇਰੇ ਅੰਦਰ
ਹਨ੍ਹੇਰੇ ਵਿੱਚ
ਮੈਨੂੰ ਸੁਣਦਾ
ਅਕਸਰ ਹੁੰਦਾ ਵਿਰਲਾਪ ਜਿਹਾ
ਮੇਰੇ ਸੁਪਨਿਆਂ ਨੂੰ ਲਿਪਟਿਆ
ਜਿਹੜਾ ਸੰਤਾਪ ਜਿਹਾ
ਇਹ ਚਾਨਣ ਨੂੰ ਬਣਾ ਦਿੰਦਾ
ਮੇਰੇ ਲਈ ਇੱਕ ਪਾਪ ਜਿਹਾ

ਇਹ ਜਗਮਗਾਉਂਦੀ ਰੌਸ਼ਨੀ
ਇਹ ਜੋ ਚਾਨਣ ਚੁਫੇਰਾ ਹੈ
ਅੰਦਰ ਝਾਕ ਕੇ ਦੇਖਾਂ
ਤਾਂ ਕੋਹਾਂ ਤੀਕ 'ਨ੍ਹੇਰਾ ਹੈ...।

## ਤੈਨੂੰ ਫਿਰ ਵੀ ਵੇਖ ਸਕਦਾ ਹਾਂ...

ਜਤਿੰਦਰ ਔਲਖ

ਕੱਢ ਲਵੋ ਮੇਰੀਆਂ ਅੱਖਾਂ
ਮੈਂ ਤੈਨੂੰ ਫਿਰ ਵੀ ਵੇਖ ਸਕਦਾ ਹਾਂ
ਬੰਦ ਕਰ ਦਿਓ ਮੇਰੇ ਕੰਨ
ਫਿਰ ਵੀ ਸੁਣ ਸਕਦਾ ਹਾਂ ਤੇਰੀ ਆਵਾਜ਼
ਬਿਨਾਂ ਪੈਰਾਂ ਦੇ ਪਹੁੰਚ ਸਕਦਾ ਹਾਂ ਤੇਰੇ ਕੋਲ
ਬਗੈਰ ਜ਼ੁਬਾਨ ਦੇ ਮੈਂ ਤੈਨੂੰ
ਆਪਣੀ ਤੜਪ ਨਾਲ ਬੁਲਾ ਸਕਦਾ ਹਾਂ
ਬੇਸ਼ੱਕ ਮੇਰੀਆਂ ਬਾਹਾਂ ਤੋੜ ਦਿਓ
ਫਿਰ ਵੀ ਵਲ਼ ਲਵਾਂਗਾ ਤੈਨੂੰ
ਆਪਣੇ ਦਿਲ ਦੀ ਕੈਦ ਵਿੱਚ
ਇੰਝ ਜਕੜ ਲਵਾਂਗਾ
ਜਿਵੇਂ ਹੱਥ ਜਕੜਦੇ ਨੇ
ਮੇਰਾ ਦਿਲ-ਦਿਮਾ.ਗ ਤੇਰੇ ਲਈ ਧੜਕੇਗਾ
ਜੇ ਮੇਰੇ ਦਿਮਾ.ਗ ਨੂੰ ਸਾੜ ਦਿਓਗੇ
ਤਾਂ ਮੈਂ ਤੈਨੂੰ ਆਪਣੇ ਲਹੂ ਸੰਗ
ਰਗਾਂ ਵਿੱਚ ਵਹਾ ਲਵਾਂਗਾ।
(ਜਰਮਨ ਕਵੀ ਰੀਨੇਰ ਮਾਰੀਆ ਰਿਲਕੇ ਦੀ ਕਵਿਤਾ ਦਾ ਪੰਜਾਬੀ ਰੂਪ)

## ਇਸ਼ਕ ਦੇ ਪੱਤਣਾਂ 'ਤੇ ਮੇਲੇ ਜੁੜ ਗਏ



ਇਸ਼ਕ ਦੇ ਪੱਤਣਾਂ 'ਤੇ ਮੇਲੇ ਜੁੜ ਗਏ
ਇਲਮ ਦੇ ਸਾਰੇ ਕਿਨਾਰੇ ਖੁਰ ਗਏ
ਖ਼ਾਕ ਮੇਰੀ 'ਚੋਂ ਮੁਹੱਬਤ ਖਿੜ ਪਈ
ਮੁੱਲ ਤੇਰੇ ਪਾਣੀਆਂ ਦੇ ਮੁੜ ਗਏ
ਉੱਚੀ ਹੋਈ ਲਾਟ ਜਦ ਵੀ ਇਸ਼ਕ ਦੀ
ਰੰਗ ਰਸਮਾਂ ਵਾਲਿਆਂ ਦੇ ਉਡ਼ ਗਏ
ਸੁਹਣੀਆਂ ਹਿੱਕਾਂ 'ਤੇ ਓਹੀ ਸੋਭਦੇ
ਸੂਈ ਦੇ ਨੱਕੇ 'ਚ ਜਿਹੜੇ ਪੁਰ ਗਏ
ਗੀਤ ਦੀ ਟਾਹਣੀ ਤੋਂ ਨਾਤਾ ਤੋੜ ਕੇ
ਦੋ ਗੁਲਾਬੀ ਫੁੱਲ ਝਨਾਂ ਵਿੱਚ ਰੁੜ੍ਹ ਗਏ
ਬਾਲ਼ ਕੇ ਅਪਣੀ ਅਕੀਦਤ ਦੇ ਚਿਰਾਗ
ਤੇਰੀ ਦੁਨੀਆਂ 'ਚੋਂ ਮੁਸਾਫ਼ਰ ਮੁੜ ਗਏ
ਸਜ ਗਈ ਹੈ ਫੇਰ ਮਹਿਫਿਲ ਸ਼ਾਮ ਦੀ
ਚੰਨ ਦੀ ਸੁਹਬਤ 'ਚ ਤਾਰੇ ਜੁੜ ਗਏ

**-ਸੁਖਵਿੰਦਰ ਅੰਮ੍ਰਿਤ**

## ਯਕੀਨ

ਲਾਡੀ ਜਗਤਾਰ

ਗੱਲ ਤਾਂ ਯਕੀਨ 'ਤੇ ਖੜ੍ਹੀ ਸੀ
ਯਕੀਨ ਨਾ ਰਿਹਾ
ਘਰਾਂ ਨੂੰ ਦਰਵਾਜ਼ੇ ਲੱਗ ਗਏ।
ਯਕੀਨ ਹੋਰ ਡੋਲਿਆ
ਤਾਂ ਗਿੱਠ ਗਿੱਠ ਤੱਕ ਦੇ
ਜਿੰਦੇ ਵੀ ਆ ਗਏ।
ਫਿਰ
ਯਕੀਨ ਵਾਂਗ ਦਰਵਾਜ਼ੇ ਦੇ ਜਿੰਦੇ ਵੀ
ਟੁੱਟਣ ਲੱਗੇ।
ਹੁਣ ਇੱਕ ਦੂਜੇ 'ਤੇ
ਯਕੀਨ ਬਿਲਕੁਲ ਖ਼ਤਮ ਏ
ਤਾਹੀਂ ਕੈਮਰੇ ਲੱਗ ਗਏ।
ਹੁਣ ਕੈਮਰਿਆਂ 'ਤੇ ਵੀ
ਯਕੀਨ ਨਹੀਂ ਰਿਹਾ।
ਅੱਜਕਲ੍ਹ ਸਾਰੇ ਠੱਗ ਨੇ
ਹੁਣ ਜੋ ਯਕੀਨ ਕਰ ਗਿਆ
ਉਹ ਠੱਗਿਆ ਗਿਆ।
ਚੰਗਾ ਸੀ ਜੇ
ਆਪਸੀ ਯਕੀਨ ਬਣਿਆ ਰਹਿੰਦਾ।

## .ਗ਼ਜ਼ਲ

ਜਗਤਾਰ ਪੱਖੋ

ਵੇਖ ਤੇਰੇ ਇਸ਼ਕ ਦੀ ਜਾਦੂਗਰੀ।
ਮੰਤਰਾਂ ਨੂੰ ਭੁੱਲ ਗਏ ਨੇ ਮਾਂਦਰੀ।
ਭੌਰ ਇਹ ਸਭ ਵੇਖ ਕੇ ਭੈਅਭੀਤ ਹੈ,
ਵਾਸ਼ਨਾ ਦੀ ਹੋ ਰਹੀ ਹੈ ਤਸਕਰੀ।
ਇਹ ਸਮੇਂ ਦਾ ਅੱਥਰਾ ਬਦਲਾਵ ਹੈ,
ਮੋਹ ਦੀ ਭਾਸ਼ਾ ਹੋ ਰਹੀ ਹੈ ਖੁਰਦਰੀ।
ਡੇਰਿਆਂ ਦੀ ਨੀਤ ਹੁਣ ਬਦਰੰਗ ਹੈ,
ਆਸਥਾ ਦੀ ਸੋਚ ਹੋਈ ਜਰਜਰੀ।
ਨੇਰ੍ਹਿਆਂ ਦਾ ਪਸਤ ਹੋਇਆ ਹੌਸਲਾ,
ਵੇਖ ਵਧਦੀ ਦੀਵਿਆਂ ਦੀ ਹਾਜ਼ਰੀ।
ਹਰ ਘੜੀ ਨੂੰ ਰੁੱਤ ਵਾਂਗੂੰ ਮਾਣਦੇ,
ਸ਼ਾਇਰ ਕਰਦੇ ਜਜ਼ਬਿਆਂ ਦੀ ਪਰਵਰੀ।
***

## ਦਿਲ ਦੇ ਬੋਲ

ਡਾ. ਸਤਿੰਦਰਜੀਤ ਕੌਰ

ਤੇਰੇ ਬਾਝ ਮੇਰੇ ਨੇਤਰ ਨਮ।
ਹਿਜ਼ਰ ਦੇ ਖਾਧੇ ਡੂੰਘੇ ਗਮ।
ਆਪਾਂ ਇਸ਼ਕ ਦੀ ਸੂਲੀ ਚੜ੍ਹ ਗਏ,
ਹੁਣ ਤਾਂ ਭਾਵੇਂ ਲਹਿ ਜਾਵੇ ਚੰਮ।
ਪਲਕੋਂ ਡਿੱਗਣੋਂ ਨੀਰ ਨਾ ਰੁਕਦਾ,
ਹੁਣ ਤਾਂ ਔਖੇ ਆਵਣ ਦਮ।
ਲੋਹੇ ਦਾ ਹੈ ਸ਼ਹਿਰ ਬਟਾਲਾ,
ਜ਼ੰਗ ਗਿਆ ਹੈ ਦਿਲ ਵਿੱਚ ਜੰਮ।
ਉਹ ਹੀ ਕੌਮਾਂ ਵੱਸਣ ਰੱਸਣ,
ਦਿਨੇ ਰਾਤ ਜੋ ਕਰਦੀਆਂ ਕੰਮ।
ਵਕਤ ਗਵਾਚਾ ਮੁੜ ਨਾ ਲੱਭਦਾ,
ਲੱਭਦਿਆਂ ਪੈ ਜਾਵਣ ਖ਼ਮ।
ਹਰ ਇੱਕ ਦਿਲ ਦਾ ਸਾਫ਼ ਨਾ ਹੋਵੇ,
ਇਹ ਗੱਲ ਪੱਕੀ ਬੁੱਟਰ ਥੰਮ।
*******

## .ਗ਼ਜ਼ਲ

ਗੋਗੀ ਜ਼ੀਰਾ

ਸੋਚਾਂ ਤੰਗ ਕੋਈ ਨਾ ਸੰਗ,
ਚਿਹਰੇ ਲਾਲ ਦਿਲ ਬੇਰੰਗ।
ਪਰਖ ਨਾ ਪਾਵਾਂ ਵੈਰੀ, ਮਿੱਤਰ,
ਬਾਹਰ ਸ਼ਾਂਤੀ ਅੰਦਰ ਜੰਗ।
ਅਸੀਂ ਆਪਣੀ ਮਸਤੀ ਦੇ ਵਿੱਚ,
ਚਾਹੇ ਸਾਨੂੰ ਜਾਣ ਮਲੰਗ।
ਖ਼ਾਹਿਸ਼ਾਂ ਮਾਰ ਤੇ ਲੋੜਾਂ ਚੁਣ,
ਜਿੰਦ ਨਾ ਐਵੇਂ ਸੂਲੀ ਟੰਗ।
ਭਲਾ ਹੈ ਚੁੱਪ 'ਚ, ਸ਼ੋਰ ਤਬਾਹੀ,
ਸੱਚ ਕਹਿਣ ਵਿੱਚ ਕਾਹਦੀ ਸੰਗ।
ਮੌਤ ਹੈ ਸੱਪਣੀ ਲੁਕ ਕੇ ਬੈਠੀ,
ਖੌਰੇ ਕਦ ਇਹ ਮਾਰੇ ਡੰਗ।
ਸਭ ਦਾ ਆਪਣਾ-ਆਪਣਾ ਰਾਗ,
'ਗੋਗੀ' ਨਾ ਕੋਈ ਪਾਈਂ ਭੰਗ।
*****

## ਮੈਂ ਸੁੰਦਰ ਹਾਂ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308





ਲੱਗੇ ਨਾ ਮੈਨੂੰ ਮੇਰੀ ਨਜ਼ਰ,
ਮੈਂ ਹਰ ਰੋਜ਼ ਹੀ ਡਰਦੀ ਹਾਂ,
ਇਸੇ ਕਰਕੇ ਮੈਂ ਸ਼ੀਸ਼ੇ ਮੋਹਰੇ,
ਬਹੁਤੀ ਦੇਰ ਨਾ ਖੜ੍ਹਦੀ ਹਾਂ।
ਮਾਣ ਹੈ ਮੈਨੂੰ ਆਪਣੀ ਦਿੱਖ 'ਤੇ,
ਨੈਣ ਨਕਸ਼ ਅਤੇ ਅੰਗਾਂ ਉੱਤੇ,
ਬੋਚ ਬੋਚ ਜ਼ਿੰਦਗੀ ਦੀ ਪੌੜੀ,
ਸਹਿਜੇ ਸਹਿਜੇ ਚੜ੍ਹਦੀ ਹਾਂ।

ਮੇਰੀ ਹੋਂਦ ਅਤੇ ਮੇਰੀ ਕਾਇਆ,
ਸਭ ਮੇਰਾ ਸਰਮਾਇਆ ਹੈ,
ਸਾਂਭ ਸਾਂਭ ਮੈਂ ਇਸ ਨੂੰ ਰੱਖ ਕੇ,
ਸੰਜਮ ਨਾਲ ਅੱਗੇ ਵਧਦੀ ਹਾਂ।

ਦੋ ਪੈਰ ਭਾਵੇਂ ਘੱਟ ਹੀ ਚੱਲਾਂ,
ਪਰ ਮੜਕ 'ਚ ਕਾਣ ਨਾ ਆਵੇ,
ਮੇਰੀ ਚਾਲ ਨਿੱਤ ਦੁਨੀਆ ਤੱਕੇ,
ਹਮੇਸ਼ਾਂ ਮੈਂ ਕਾਮਨਾ ਕਰਦੀ ਹਾਂ।

ਸੱਜਣਤਾ ਪੌਸ਼ਾਕ ਹੈ ਮੇਰੀ,
ਹੱਸਮੁੱਖਤਾ ਮੇਰਾ ਗਹਿਣਾ ਹੈ,
ਮੇਰੇ ਲਈ ਕੋਈ ਨਹੀਂ ਪਰਾਇਆ,
ਹਰ ਇੱਕ ਦੀ ਹਮਦਰਦੀ ਹਾਂ।

ਜਿੱਧਰ ਜਾਵਾਂ ਹੱਥੀਂ ਛਾਵਾਂ,
ਮੈਨੂੰ ਦੁਨੀਆ ਕਰਦੀ ਜਾਪੇ,
ਕੋਹਾਂ ਦੂਰ ਹੈ ਨਫਰਤ ਮੈਥੋਂ,
ਪਿਆਰ ਦੀ ਨਜ਼ਰ ਹੀ ਰੱਖਦੀ ਹਾਂ।

ਮਾਣ ਹੈ, ਪਰ ਹੰਕਾਰ ਨਹੀਂ ਹੈ,
ਮੈਨੂੰ ਆਪਣੇ ਆਪ ਦੇ ਉੱਤੇ,
ਕੋਸ਼ਿਸ਼ ਕਰਕੇ ਹਰ ਵੇਲੇ,
ਹਲੀਮੀ ਦੀ ਹਾਮੀ ਭਰਦੀ ਹਾਂ।

ਲੱਗੇ ਨਾ ਮੈਨੂੰ ਮੇਰੀ ਨਜ਼ਰ,
ਮੈਂ ਹਰ ਰੋਜ਼ ਹੀ ਡਰਦੀ ਹਾਂ,
ਇਸੇ ਕਰਕੇ ਮੈਂ ਸ਼ੀਸ਼ੇ ਮੋਹਰੇ,
ਬਹੁਤੀ ਦੇਰ ਨਾ ਖੜ੍ਹਦੀ ਹਾਂ।

## ਜੰਗਲ ਵੱਲ...

ਡਾ. ਪਰਵੇਜ਼ ਸ਼ਹਿਰਯਾਰ

ਅਸੀਂ ਜੰਗਲ ਵੱਲ ਕੂਚ ਕਰ ਰਹੇ ਹਾਂ
ਜਿੱਥੇ ਸਿਰਫ਼ ਇੱਕ ਹੀ ਕਾਨੂੰਨ ਚੱਲਦਾ ਹੈ
ਤਾਕਤਵਰ ਕਮਜ਼ੋਰ ਦਾ ਮਾਸ ਖਾਂਦਾ ਹੈ
ਜਿੱਥੇ ਤਾਕਤ ਹੀ ਹੱਕ ਬਣ ਜਾਂਦੀ ਹੈ
ਅਸੀਂ ਹਨੇਰੇ ਵੱਲ ਵਧ ਰਹੇ ਹਾਂ
ਜਿੱਥੇ ਤਾਕਤਵਰ ਜੋ ਵੀ ਸਾਹਮਣੇ ਆਵੇ
ਉਸ ਨੂੰ ਮਾਰ ਦਿੰਦੇ ਹਨ
ਜਿੱਥੇ ਖ਼ਜ਼ਾਨਾ ਅਸ਼ਕਾਂ ਨਾਲੋਂ ਕੀਮਤੀ ਹੈ
ਜਿੱਥੇ ਰਾਕਸ਼ਾਂ ਦੀ ਤ੍ਰਿਸ਼ਨਾ ਖ਼ੂਨ ਨਾਲ ਬੁਝਦੀ ਹੈ
ਜਿੱਥੇ ਖ਼ੂਨ ਪਾਣੀ ਨਾਲੋਂ ਸਸਤਾ ਹੈ
ਜਿੱਥੇ ਇਮਾਨਦਾਰੀ ਅਪੰਗਤਾ ਹੈ
ਜਿੱਥੇ ਰਹਿਮ ਬੇਕਾਰ ਹੈ
ਜਿੱਥੇ ਹਮਦਰਦੀ ਮੂਰਖਤਾ ਸਮਝੀ ਜਾਂਦੀ ਹੈ
ਜਿੱਥੇ ਬਰਦਾਸ਼ਤ ਨਦਾਰਦ ਹੈ।
ਅਸੀਂ ਪੁਰਾਤਨ ਮਨੁੱਖ-ਭੱਖੀ ਯੁੱਗ ਵੱਲ ਵਧ ਰਹੇ ਹਾਂ
ਜਿੱਥੇ ਹਥਿਆਰ ਮਨੁੱਖ ਨੂੰ ਤਾਕਤਵਰ ਬਣਾਉਂਦੇ ਹਨ
ਜਿੱਥੇ ਧਨੁਖ ਤੇ ਤੀਰ ਕਿਸਮਤ ਦਾ .ਫ਼ੈਸਲਾ ਕਰਦੇ ਹਨ
ਜਿੱਥੇ ਕਲਮ ਨਾਲੋਂ ਤਲਵਾਰ ਵਧੇਰੇ ਤਾਕਤਵਰ ਹੈ।
ਅਸੀਂ ਦਰਿੰਦਿਆਂ ਦੀ ਭੀੜ ਵੱਲ ਵਧ ਰਹੇ ਹਾਂ
ਆਪਣੇ ਜੋਖ਼ਮ 'ਤੇ ਦਸਤਕ ਦਿਓ
ਨਾਕਆਊਟ ਰਾਊਂਡ ਚੱਲ ਰਿਹਾ ਹੈ
ਜਿੱਥੇ ਰਿੰਗਮਾਸਟਰ ਸ਼ੇਰਾਂ ਨੂੰ ਕਾਬੂ ਕਰਦਾ ਹੈ
ਜਿੱਥੇ ਬਾਂਦਰ ਸਾਈਕਲ ਚਲਾਉਂਦਾ ਹੈ
ਜਿੱਥੇ ਹਾਥੀ ਨੂੰ ਫੁਟਬਾਲ ਖੇਡਣ ਲਈ ਮਜਬੂਰ ਕੀਤਾ ਜਾਂਦਾ ਹੈ।
ਅਸੀਂ ਸਰਕਸ ਵੱਲ ਵਧ ਰਹੇ ਹਾਂ,
ਜਿੱਥੇ ਸੁੰਦਰ ਕੁੜੀਆਂ ਆਪਣੇ ਜਿਸਮ ਵਿਖਾਉਣ ਲਈ ਬੇਵੱਸ ਹਨ
ਜਿੱਥੇ ਇੱਕ ਆਦਮੀ ਰੋਟੀ ਕਮਾਉਣ ਲਈ ਜੋਕਰ ਬਣਦਾ ਹੈ।
ਅਸੀਂ ਇੱਕ ਐਸੀ ਸਿਆਸੀ ਠੱਗੀ ਵਿੱਚੋਂ ਲੰਘ ਰਹੇ ਹਾਂ
ਜਿੱਥੇ ਸਾਰੀ ਦੁਨੀਆ ਤਬਾਹੀ ਦੇ ਕਿਨਾਰੇ ਖੜ੍ਹੀ ਹੈ
ਅਸੀਂ ਧੂੰਆਂ, ਅੱਗ ਤੇ ਹੰਝੂ ਵੇਖ ਰਹੇ ਹਾਂ
ਜਿੱਥੇ ਮਾਸੂਮਾਂ ਦਾ ਖ਼ੂਨ ਮਲਬੇ ਦੀ ਧੂੜ ਵਿੱਚ ਰਲ ਰਿਹਾ ਹੈ
ਜਿੱਥੇ ਬੇਦੋਸ਼ੇ ਨਾਗਰਿਕ ਗੋਲੀਆਂ ਨਾਲ ਮਾਰੇ ਜਾਂਦੇ ਹਨ
ਜਿੱਥੇ ਸ਼ਾਂਤਮਈ ਪ੍ਰਦਰਸ਼ਨਾਂ ਦੇ ਰਾਹ ਵਿੱਚ
ਸੁਰੱਖਿਆ ਬਲ ਸਭ ਤੋਂ ਵੱਡੀ ਰੁਕਾਵਟ ਬਣੇ ਹੋਏ ਹਨ।
ਅਸੀਂ ਤੀਜੇ ਵਿਸ਼ਵ ਯੁੱਧ ਵੱਲ ਵਧ ਰਹੇ ਹਾਂ

# ਭਾਰਤ ਤੀਜੀ ਵਾਰ ਬਣਿਆ ਟੀ-20 ਵਿਸ਼ਵ ਕੱਪ ਚੈਂਪੀਅਨ

## ਭਾਰਤ ਨੇ ਫ਼ਾਈਨਲ ’ਚ ਨਿਊਜ਼ੀਲੈਂਡ ਨੂੰ 96 ਦੌੜਾਂ ਨਾਲ ਹਰਾ ਕੇ ਖ਼ਿਤਾਬ ਜਿੱਤਿਆ

ਅਹਿਮਦਾਬਾਦ/ਏ.ਟੀ.ਨਿਊਜ਼ : ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ 2026 ਦਾ ਫਾਈਨਲ ਮੈਚ ਖੇਡਿਆ ਗਿਆ। ਭਾਰਤ ਨੇ ਟਾਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 255 ਦੌੜਾਂ ਬਣਾ ਕੇ ਕੀਵੀ ਖਿਡਾਰੀਆਂ ਨੂੰ 256 ਦੌੜਾਂ ਦਾ ਟੀਚਾ ਦਿੱਤਾ ਪਰ ਭਾਰਤੀ ਕ੍ਰਿਕਟ ਟੀਮ ਦੀ ਤੂਫਾਨੀ ਗੇਂਦਬਾਜ਼ੀ ਮੋਹਰੇ ਕੀਵੀ ਖਿਡਾਰੀ ਤਾਸ਼ ਦੇ ਪੱਤਿਆਂ ਵਾਂਗ ਬਿਖਰ ਗਏ। ਕੀਵੀ ਖਿਡਾਰੀ ਵਿਸ਼ਾਲ ਭਾਰਤੀ ਟੀਚੇ ਮੋਹਰੇ ਸਿਰਫ 159 ਦੌੜਾਂ ਹੀ ਬਣਾ ਸਕੀ। ਇਸ ਦੇ ਨਾਲ ਹੀ ਭਾਰਤੀ ਕ੍ਰਿਕਟ ਟੀਮ ਨੇ ਆਈਸੀਸੀ ਟੀ-20 ਵਿਸ਼ਵ ਕੱਪ ਦਾ ਤੀਸਰਾ ਅਤੇ ਲਗਾਤਾਰ ਦੂਜਾ ਵਿਸ਼ਵ ਕੱਪ ਆਪਣੇ ਨਾਂਅ ਕਰ ਲਿਆ।




ਭਾਰਤੀ ਕ੍ਰਿਕਟ ਟੀਮ ਨੇ 3 ਵਾਰ ਆਪਣੇ ਨਾਂਅ ਕੀਤਾ ਟੀ 20 ਵਿਸ਼ਵ ਕੱਪ

ਇਸ ਤੋਂ ਪਹਿਲਾਂ ਭਾਰਤ ਨੇ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ ਦੋ ਵਾਰ, 2007 ਅਤੇ 2024 ਵਿੱਚ ਜਿੱਤਿਆ ਹੈ।

2007 ਦੀ ਜਿੱਤ: ਭਾਰਤ ਨੇ ਐਮ.ਐਸ. ਧੋਨੀ ਦੀ ਕਪਤਾਨੀ ਹੇਠ ਪਹਿਲਾ ਟੀ-20 ਵਿਸ਼ਵ ਕੱਪ ਜਿੱਤਿਆ ਸੀ। ਜੋਹਾਨਸਬਰਗ ਵਿੱਚ ਹੋਏ ਫਾਈਨਲ ਮੁਕਾਬਲੇ ਵਿੱਚ ਭਾਰਤ ਨੇ ਪਾਕਿਸਤਾਨ ਨੂੰ 5 ਦੌੜਾਂ ਨਾਲ ਹਰਾਇਆ ਸੀ।

2024 ਦੀ ਜਿੱਤ: ਭਾਰਤ ਨੇ ਆਪਣਾ ਦੂਜਾ ਖਿਤਾਬ ਰੋਹਿਤ ਸ਼ਰਮਾ ਦੀ ਅਗਵਾਈ ਵਿੱਚ ਜਿੱਤਿਆ। ਬਾਰਬਾਡੋਸ ਵਿੱਚ ਹੋਏ ਫਾਈਨਲ ਵਿੱਚ ਭਾਰਤ ਨੇ ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਮਾਤ ਦਿੱਤੀ। ਇਸ ਜਿੱਤ ਦੇ ਨਾਲ, ਭਾਰਤ ਇੱਕ ਵੀ ਮੈਚ ਹਾਰੇ ਬਿਨਾਂ ਟੂਰਨਾਮੈਂਟ ਜਿੱਤਣ ਵਾਲੀ ਪਹਿਲੀ ਟੀਮ ਬਣ ਗਈ।

2026 ਟੂਰਨਾਮੈਂਟ: 2026 ਦੇ ਟੂਰਨਾਮੈਂਟ ਨੂੰ ਜਿੱਤ ਕੇ ਭਾਰਤ ਨੇ ਲਗਾਤਾਰ ਦੂਜੀ ਵਾਰ ਟੀ-20 ਵਿਸ਼ਵ ਕੱਪ ਆਪਣੇ ਨਾਂਅ ਕੀਤਾ ਹੈ।

## ਜਸਪ੍ਰੀਤ ਬੁਮਰਾਹ ਨੇ ਬਣਾਇਆ ਵਿਸ਼ਵ ਰਿਕਾਰਡ

### ਟੀ-20 ਵਰਲਡ ਕੱਪ ’ਚ ਸਭ ਤੋਂ ਵੱਧ ਵਿਕਟ ਲੈਣ ਵਾਲੇ ਬਣੇ ਤੇਜ਼ ਗੇਂਦਬਾਜ਼




ਭਾਰਤੀ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੇ ਟੀ-20 ਵਿਸ਼ਵ ਕੱਪ 2026 ਦੇ ਫਾਈਨਲ ਵਿੱਚ ਇਤਿਹਾਸ ਰਚ ਦਿੱਤਾ ਹੈ। ਉਸਨੇ ਨਿਊਜ਼ੀਲੈਂਡ ਵਿਰੁੱਧ ਮੈਚ ਵਿੱਚ ਚਾਰ ਵਿਕਟਾਂ ਲੈ ਕੇ ਟੀ-20 ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਵਿਕਟਾਂ ਲੈਣ ਵਾਲੇ ਤੇਜ਼ ਗੇਂਦਬਾਜ਼ ਦਾ ਰਿਕਾਰਡ ਬਣਾਇਆ ਹੈ। ਇਸ ਪ੍ਰਾਪਤੀ ਦੇ ਨਾਲ ਬੁਮਰਾਹ ਨੇ ਲਸਿਥ ਮਲਿੰਗਾ ਅਤੇ ਹੋਰ ਮਹਾਨ ਗੇਂਦਬਾਜ਼ਾਂ ਨੂੰ ਪਿੱਛੇ ਛੱਡ ਦਿੱਤਾ। ਭਾਰਤ ਨੇ ਫ਼ਾਈਨਲ ਵਿੱਚ ਨਿਊਜ਼ੀਲੈਂਡ ਨੂੰ 96 ਦੌੜਾਂ ਨਾਲ ਹਰਾ ਕੇ ਲਗਾਤਾਰ ਦੂਜੀ ਵਾਰ ਖਿਤਾਬ ਜਿੱਤਿਆ ਅਤੇ ਇਹ ਭਾਰਤ ਦਾ ਕੁੱਲ ਤੀਜਾ ਟੀ-20 ਵਿਸ਼ਵ ਕੱਪ ਸੀ।

**ਬੁਮਰਾਹ ਦਾ ਰਿਕਾਰਡ**

ਇਸ ਫਾਈਨਲ ਵਿੱਚ ਬੁਮਰਾਹ ਨੇ ਚਾਰ ਵਿਕਟਾਂ ਲਈਆਂ, ਜਿਸ ਨਾਲ ਉਸਦੇ ਕੈਰੀਅਰ ਦੇ ਟੀ-20 ਵਿਸ਼ਵ ਕੱਪ ਵਿੱਚ ਕੁੱਲ 40 ਵਿਕਟਾਂ ਹੋ ਗਈਆਂ। ਉਸਦਾ ਇਕਾਨਮੀ ਰੇਟ 5.66 ਸੀ, ਜੋ ਕਿ ਕਿਸੇ ਵੀ ਤੇਜ਼ ਗੇਂਦਬਾਜ਼ ਲਈ ਇੱਕ ਸ਼ਾਨਦਾਰ ਪ੍ਰਦਰਸ਼ਨ ਮੰਨਿਆ ਜਾਂਦਾ ਹੈ। ਇਸ ਰਿਕਾਰਡ ਦੇ ਨਾਲ ਬੁਮਰਾਹ ਨੇ ਲਸਿਥ ਮਲਿੰਗਾ (38 ਵਿਕਟਾਂ) ਨੂੰ ਪਛਾੜ ਕੇ ਟੀ-20 ਵਿਸ਼ਵ ਕੱਪ ਇਤਿਹਾਸ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਤੇਜ਼ ਗੇਂਦਬਾਜ਼ਾਂ ਦੀ ਸੂਚੀ ਵਿੱਚ ਸਿਖਰ ’ਤੇ ਪਹੁੰਚ ਗਿਆ।

**ਬੁਮਰਾਹ ਦਾ ਮੈਚ ’ਤੇ ਪ੍ਰਭਾਵ**

ਫਾਈਨਲ ਵਿੱਚ ਬੁਮਰਾਹ ਨੇ ਵਿਰੋਧੀ ਬੱਲੇਬਾਜ਼ਾਂ ਨੂੰ ਪੂਰੀ ਤਰ੍ਹਾਂ ਕਾਬੂ ਵਿੱਚ ਰੱਖਿਆ। ਉਸਦੀ ਯਾਰਕਰ ਅਤੇ ਹੌਲੀ ਗੇਂਦ ਦੀ ਰਣਨੀਤੀ ਨੇ ਨਿਊਜ਼ੀਲੈਂਡ ਦੇ ਬੱਲੇਬਾਜ਼ਾਂ ਨੂੰ ਦੌੜਾਂ ਬਣਾਉਣ ਤੋਂ ਰੋਕਿਆ। ਬੁਮਰਾਹ ਦੇ ਇਸ ਪ੍ਰਦਰਸ਼ਨ ਨੇ ਭਾਰਤ ਨੂੰ 96 ਦੌੜਾਂ ਦੀ ਵਿਆਪਕ ਜਿੱਤ ਦਰਜ ਕਰਨ ਵਿੱਚ ਮਦਦ ਕੀਤੀ। ਉਸ ਦੀਆਂ ਚਾਰ ਵਿਕਟਾਂ ਮੈਚ ਦਾ ਮੋੜ ਸਾਬਤ ਹੋਈਆਂ, ਨਿਊਜ਼ੀਲੈਂਡ ਦੀ ਪਾਰੀ ਨੂੰ ਢਹਿ-ਢੇਰੀ ਕਰ ਦਿੱਤਾ ਅਤੇ ਭਾਰਤ ਨੂੰ ਖਿਤਾਬ ਦਿਵਾਇਆ।

**ਬੁਮਰਾਹ ਦੀ ਮਹੱਤਤਾ**

ਟੀ-20 ਵਿਸ਼ਵ ਕੱਪ ਵਿੱਚ ਭਾਰਤ ਦੀ ਸਫਲਤਾ ਵਿੱਚ ਬੁਮਰਾਹ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਉਸਦੀ ਵਿਕਟ ਲੈਣ ਦੀ ਯੋਗਤਾ, ਦਬਾਅ ਹੇਠ ਗੇਂਦਬਾਜ਼ੀ ਅਤੇ ਰਣਨੀਤਕ ਸੂਝ-ਬੂਝ ਨੇ ਟੀਮ ਇੰਡੀਆ ਨੂੰ ਫਾਈਨਲ ਵਿੱਚ ਪਹੁੰਚਣ ਵਿੱਚ ਮਦਦ ਕੀਤੀ। ਬੁਮਰਾਹ ਨੂੰ ਹੁਣ ‘ਸਦੀ ਦੇ ਸਭ ਤੋਂ ਮਹਾਨ ਟੀ-20 ਤੇਜ਼ ਗੇਂਦਬਾਜ਼ਾਂ’ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ।

## ਵਿਸ਼ਵ ਕੱਪ ਜੇਤੂ ਟੀਮ ਇੰਡੀਆ ’ਤੇ ਹੋਈ ਕਰੋੜਾਂ ਰੁਪਏ ਦੀ ਬਰਸਾਤ

ਅਹਿਮਦਾਬਾਦ/ਏ.ਟੀ.ਨਿਊਜ਼ : ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਖੇਡੇ ਗਏ ਟੀ-20 ਵਿਸ਼ਵ ਕੱਪ 2026 ਦੇ ਫ਼ਾਈਨਲ ਵਿੱਚ ਭਾਰਤੀ ਪੁਰਸ਼ ਕ੍ਰਿਕਟ ਟੀਮ ਨੇ ਉਹ ਕਰਿਸ਼ਮਾ ਕਰ ਦਿਖਾਇਆ ਹੈ, ਜੋ ਅੱਜ ਤੱਕ ਕੋਈ ਟੀਮ ਨਹੀਂ ਕਰ ਸਕੀ। ਕਪਤਾਨ ਸੂਰਿਆਕੁਮਾਰ ਯਾਦਵ ਦੀ ਅਗਵਾਈ ਹੇਠ ਭਾਰਤ ਨੇ ਨਿਊਜ਼ੀਲੈਂਡ ਨੂੰ ਇੱਕਤਰਫ਼ਾ ਮੁਕਾਬਲੇ ਵਿੱਚ ਹਰਾ ਕੇ ਤੀਜੀ ਵਾਰ ਟੀ-20 ਵਿਸ਼ਵ ਕੱਪ ਦੀ ਟਰਾਫ਼ੀ ਆਪਣੇ ਨਾਮ ਕਰ ਲਈ ਹੈ। ਇਸ ਜਿੱਤ ਨਾਲ ਭਾਰਤ ਵਿਸ਼ਵ ਪੱਧਰ ’ਤੇ ਤਿੰਨ ਖਿਤਾਬ ਜਿੱਤਣ ਵਾਲੀ ਅਤੇ ਲਗਾਤਾਰ ਦੂਜੀ ਵਾਰ ਇਹ ਟੂਰਨਾਮੈਂਟ ਜਿੱਤਣ ਵਾਲੀ ਦੁਨੀਆ ਦੀ ਪਹਿਲੀ ਟੀਮ ਬਣ ਗਈ ਹੈ।




**ਭਾਰਤ ਨੇ ਰਚੇ ਕਈ ਨਵੇਂ ਰਿਕਾਰਡ**

ਭਾਰਤ ਨੇ ਨਾ ਸਿਰਫ਼ ਖਿਤਾਬ ਜਿੱਤਿਆ, ਸਗੋਂ ਆਪਣੀ ਮੇਜ਼ਬਾਨੀ ਵਿੱਚ ਟੀ-20 ਵਿਸ਼ਵ ਕੱਪ ਜਿੱਤਣ ਵਾਲੀ ਵੀ ਪਹਿਲੀ ਟੀਮ ਬਣਨ ਦਾ ਮਾਣ ਹਾਸਲ ਕੀਤਾ ਹੈ। ਆਈਸੀਸੀ (933) ਅਨੁਸਾਰ, ਭਾਰਤ ਅਤੇ ਸ਼੍ਰੀਲੰਕਾ ਵਿੱਚ ਦਰਸ਼ਕਾਂ ਦੀ ਭਾਰੀ ਭਾਗੀਦਾਰੀ ਅਤੇ ਸਪਾਂਸਰਸ਼ਿਪ ਵਿੱਚ ਵਾਧੇ ਕਾਰਨ ਇਸ ਵਾਰ ਇਨਾਮੀ ਰਾਸ਼ੀ ਵਿੱਚ 20 ਫ਼ੀਸਦੀ ਦਾ ਵਾਧਾ ਕੀਤਾ ਗਿਆ ਸੀ।

**ਟੀਮ ਇੰਡੀਆ ’ਤੇ ਹੋਈ ਇਨਾਮੀ ਰਾਸ਼ੀ ਦੀ ਬਾਰਿਸ਼**

ਖਿਤਾਬ ਜਿੱਤਣ ਵਾਲੀ ਭਾਰਤੀ ਟੀਮ ਨੂੰ ਕੁੱਲ ਇਨਾਮੀ ਰਾਸ਼ੀ ਵਿੱਚੋਂ 3 ਮਿਲੀਅਨ ਡਾਲਰ (ਲਗਭਗ 27.48 ਕਰੋੜ ਰੁਪਏ) ਦੀ ਵੱਡੀ ਰਕਮ ਦਿੱਤੀ ਗਈ ਹੈ। ਫ਼ਾਈਨਲ ਵਿੱਚ ਹਾਰਨ ਦੇ ਬਾਵਜੂਦ ਨਿਊਜ਼ੀਲੈਂਡ ਦੀ ਟੀਮ ਨੂੰ ਵੀ ਕਰੀਬ 14.65 ਕਰੋੜ ਰੁਪਏ (1.6 ਮਿਲੀਅਨ ਡਾਲਰ) ਮਿਲੇ ਹਨ।

**ਪਾਕਿਸਤਾਨ ਅਤੇ ਹੋਰ ਟੀਮਾਂ ਨੂੰ ਕੀ ਮਿਲਿਆ ?**

ਆਈ.ਸੀ.ਸੀ. ਨੇ ਟੂਰਨਾਮੈਂਟ ਦੇ ਅੰਤਿਮ ਪੜਾਵਾਂ ਤੱਕ ਪਹੁੰਚਣ ਵਾਲੀਆਂ ਸਾਰੀਆਂ ਟੀਮਾਂ ਲਈ ਵਿੱਤੀ ਲਾਭ ਯਕੀਨੀ ਬਣਾਇਆ ਹੈ:

ਪਾਕਿਸਤਾਨ: ਸੁਪਰ-8 ਪੜਾਅ ਤੱਕ ਪਹੁੰਚਣ ਵਾਲੀ ਪਾਕਿਸਤਾਨ ਦੀ ਟੀਮ ਨੂੰ ਕਰੀਬ 3.48 ਕਰੋੜ ਰੁਪਏ (380,000 ਡਾਲਰ) ਮਿਲਣਗੇ।

ਸੈਮੀਫ਼ਾਈਨਲਿਸਟ: ਸੈਮੀਫ਼ਾਈਨਲ ਵਿੱਚ ਹਾਰਨ ਵਾਲੀਆਂ ਟੀਮਾਂ (ਇੰਗਲੈਂਡ ਅਤੇ ਦੱਖਣੀ ਅਫ਼ਰੀਕਾ) ਨੂੰ ਕਰੀਬ 7.24 ਕਰੋੜ ਰੁਪਏ (790,000 ਡਾਲਰ) ਦਿੱਤੇ ਗਏ ਹਨ।

**ਹੋਰ ਟੀਮਾਂ**: ਗਰੁੱਪ ਪੜਾਅ ਵਿੱਚ ਬਾਹਰ ਹੋਣ ਵਾਲੀਆਂ ਟੀਮਾਂ ਨੂੰ ਵੀ ਲਗਭਗ 2.29 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਮਿਲੀ ਹੈ। ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ 20 ਟੀਮਾਂ ਨੂੰ ਘੱਟੋ-ਘੱਟ 2,50,000 ਡਾਲਰ ਦੀ ਰਾਸ਼ੀ ਦਿੱਤੀ ਗਈ ਹੈ ਤਾਂ ਜੋ ਛੋਟੇ ਕ੍ਰਿਕਟ ਬੋਰਡ ਆਪਣੇ ਢਾਂਚੇ ਨੂੰ ਬਿਹਤਰ ਬਣਾ ਸਕਣ।

## 28 ਮਾਰਚ ਤੋਂ ਸ਼ੁਰੂ ਹੋਵੇਗਾ ਆਈ.ਪੀ.ਐਲ.

ਮੁੰਬਈ/ਏ.ਟੀ.ਨਿਊਜ਼ : ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) 2026 ਦਾ ਸੈਸ਼ਨ ਹੁਣ ਦੋ ਦਿਨ ਦੀ ਦੇਰੀ ਨਾਲ 28 ਮਾਰਚ ਤੋਂ ਸ਼ੁਰੂ ਹੋ ਕੇ 31 ਮਈ ਤੱਕ ਚੱਲੇਗਾ। ਦਸੰਬਰ 2025 ’ਚ ਆਈ.ਪੀ.ਐੱਲ. ਵੱਲੋਂ ਸਾਰੀਆਂ ਫ੍ਰੈਂਚਾਈਜ਼ੀਆਂ ਨੂੰ ਦੱਸਿਆ ਗਿਆ ਸੀ ਕਿ 2026 ਐਡੀਸ਼ਨ 26 ਮਾਰਚ ਤੋਂ ਸ਼ੁਰੂ ਹੋਵੇਗਾ। ਹਾਲਾਂਕਿ, ਹੁਣ ਸ਼ੁਰੂ ਹੋਣ ਦੀ ਮਿਤੀ ਬਦਲ ਕੇ 28 ਮਾਰਚ ਕਰ ਦਿੱਤੀ ਗਈ ਹੈ ਅਤੇ ਗ੍ਰੈਂਡ ਫਿਨਾਲੇ 31 ਮਈ ਨੂੰ ਹੋਵੇਗਾ।

ਆਈ.ਪੀ.ਐੱਲ. ਦੀ ਗਵਰਨਿੰਗ ਕੌਂਸਲ ਅਗਲੇ ਹਫਤੇ 2026 ਸੀਜ਼ਨ ਦੇ ਪੂਰੇ ਪ੍ਰੋਗਰਾਮ ਨੂੰ ਆਖਰੀ ਰੂਪ ਦੇਣ ਲਈ ਮੀਟਿੰਗ ਕਰ ਸਕਦੀ ਹੈ। ਖਬਰ ਹੈ ਕਿ ਇਹ ਦੇਰੀ ਅਸਾਮ, ਪੱਛਮੀ ਬੰਗਾਲ ਅਤੇ ਤਾਮਿਲਨਾਡੂ ’ਚ ਵਿਧਾਨ ਸਭਾ ਚੋਣਾਂ ਦੀਆਂ ਮਿਤੀਆਂ ਦੇ ਐਲਾਨ ਨਾਲ ਜੁੜੀ ਹੈ। ਕੋਲਕਾਤਾ ਨਾਈਟ ਰਾਈਡਰਜ਼ (ਕੇ.ਕੇ.ਆਰ.) ਅਤੇ ਚੇਨਈ ਸੁਪਰ ਕਿੰਗਜ਼ (ਸੀ.ਐੱਸ.ਕੇ.) ਦੀਆਂ ਹੋਮ ਗਰਾਊਂਡਾਂ ਕੋਲਕਾਤਾ ਅਤੇ ਚੇਨਈ ’ਤੇ ਅਸਰ ਪਵੇਗਾ ਜਦਕਿ ਅਸਾਮ ਦੀ ਰਾਜਧਾਨੀ ਗੁਹਾਟੀ ਰਾਜਸਥਾਨ ਰਾਇਲਜ਼ ਦਾ ਦੂਜਾ ਵੇਨਿਊ ਹੈ।

## ਜੰਗ ਵਿਚਾਲੇ ਆਸਟ੍ਰੇਲੀਆ ਸਰਕਾਰ ਦਾ ਸ਼ਲਾਘਾਯੋਗ ਕਦਮ, ਇਰਾਨੀ ਮਹਿਲਾ ਫੁੱਟਬਾਲ ਟੀਮ ਦੇ ਮੈਂਬਰਾਂ ਨੂੰ ਦਿੱਤੀ ਸ਼ਰਨ

ਬ੍ਰਿਸਬੇਨ/ਏ.ਟੀ.ਨਿਊਜ਼ : ਮਿਡਲ ਈਸਟ ਵਿਚ ਜਾਰੀ ਜੰਗ ਵਿਚਾਲੇ ਆਸਟ੍ਰੇਲੀਆ ਨੇ ਸ਼ਲਾਘਾਯੋਗ ਕਦਮ ਚੁੱਕਿਆ ਹੈ। ਆਸਟ੍ਰੇਲੀਆ ਦੇ ਗ੍ਰਹਿ ਮੰਤਰੀ ਟੋਨੀ ਬਰਕ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਦੇਸ਼ ਨੇ ਇੱਕ ਟੂਰਨਾਮੈਂਟ ਲਈ ਇਰਾਨ ਤੋਂ ਆਈ ਮਹਿਲਾ ਫੁੱਟਬਾਲ ਟੀਮ ਦੇ ਪੰਜ ਮੈਂਬਰਾਂ ਨੂੰ ਸ਼ਰਣ ਦਿੱਤੀ ਹੈ। ਮੰਗਲਵਾਰ ਸਵੇਰੇ ਸਥਾਨਕ ਸਮੇਂ ਅਨੁਸਾਰ ਆਸਟ੍ਰੇਲੀਆਈ ਸੰਘੀ ਪੁਲਿਸ ਅਧਿਕਾਰੀਆਂ ਨੇ ਆਸਟ੍ਰੇਲੀਆ ਦੇ ਗੋਲਡ ਕੋਸਟ ’ਤੇ ਸਥਿਤ ਉਨ੍ਹਾਂ ਦੇ ਹੋਟਲ ਤੋਂ ਇਰਾਨੀ ਮਹਿਲਾ ਖਿਡਾਰੀਆਂ ਨੂੰ ‘ਸੁਰੱਖਿਅਤ ਸਥਾਨ’ ’ਤੇ ਪਹੁੰਚਾਇਆ।

ਆਸਟ੍ਰੇਲੀਆ ਵਿੱਚ ਇਰਾਨੀ ਸਮੂਹਾਂ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਸਟ੍ਰੇਲੀਆਈ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਉਹ ਉਨ੍ਹਾਂ ਔਰਤਾਂ ਦੀ ਮਦਦ ਕਰੇ ਜੋ ਜਨਤਕ ਤੌਰ ’ਤੇ ਸ਼ਰਨ ਮੰਗਣ ਤੋਂ ਅਸਮਰੱਥ ਹਨ। ਟੀਮ ਦੀਆਂ ਖਿਡਾਰੀਆਂ ਨੇ ਆਪਣੇ ਉਦਘਾਟਨੀ ਮੈਚ ਤੋਂ ਪਹਿਲਾਂ ਇਰਾਨੀ ਰਾਸ਼ਟਰੀ ਗੀਤ ਨਹੀਂ ਗਾਇਆ, ਜਿਸ ਨਾਲ ਅਟਕਲਾਂ ਫੈਲ ਗਈਆਂ ਅਤੇ ਮੀਡੀਆ ਵਿੱਚ ਮਹੱਤਵਪੂਰਨ ਕਵਰੇਜ ਮਿਲੀ। ਮੰਗਲਵਾਰ ਸਵੇਰੇ, ਸਥਾਨਕ ਸਮੇਂ ਅਨੁਸਾਰ ਆਸਟ੍ਰੇਲੀਆਈ ਸੰਘੀ ਪੁਲਿਸ ਨੇ ਪੰਜ ਮਹਿਲਾ ਸ਼ਰਨ ਬਿਨੈਕਾਰਾਂ ਨੂੰ ਉਨ੍ਹਾਂ ਦੇ ਹੋਟਲ ਤੋਂ ‘ਸੁਰੱਖਿਅਤ ਸਥਾਨ’ ’ਤੇ ਪਹੁੰਚਾਇਆ। ਬਰਕ ਨੇ ਬ੍ਰਿਸਬੇਨ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਮਹਿਲਾ ਖਿਡਾਰੀਆਂ ਨਾਲ ਮਿਲੇ ਸਨ ਅਤੇ ਉਨ੍ਹਾਂ ਦੇ ਵੀਜ਼ਿਆਂ ’ਤੇ ਮਨੁੱਖੀ ਆਧਾਰ ’ਤੇ ਪ੍ਰਕਿਰਿਆ ਕੀਤੀ ਗਈ ਸੀ। ਬਰਕ ਨੇ ਕਿਹਾ,‘ਮੈਂ ਕਲਪਨਾ ਵੀ ਨਹੀਂ ਕਰ ਸਕਦੀ ਕਿ ਇਹ ਫੈਸਲਾ ਹਰੇਕ ਔਰਤ ਲਈ ਕਿੰਨਾ ਮੁਸ਼ਕਲ ਰਿਹਾ ਹੋਵੇਗਾ, ਪਰ ਕੱਲ੍ਹ ਰਾਤ ਖੁਸ਼ੀ ਅਤੇ ਰਾਹਤ ਦਾ ਮਾਹੌਲ ਜ਼ਰੂਰ ਸੀ।’



ਬਰਕ ਨੇ ਸੋਸ਼ਲ ਮੀਡੀਆ ’ਤੇ ਔਰਤਾਂ ਦੀਆਂ ਫੋਟੋਆਂ ਪੋਸਟ ਕੀਤੀਆਂ ਜਦੋਂ ਉਹ ਦਸਤਾਵੇਜ਼ਾਂ ’ਤੇ ਦਸਤਖਤ ਕਰ ਰਹੀਆਂ ਸਨ, ਮੁਸਕਰਾਉਂਦੀਆਂ ਅਤੇ ਤਾੜੀਆਂ ਵਜਾਉਂਦੀਆਂ ਸਨ। ਉਸਨੇ ਕਿਹਾ, ‘ਉਹ ਆਸਟ੍ਰੇਲੀਆ ਵਿੱਚ ਇੱਕ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਬਹੁਤ ਉਤਸ਼ਾਹਿਤ ਹਨ।’ ਬਰਕ ਨੇ ਕਿਹਾ ਕਿ ਮਹਿਲਾ ਸ਼ਰਨ ਮੰਗਣ ਵਾਲੀਆਂ ਔਰਤਾਂ ਆਪਣੇ ਨਾਮ ਅਤੇ ਫੋਟੋਆਂ ਪ੍ਰਕਾਸ਼ਿਤ ਹੋਣ ਤੋਂ ਖੁਸ਼ ਹਨ। ਖਿਡਾਰੀਆਂ ਨੇ ਸਪੱਸ਼ਟ ਕੀਤਾ ਕਿ ਉਹ ਰਾਜਨੀਤਿਕ ਕਾਰਕੁਨ ਨਹੀਂ ਹਨ। ਟੀਮ ਦੇ ਬਾਕੀ 21 ਖਿਡਾਰੀਆਂ ਅਤੇ ਸਹਾਇਤਾ ਸਟਾਫ ਬਾਰੇ ਅਨਿਸ਼ਚਿਤਤਾ ਬਣੀ ਹੋਈ ਹੈ। ਇਰਾਨੀ ਟੀਮ ਪਿਛਲੇ ਮਹੀਨੇ ਇਰਾਨ ਯੁੱਧ ਸ਼ੁਰੂ ਹੋਣ ਤੋਂ ਠੀਕ ਪਹਿਲਾਂ, ਏ.ਐਫ.ਸੀ. ਮਹਿਲਾ ਏਸ਼ੀਅਨ ਕੱਪ ਵਿੱਚ ਹਿੱਸਾ ਲੈਣ ਲਈ ਆਸਟ੍ਰੇਲੀਆ ਪਹੁੰਚੀ ਸੀ। (**ਬਾਕੀ ਸਫ਼ਾ 26 ’ਤੇ**)

# ਚੁਣੌਤੀਆਂ ਤੇ ਫ਼ਰਜ਼ਾਂ ਦਰਮਿਆਨ ਪੰਜਾਬੀ ਗਾਇਕੀ

**ਗੁਰਪ੍ਰੀਤ ਖੋਖਰ**



ਬਦਲਾਅ ਕੁਦਰਤ ਦਾ ਨਿਯਮ ਹੈ। ਸਮੇਂ ਨਾਲ ਹਰ ਚੀਜ਼ 'ਚ ਤਬਦੀਲੀ ਆਉਣੀ ਸੁਭਾਵਕ ਹੈ। ਅਜੋਕੇ ਦੌਰ 'ਚ ਤਕਨੀਕ ਹਰ ਖੇਤਰ 'ਚ ਅਸਰਅੰਦਾਜ਼ ਹੋਈ ਹੈ। ਗਾਇਕੀ ਦਾ ਖੇਤਰ ਵੀ ਇਸ ਤੋਂ ਅਣਛੋਹਿਆ ਨਹੀਂ ਰਿਹਾ। ਤਕਨੀਕ ਦੀ ਬਦੌਲਤ ਜਿੱਥੇ ਕੰਮ ਸੁਖਾਲਾ ਹੋਇਆ ਹੈ, ਉੱਥੇ ਖ਼ਰਚੀਲਾ ਵੀ ਹੋ ਗਿਆ ਹੈ। ਜਿੰਨੀ ਪੂੰਜੀ ਨਾਲ ਕਦੇ ਪੂਰੀ ਫਿਲਮ ਤਿਆਰ ਹੋ ਜਾਂਦੀ ਸੀ, ਉਨੇ 'ਚ ਹੁਣ ਇੱਕ ਗੀਤ ਮਸਾਂ ਤਿਆਰ ਹੁੰਦਾ ਹੈ। ਹਾਲਾਂਕਿ ਇਹ ਖ਼ਰਚਾ ਬਚਾਇਆ ਵੀ ਜਾ ਸਕਦੈ ਪਰ 'ਸਟੇਟਸ ਸਿੰਬਲ' ਦੇ ਨਾਂ 'ਤੇ ਪੈਸਾ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ। ਗਾਇਕਾਂ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ।

ਸਮਾਂ ਬੀਤਣ ਨਾਲ ਸਰੋਤਿਆਂ ਦੀ ਮੰਗ ਬਦਲਣੀ ਵੀ ਸੁਭਾਵਕ ਹੈ। ਜੋ ਲੋਕਾਂ ਦੀ ਪਸੰਦ ਅੱਜ ਤੋਂ 20 ਸਾਲ ਪਹਿਲਾਂ ਸੀ, ਉਹ ਹੁਣ ਨਹੀਂ ਹੈ ਤੇ ਜੋ ਹੁਣ ਹੈ, ਉਹ ਅੱਜ ਤੋਂ 5-7 ਸਾਲ ਬਾਅਦ ਨਹੀਂ ਹੋਵੇਗੀ। ਕਦੇ ਸਮਾਂ ਸੀ ਜਦੋਂ ਦੋਗਾਣਾ ਜੋੜੀਆਂ ਦੀ ਬੜੀ ਝੰਡੀ ਹੁੰਦੀ ਸੀ। ਵਿਆਹਾਂ ਮੌਕੇ ਲੋਕ ਇਨ੍ਹਾਂ ਜੋੜੀਆਂ ਨੂੰ ਉਚੇਚਾ ਸੱਦ ਕੇ ਬੜੀ ਖ਼ੁਸ਼ੀ ਮਹਿਸੂਸ ਕਰਦੇ ਸਨ ਪਰ ਅੱਜ-ਕੱਲ੍ਹ ਦੋਗਾਣਾ ਜੋੜੀਆਂ ਲੋਹੜੀ ਜਾਂ ਦੀਵਾਲੀ ਦੇ ਤਿਉਹਾਰ ਮੌਕੇ ਇੱਕਾ-ਦੁੱਕਾ ਪੇਸ਼ਕਾਰੀਆਂ ਦੇਣ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ।



ਆਪਣੀ ਸਾਫ਼-ਸੁਥਰੀ ਗਾਇਕੀ ਲਈ ਜਾਣੇ ਜਾਂਦੇ ਪੁਰਾਣੇ ਗਾਇਕਾਂ ਨੂੰ ਕੋਈ ਪ੍ਰੋਗਰਾਮ ਲਈ ਬੁਲਾ ਕੇ ਰਾਜ਼ੀ ਨਹੀਂ, ਜਿਸ ਕਾਰਨ ਉਹ ਗਾਉਣਾ ਬੰਦ ਕਰ ਕੇ ਘਰ ਬੈਠ ਗਏ ਹਨ। ਇੱਥੇ ਸਭਿਆਚਾਰਕ ਮੇਲੇ ਕਰਵਾਉਣ ਵਾਲੇ ਪ੍ਰਬੰਧਕਾਂ ਤੇ ਸਰੋਤਿਆਂ ਦੀ ਵੀ ਗ਼ਲਤੀ ਹੈ। ਕਿਸੇ ਸੁਰੀਲੇ ਪੁਰਾਣੇ ਗਾਇਕ, ਰਾਗੀ, ਢਾਡੀ ਨੂੰ ਹਜ਼ਾਰਾਂ ਰੁਪਏ ਦੇਣ ਦੀ ਬਜਾਏ ਮੁੰਡੀਰ ਟਾਈਪ ਗਾਇਕੀ ਪੇਸ਼ ਕਰਨ ਵਾਲਿਆਂ ਨੂੰ ਲੱਖਾਂ ਰੁਪਏ ਦੇਣੇ ਕਿੱਧਰ ਦੀ ਸਿਆਣਪ ਹੈ? ਸਰੋਤਿਆਂ ਦੀ ਪਸੰਦ ਬਦਲਣ ਦਾ ਹੀ ਨਤੀਜਾ ਹੈ ਕਿ ਜੋ ਗਾਇਕ ਕਦੇ 'ਸਟਾਰ' ਸਨ, ਅੱਜ ਉਹ ਕੋਈ ਹੋਰ ਕਿੱਤਾ ਅਪਣਾ ਕੇ ਜਾਂ ਤਾਂ ਵਿਦੇਸ਼ ਉਡਾਰੀ ਮਾਰ ਗਏ ਜਾਂ ਘਰ ਬੈਠ ਗਏ ਹਨ। ਪੁਰਾਣੇ ਗਾਇਕ ਹੀ ਨਹੀਂ ਸਗੋਂ ਗੀਤਕਾਰ ਵੀ ਅੱਜ-ਕੱਲ੍ਹ ਸਰਗਰਮ ਨਹੀਂ।


ਕਈ ਨਵੇਂ ਗਾਇਕ ਮਾਰਕੀਟ 'ਚ ਆਉਂਦੇ ਹਨ। ਕਈਆਂ ਦੀ ਗੁੱਡੀ ਅਸਮਾਨੀਂ ਚੜ੍ਹਦੀ ਹੈ ਤੇ ਕਈ ਇਕ-ਦੋ ਗਾਣਿਆਂ ਤੋਂ ਬਾਅਦ ਪਤਾ ਹੀ ਨਹੀਂ ਲੱਗਦਾ ਕਿ ਗਏ ਕਿੱਥੇ? ਕਈ ਨਵੇਂ ਗੀਤਕਾਰ ਬਹੁਤ ਵਧੀਆ ਗੀਤ ਲਿਖ ਰਹੇ ਹਨ। ਨਵੀਆਂ ਕਲਮਾਂ ਦਾ ਆਉਣਾ ਪੰਜਾਬੀ ਮਾਂ-ਬੋਲੀ ਲਈ ਸ਼ੁਭ ਸੰਕੇਤ ਹੈ। ਸਮਕਾਲੀ ਪੰਜਾਬ ਨੂੰ ਕਈ ਗੀਤਕਾਰ ਸਾਰਥਿਕ ਸ਼ਬਦਾਵਲੀ ਨਾਲ ਆਪਣੇ ਗੀਤਾਂ 'ਚ ਪਰੋ ਰਹੇ ਹਨ ਪਰ ਦਿੱਕਤ ਇਹ ਹੈ ਕਿ ਜ਼ਿਆਦਾਤਰ ਗਾਇਕ ਗਾਣੇ 'ਤੇ ਪੈਸੇ ਖੁੱਲ੍ਹੇ ਦਿਲ ਨਾਲ ਖ਼ਰਚ ਕਰਦੇ ਹਨ ਪਰ ਜਦੋਂ ਗੱਲ ਗੀਤਕਾਰ ਨੂੰ ਖ਼ਰਚਾ ਦੇਣ ਦੀ ਆਉਂਦੀ ਹੈ ਤਾਂ ਹੱਥ ਪਿਛਾਂਹ ਖਿੱਚ ਲੈਂਦੇ ਹਨ। ਕੰਪਨੀਆਂ ਤੇ ਗਾਇਕਾਂ ਨੂੰ ਚਾਹੀਦਾ ਹੈ ਕਿ ਉਹ ਮਿਆਰੀ ਗੀਤ ਲਿਖਣ ਵਾਲਿਆਂ ਨੂੰ ਉਤਸ਼ਾਹਤ ਕਰਨ ਤੇ ਉਨ੍ਹਾਂ ਦੀ ਆਰਥਿਕ ਇਮਦਾਦ ਜ਼ਰੂਰ ਕਰਨ। ਅੱਜ-ਕੱਲ੍ਹ ਗੀਤ ਸੁਣਨ ਦੀ ਹੀ ਨਹੀਂ ਸਗੋਂ ਦੇਖਣ ਦੀ ਵੀ ਸ਼ੈਅ ਬਣ ਗਿਆ ਹੈ। ਪੰਜਾਬ ਦੇ ਪਿੰਡਾਂ 'ਚ ਗੀਤਾਂ ਦਾ ਫਿਲਮਾਂਕਣ ਬਹੁਤ ਵਧੀਆ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਸ਼ਹਿਰਾਂ 'ਚ ਜਾ ਕੇ ਮਹਿੰਗੀਆਂ-ਮਹਿੰਗੀਆਂ ਲੋਕੇਸ਼ਨਾਂ 'ਤੇ ਸ਼ੂਟਿੰਗ ਕਰਨ ਨਾਲ ਗਾਣੇ ਨੂੰ ਪ੍ਰਭਾਵਸ਼ਾਲੀ ਨਹੀਂ ਬਣਾਇਆ ਜਾ ਸਕਦਾ।

ਕਈ ਗਾਇਕਾਂ ਨੇ ਆਪਣੀਆਂ ਕੰਪਨੀਆਂ ਖੋਲ੍ਹ ਲਈਆਂ ਹਨ, ਜਿਸ ਨਾਲ ਆਡੀਓ ਰਿਕਾਰਡਿੰਗ ਤੇ ਵੀਡੀਓ ਬਣਾਉਣ 'ਚ ਆਸਾਨੀ ਹੋ ਜਾਂਦੀ ਹੈ। ਇਸ ਨਾਲ ਉਨ੍ਹਾਂ ਦਾ ਖ਼ਰਚਾ ਕਾਫ਼ੀ ਘਟ ਜਾਂਦਾ ਹੈ। ਕੰਪਨੀਆਂ ਨੂੰ ਚਾਹੀਦਾ ਹੈ ਕਿ ਉਹ ਨਵੇਂ ਗਾਇਕਾਂ ਨੂੰ ਵੀ ਉਤਸ਼ਾਹਿਤ ਕਰਨ। ਅਜੋਕੇ ਸਮੇਂ 'ਚ ਸਰੋਤਿਆਂ ਨੂੰ ਵੀ ਆਪਣਾ ਫ਼ਰਜ਼ ਪਛਾਣਨ ਦੀ ਲੋੜ ਹੈ। ਸਰੋਤਿਆਂ ਨੂੰ ਚਾਹੀਦਾ ਹੈ ਕਿ ਉਹ ਉਸਾਰੂ ਤੇ ਸਮਾਜ ਨੂੰ ਸੇਧ ਦੇਣ ਵਾਲੇ ਗੀਤਾਂ ਨੂੰ ਉਤਸ਼ਾਹਤ ਕਰਨ। ਅਕਸਰ ਦੇਖਣ ਨੂੰ ਮਿਲਦਾ ਹੈ ਕਿ ਕਈ ਸਾਫ਼-ਸੁਥਰੇ ਗੀਤਾਂ ਦੇ ਯੂ-ਟਿਊਬ 'ਤੇ ਵਿਊ ਕੁਝ ਹਜ਼ਾਰਾਂ ਤੱਕ ਹੀ ਸੀਮਤ ਹੁੰਦੇ ਹਨ ਜਦਕਿ ਹਿੰਸਾ ਜਾਂ ਨਸ਼ਿਆਂ ਨੂੰ ਉਤਸ਼ਾਹਤ ਕਰਨ ਵਾਲੇ ਗੀਤ 'ਮਿਲੀਅਨ' ਪਾਰ ਕਰ ਜਾਂਦੇ ਹਨ। ਇਹ ਪੰਜਾਬੀ ਸੰਗੀਤ ਦੀ ਤਾਕਤ ਹੀ ਹੈ ਕਿ ਇਸ ਨੇ ਗੋਰਿਆਂ ਨੂੰ ਵੀ ਝੂਮਣ ਲਾ ਦਿੱਤਾ। ਪੰਜਾਬ ਦਾ ਗੀਤ-ਸੰਗੀਤ ਕਿਸੇ ਹਿੰਦੀ ਫਿਲਮ ਨੂੰ ਵੀ ਸਫਲਤਾ ਦੇ ਮੁਕਾਮ 'ਤੇ ਪਹੁੰਚਾਉਣ ਦੀ ਸਮਰੱਥਾ ਰੱਖਦਾ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਅਜੋਕੇ ਦੌਰ 'ਚ ਗਾਇਕੀ ਨੂੰ ਬਹੁਤ ਜ਼ਿਆਦਾ ਚੁਣੌਤੀਆਂ ਹਨ ਪਰ ਗਾਇਕਾਂ ਨੂੰ ਆਪਣੇ ਇਖ਼ਲਾਕੀ ਤੇ ਸਮਾਜਿਕ ਫ਼ਰਜ਼ਾਂ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ। ਸਰੋਤਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਪਿੱਛੋਂ ਨਹੀਂ ਹਟਣਾ ਚਾਹੀਦਾ। ਅਜੋਕੇ ਵਿਸ਼ਵੀਕਰਨ ਤੇ ਪੂੰਜੀਵਾਦੀ ਦੌਰ 'ਚ ਮੰਡੀ ਘਰ, ਰਿਸ਼ਤੇ, ਪਹਿਰਾਵੇ, ਖਾਣ-ਪੀਣ ਸਭ ਕੁਝ 'ਤੇ ਭਾਰੂ ਹੋ ਚੁੱਕੀ ਹੈ। ਗਾਇਕੀ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਦੀ। ਹੁਣ ਦੀ ਮੁਟਿਆਰ ਉਹੋ ਕੁਝ ਮੰਗੇਗੀ ਜੋ ਕਾਰਪੋਰੇਟ ਘਰਾਣਿਆਂ ਵੱਲੋਂ ਦਿੱਤੇ ਜਾਂਦੇ ਟੀਵੀ ਇਸ਼ਤਿਹਾਰਾਂ ਮੁਤਾਬਕ 'ਬੈਸਟ' ਹੈ। ਅਜਿਹੇ ਸਮੇਂ ਆਪਣੇ ਅਮੀਰ ਪੰਜਾਬੀ ਵਿਰਸੇ ਨਾਲ ਜੁੜਨ ਦਾ ਸੰਦੇਸ਼ ਦੇਣਾ ਆਪਣੇ ਆਪ 'ਚ ਅਲੋਕਾਰੀ ਲੱਗਦਾ ਹੈ ਪਰ ਕਈ ਨਵੇਂ ਪੂਰ ਦੇ ਗੀਤਕਾਰ ਇਸ ਪੱਖੋਂ ਸ਼ਾਬਾਸ਼ੀ ਦੇ ਹੱਕਦਾਰ ਹਨ।



# ਪੀਂਘ ਦੇ ਹੁਲਾਰੇ ਵਰਗੇ ਪੰਜਾਬੀ ਫ਼ਿਲਮੀ ਗੀਤ

**ਸੁਖਮਿੰਦਰ ਸੇਖੋਂ**









ਪਿਛਲੇ ਸਮੇਂ ਦੀਆਂ ਪੰਜਾਬੀ ਫ਼ਿਲਮਾਂ ਦੇ ਸੰਗੀਤ ਦਾ ਵਧੀਆ ਦੌਰ ਰਿਹਾ ਹੈ। ਦੇਸ਼ ਵੰਡ ਤੋਂ ਪਹਿਲਾਂ ਦੀਆਂ ਪੰਜਾਬੀ ਫ਼ਿਲਮਾਂ ਤੋਂ ਇਲਾਵਾ ਸਾਡੇ ਕੋਲ ਪੁਰਾਣੀਆਂ ਕਾਲੀਆਂ ਚਿੱਟੀਆਂ ਫ਼ਿਲਮਾਂ ਦੇ ਗੀਤ ਸੰਗੀਤ ਦਾ ਵੀ ਅਨਮੋਲ ਖ਼ਜ਼ਾਨਾ ਮੌਜੂਦ ਹੈ। ਉਸ ਤੋਂ ਬਾਅਦ ਆਈਆਂ ਰੰਗਦਾਰ ਫ਼ਿਲਮਾਂ ਦੇ ਗੀਤਾਂ ਨੂੰ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ। 'ਪੋਸਤੀ' ਦੇ ਟਾਈਟਲ ਗੀਤ ਨੂੰ ਪੰਜਾਬੀ ਫ਼ਿਲਮਾਂ ਦੇ ਗੀਤ ਪ੍ਰੇਮੀ ਹਾਲੇ ਵੀ ਭੁੱਲੇ ਨਹੀਂ ਹੋਣਗੇ। ਇਸ ਦੇ ਬੋਲ ਸਨ: 'ਤੂੰ ਪੀਂਘ ਤੇ ਮੈਂ ਪਰਛਾਵਾਂ ਤੇਰੇ ਨਾਲ ਹੁਲਾਰੇ ਖਾਵਾਂ ਲਾ ਲੈ ਦੋਸਤੀ ਭੈੜਾ ਪੋਸਤੀ।' ਮੁਹੰਮਦ ਰਫ਼ੀ-ਆਸ਼ਾ ਦਾ ਗਾਇਆ ਗੀਤ ਹਾਲੇ ਵੀ ਸਾਡੇ ਚਾਰੇ ਪਾਸੇ ਖ਼ੁਸ਼ਬੋ ਫ਼ੈਲਾ ਦਿੰਦਾ ਹੈ।

ਫ਼ਿਲਮ 'ਦੋ ਲੱਛੀਆਂ' ਦਾ ਗੀਤ 'ਇੱਕ ਪਿੰਡ ਦੋ ਲੱਛੀਆਂ ਛੋਟੀ ਲੱਛੀ ਨੇ ਪੁਆੜਾ ਪਾਇਆ' ਵੀ ਸਰੋਤਿਆਂ ਨੂੰ ਚੇਤੇ ਹੀ ਹੋਵੇਗਾ ਜਾਂ ਫ਼ਿਰ ਸੁੰਦਰ ਤੇ ਨਿਸ਼ੀ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ 'ਭੰਗੜਾ' ਵੀ ਤਾਂ ਸਾਰਿਆਂ ਨੂੰ ਯਾਦ ਹੀ ਹੋਵੇਗੀ। ਇਸ ਫ਼ਿਲਮ ਦੇ ਗੀਤ ਸੰਗੀਤ ਨੇ ਦਰਸ਼ਕਾਂ ਨੂੰ ਨਿਹਾਲ ਕਰ ਦਿੱਤਾ। ਇਸ ਦੇ ਇੱਕ ਤੋਂ ਇੱਕ ਵੱਧ ਚੜ੍ਹ ਕੇ ਗੀਤ ਸਨ। ਮੁਹੰਮਦ ਰਫ਼ੀ, ਆਸ਼ਾ ਤੇ ਸ਼ਮਸ਼ਾਦ ਬੇਗਮ ਦੀਆਂ ਆਵਾਜ਼ਾਂ ਨੇ ਸਿਨਮਾ ਹਾਲ ਗੂੰਜਣ ਲਾ ਦਿੱਤੇ ਸਨ। ਗੀਤ ਸਨ, 'ਪਹਿਲੀ ਪਹਿਲੀ ਵਾਰ ਮੈਨੂੰ ਨਾਈ ਲੈਣ ਆਇਆ' ਅਤੇ 'ਬੱਤੀ ਬਾਲ ਕੇ ਬਨੇਰੇ ਉਤੇ ਰੱਖਨੀ ਆਂ ਕਿਤੇ ਭੁੱਲ ਨਾ ਜਾਵੇ ਚੰਨ ਮੇਰਾ' ਜਾਂ ਫ਼ਿਰ 'ਜੱਟ ਕੁੜੀਆਂ ਤੋਂ ਡਰਦਾ ਮਾਰਾ ਮੋਢੇ ਉੱਤੇ ਡਾਂਗ ਰੱਖਦਾ', 'ਮੁੱਲ ਵਿਕਦਾ ਸੱਜਣ ਮਿਲ ਜਾਵੇ ਲੈ ਲਵਾਂ ਮੈਂ ਜਿੰਦ ਵੇਚ ਕੇ' (ਸ਼ਮਸ਼ਾਦ ਬੇਗਮ)।

ਬਲਰਾਜ ਸਾਹਨੀ ਦੀ 'ਸਤਲੁਜ ਦੇ ਕੰਢੇ' ਫ਼ਿਲਮ ਦਾ ਗੀਤ ਸੰਗੀਤ ਵੀ ਸੁਣਨ ਤੇ ਮਾਣਨਯੋਗ ਸੀ। ਠੀਕ ਇਵੇਂ ਹੀ ਨੈਸ਼ਨਲ ਐਵਾਰਡ ਜੇਤੂ ਫ਼ਿਲਮ 'ਚੌਧਰੀ ਕਰਨੈਲ ਸਿੰਘ' ਦੇ ਗੀਤ ਵੀ। ਉਚੇਚੇ ਤੌਰ 'ਤੇ ਮੁਹੰਮਦ ਰਫ਼ੀ ਦੇ ਗਾਏ ਇੱਕ ਗੀਤ ਦਾ ਜ਼ਿਕਰ ਜੇਕਰ ਨਾ ਹੋਇਆ ਤਾਂ ਪੰਜਾਬੀ ਗੀਤ ਸੰਗੀਤ ਨਾਲ ਧੱਕਾ ਹੀ ਹੋਵੇਗਾ, 'ਘਰ ਬਾਬਲ ਦਾ ਛੱਡ ਕੇ ਧੀਏ, ਧੀਆਂ ਇੱਕ ਦਿਨ ਜਾਣਾ ਏ।' ਇਹ ਗੀਤ ਸਾਨੂੰ ਮੁਹੰਮਦ ਰਫ਼ੀ ਦੇ ਹੀ ਗਾਏ ਇੱਕ ਹਿੰਦੀ ਫ਼ਿਲਮ ਦੇ ਗੀਤ ਦੀ ਯਾਦ ਤਾਜ਼ਾ ਕਰਵਾ ਜਾਂਦਾ ਹੈ, ਜਿਸ ਦੇ ਬੋਲ ਸਨ, 'ਬਾਬੁਲ ਕੀ ਦੁਆਏਂ ਲੇਤੀ ਜਾ, ਜਾ ਤੁਝਕੋ ਸੁਖੀ ਸੰਸਾਰ ਮਿਲੇ।' 'ਖੇਡਣ ਦੇ ਦਿਨ ਚਾਰ', 'ਪਿੰਡ ਦੀ ਕੁੜੀ', 'ਗੀਤ ਬਹਾਰਾਂ ਦੇ', 'ਸ਼ੌਕਣ ਮੇਲੇ ਦੀ', 'ਕਿੱਕਲੀ', 'ਗੁੱਡੀ', 'ਪਿੰਡ ਦੀ ਕੁੜੀ' ਆਦਿ ਫ਼ਿਲਮਾਂ ਦੇ ਗੀਤ ਵੀ ਬੰਦੇ ਦੀ ਰੂਹ ਨੂੰ ਨਸ਼ਿਆ ਛੱਡਦੇ ਹਨ। ਕਿੰਨੇ ਹੀ ਗੀਤ ਹਨ ਜੋ ਪਹਿਲਾਂ ਵੀ ਆਮ ਹੀ ਸਰੋਤਿਆਂ ਦੀ ਪਸੰਦ ਬਣਦੇ ਸਨ ਤੇ ਅੱਜ ਵੀ ਇਨ੍ਹਾਂ ਨੂੰ ਸੁਣ ਕੇ ਮਨ ਖਿੜ ਉੱਠਦਾ ਹੈ। ਜਿਵੇਂ 'ਲਾਈਆਂ ਤੇ ਤੋੜ ਨਿਭਾਈਂ ਛੱਡ ਕੇ ਨਾ ਜਾਵੀਂ', 'ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਹੀਓ ਬਹਿੰਦੀ', 'ਮੇਰੀ ਝਾਂਜਰ ਤੇਰਾ ਨਾਂ ਲੈਂਦੀ', 'ਧੁੱਪਾਂ ਵੀ ਉਦਾਸ ਨੇ ਛਾਵਾਂ ਵੀ ਉਦਾਸ ਨੇ', 'ਮੈਨੂੰ ਤੇਰੇ ਪਿੱਛੇ ਸੱਜਣਾ, ਕਦੇ ਰੋਣਾ ਪਿਆ, ਕਦੇ ਹੱਸਣਾ ਪਿਆ। ਮੁਹੰਮਦ ਰਫ਼ੀ ਦਾ ਗਾਇਆ ਇੱਕ ਗੀਤ ਜਿਸ ਨੂੰ ਆਮ ਸਰੋਤੇ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਮੰਨ ਬੈਠਦੇ ਹਨ, ਆਪਣੇ ਵੇਲਿਆਂ ਵਿੱਚ ਬਹੁਤ ਮਸ਼ਹੂਰ ਰਿਹਾ ਤੇ ਅੱਜ ਵੀ ਜਦੋਂ ਕਿਧਰੇ ਸੁਣਦੇ ਹਾਂ ਤਾਂ ਮਨ ਨੂੰ ਸਕੂਨ ਮਿਲਦਾ ਹੈ। ਨਕਸ਼ ਲਾਇਲਪੁਰੀ ਦਾ ਲਿਖਿਆ ਇਹ ਗੀਤ 'ਜੀ ਕਰਦਾ ਏ ਇਸ ਦੁਨੀਆਂ ਨੂੰ ਮੈਂ ਹੱਸ ਕੇ ਠੋਕਰ ਮਾਰ ਦਿਆਂ।' ਇਵੇ ਹੀ ਸ਼ਿਵ ਦਾ ਇੱਕ ਗੀਤ, ਜਿਸ ਨੂੰ ਮੁਹੰਮਦ ਰਫ਼ੀ ਨੇ ਸੁਰ ਦਿੱਤੇ ਸਨ ਵੀ ਸਾਡੇ ਮਨਾਂ ਦੇ ਬਹੁਤ ਕਰੀਬ ਹੈ, 'ਜਾਚ ਮੈਨੂੰ ਆ ਗਈ ਗ਼ਮ ਖਾਣ ਦੀ।'

ਇਸ ਤੋਂ ਇਲਾਵਾ ਵੀ ਬਹੁਤ ਸਾਰੀਆਂ ਪੁਰਾਣੀਆਂ ਫ਼ਿਲਮਾਂ ਹਨ ਜਿਨ੍ਹਾਂ ਦੇ ਗੀਤਾਂ ਨੇ ਸਰੋਤਿਆਂ ਦੇ ਦਿਲਾਂ ਨੂੰ ਕੀਲ ਛੱਡਿਆ। ਜਿਵੇਂ 'ਜੱਗਾ ਮਾਰਿਆ ਬੋਹੜ ਦੀ ਛਾਵੇ ਨੌਂ ਮਣ ਰੇਤ ਭਿੱਜ ਗਈ।' ਇਸ ਦੇ ਬੋਲ ਕੀਲਵੇ ਹਨ ਤੇ ਪ੍ਰਤੀਕਾਤਮਕ ਵੀ। ਜਿਸ ਤਰ੍ਹਾਂ ਮੁਹੰਮਦ ਰਫ਼ੀ ਨੇ ਗਾਇਆ ਹੈ, ਉਹ ਸੁਣਿਆ ਹੀ ਬਣਦਾ ਹੈ। ਆਸ਼ਾ ਭੌਂਸਲੇ ਦਾ ਗਾਇਆ ਗੀਤ 'ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ'ਵੀ ਸਾਡੀ ਜ਼ੁਬਾਨ 'ਤੇ ਆਪ ਮੁਹਾਰੇ ਹੀ ਆ ਜਾਂਦਾ ਹੈ। ਇਸ ਫ਼ਿਲਮ ਦੀ ਇੱਕ ਕੱਵਾਲੀ ਵੀ ਕਾਫ਼ੀ ਪ੍ਰਸਿੱਧ ਹੋਈ ਸੀ। ਇੱਕ ਕੱਵਾਲੀ ਮੁਹੰਮਦ ਰਫ਼ੀ ਤੇ ਸਾਥੀਆਂ ਦੀ ਹੋਰ ਵੀ ਬਹੁਤ ਮਸ਼ਹੂਰ ਹੈ 'ਮੈਂ ਕੁੰਡਲ ਵਾਲੀਆਂ ਜ਼ੁਲਫ਼ਾਂ ਨੂੰ ਜੰਜ਼ੀਰ ਨਾ ਆਖਾਂ ਤੇ ਕੀ ਆਖਾਂ।' ਇਵੇ ਹੀ ਬਾਅਦ ਵਿੱਚ ਆਈਆਂ ਰੰਗਦਾਰ ਫ਼ਿਲਮਾਂ ਦੇ ਗੀਤ ਵੀ ਗੌਲਣਯੋਗ ਹਨ, ਜਿਵੇਂ 'ਲੰਬੜਦਾਰਨੀ', 'ਸਰਪੰਚ', 'ਪੁੱਤ ਜੱਟਾਂ ਦੇ' ਅਤੇ 'ਚੰਨ ਪਰਦੇਸੀ'। 'ਲੰਬੜਦਾਰਨੀ' ਵਿੱਚ ਲੋਕ ਗਾਇਕ ਕੁਲਦੀਪ ਮਾਣਕ ਦਾ ਗੀਤ ਹਾਲੇ ਵੀ ਸਰੋਤਿਆਂ ਦੇ ਕੰਨ ਖੜ੍ਹੇ ਕਰ ਦਿੰਦਾ ਹੈ, 'ਜੀਟੀ ਰੋਡ 'ਤੇ ਦੁਹਾਈਆਂ ਪਾਵੇ ਨੀਂ, ਯਾਰਾਂ ਦਾ ਟਰੱਕ ਬੱਲੀਏ' ਜਾਂ ਫ਼ਿਰ ਅਨਵਰ ਦਾ 'ਸਰਪੰਚ' ਲਈ ਗਾਇਆ ਗੀਤ 'ਬੋਤਲੇ ਕਮੀਨੀਏ ਨੀਂ। ਜਾਂ ਫ਼ਿਰ ਮੁਹੰਮਦ ਸਦੀਕ ਦਾ 'ਨਹੀਓ ਭੁੱਲਣਾ ਵਿਛੋੜਾ ਤੇਰਾ ਸਾਰੇ ਦੁੱਖ ਭੁੱਲ ਜਾਣਗੇ।'

ਪੰਜਾਬੀ ਵਿੱਚ ਧਾਰਮਿਕ ਫ਼ਿਲਮਾਂ ਦੇ ਗੀਤ ਵੀ ਸਥਿਤੀ ਅਨੁਸਾਰ ਢੁੱਕਵੇ ਹੁੰਦੇ ਸਨ, ਪ੍ਰੰਤੂ ਇਨ੍ਹਾਂ ਫ਼ਿਲਮਾਂ ਵਿੱਚੋਂ ਤਿੰਨ ਚਾਰ ਫ਼ਿਲਮਾਂ ਦੇ ਗੀਤ ਸੰਗੀਤ ਨੇ ਤਾਂ ਵਾਕਿਆ ਹੀ ਸਰੋਤਿਆਂ ਦਾ ਧਿਆਨ ਖਿੱਚਦਿਆਂ ਮਨ ਮੋਹ ਲਿਆ ਸੀ।

(ਬਾਕੀ ਸਫ਼ਾ 27 'ਤੇ)

## ਪੰਜਾਬ ਦਾ ਪੈਰਿਸ ਕਪੂਰਥਲਾ

**ਗ੍ਰਹਿਣ**: ਆਜ਼ਾਦੀ ਤੋਂ ਬਾਅਦ ਕਪੂਰਥਲਾ ਦਾ ਭਾਰਤੀ ਸੰਘ ਵਿੱਚ ਰਲੇਵਾਂ ਹੋ ਗਿਆ ਅਤੇ ਮਹਾਰਾਜਾ ਉਦੋਂ ਤੱਕ ਬਜ਼ੁਰਗ ਹੋ ਚੁੱਕਿਆ ਸੀ। ਉਹ ਮਹੱਲ ਜੋ ਕਦੀ ਉਨ੍ਹਾਂ ਦੇ ਸੁਪਨਿਆਂ ਦਾ ਪ੍ਰਤੀਕ ਸੀ, ਇੱਕ ਫਜ਼ੂਲ ਦੀ ਚੀਜ਼ ਬਣ ਕੇ ਰਹਿ ਗਿਆ। ਕੁਝ ਸਾਲਾਂ ਤੱਕ ਉਹ ਖਾਮੋਸ਼ ਅਤੇ ਬੰਦ ਪਿਆ ਰਿਹਾ। ਉਸ ਦੇ ਬਗੀਚੇ ਬੇਰੌਣਕੇ ਹੋ ਗਏ, ਉਸ ਦੇ ਫੁਹਾਰੇ ਸੁੱਕ ਗਏ। ਫਿਰ 1961 ਵਿੱਚ ਉਸ ਦੇ ਵਿਹੜੇ ਵਿਚ ਸੈਨਿਕ ਸਕੂਲ ਦੀ ਸਥਾਪਨਾ ਹੋਈ। ਪਰ ਸਮੇਂ ਅਤੇ ਉਦਾਸੀਨਤਾ ਨੇ ਆਪਣਾ ਕੰਮ ਕਰ ਦਿੱਤਾ ਹੈ। ਦੀਵਾਰਾਂ ਉੱਖੜ ਰਹੀਆਂ ਹਨ, ਛੱਤਾਂ ਲਟਕ ਰਹੀਆਂ ਹਨ, ਦੀਵਾਰਾਂ 'ਤੇ ਚਿੱਤਰ ਧੁੰਦਲੇ ਪੈ ਰਹੇ ਹਨ।

**ਮੇਰਾ ਦੌਰਾ**: ਇਸੇ ਜਾਗਰੂਕਤਾ ਨਾਲ ਮੈਂ ਇਸ ਦੇ ਸ਼ਾਂਤ ਕਮਰਿਆਂ ਵਿਚੀਂ ਲੰਘਿਆ। ਪ੍ਰਿੰਸੀਪਲ ਗਰੁੱਪ ਕੈਪਟਨ ਮਧੂ ਸੈਂਗਰ, ਉਪ ਪ੍ਰਿੰਸੀਪਲ ਕਮਾਂਡਰ ਸੰਦੀਪ ਸਿੰਘ ਵਿਰਕ ਅਤੇ ਸਕੂਲ ਦੇ ਅਧਿਆਪਕ ਅਤੇ ਸਾਬਕਾ ਵਿਦਿਆਰਥੀ ਸ੍ਰੀ ਮੁਨੀਸ਼ ਸ਼ਰਮਾ ਨੇ ਮੈਨੂੰ ਵਿਸ਼ਾਲ ਹਾਲ ਦਿਖਾਉਣ ਵਿੱਚ ਮੇਰਾ ਮਾਰਗਦਰਸ਼ਨ ਕੀਤਾ। ਉਹ ਮਹਾਰਾਜਾ ਅਤੇ ਜੋ ਕੁਝ ਬਚਿਆ ਹੈ, ਉਸ ਦੀ ਸੰਭਾਲ ਕਰਨ ਲਈ ਸਕੂਲ ਦੀ ਭੂਮਿਕਾ ਬਾਰੇ ਗੱਲ ਕਰ ਰਹੇ ਸਨ।

ਇੱਕ ਸੈਲੂਨ ਵਿੱਚ ਰੰਗੀਨ ਸ਼ੀਸ਼ੇ ਵਿਚੀਂ ਛਣ ਕੇ ਸੂਰਜ ਦੀ ਰੌਸ਼ਨੀ ਇੱਕ ਸੌ ਸਾਲ ਪੁਰਾਣੇ ਪਿਆਨੋ 'ਤੇ ਪੈ ਰਹੀ ਸੀ। ਮੈਂ ਉਸ ਦੀਆਂ ਕੁੰਜੀਆਂ ਦਬਾ ਦਿੱਤੀਆਂ। ਮੈਨੂੰ ਹੈਰਾਨੀ ਹੋਈ ਕਿ ਅੰਦਰੋਂ ਇੱਕ ਸਪੱਸ਼ਟ, ਸੰਪੂਰਨ ਸੁਰ ਨਿਕਲੀ, ਇੱਕ ਭੂਤ ਦੀ ਆਵਾਜ਼ ਵਰਗੀ ਜੋ ਹਾਲੇ ਵੀ ਆਪਣੇ ਖੋਲ ਵਿੱਚ ਜਿਊਂਦੀ ਸੀ। ਇੱਕ ਪਲ ਲਈ ਮੈਂ ਸਮੇਂ ਦੇ ਨਾਲ ਵਗਦੇ ਸੰਗੀਤ ਨੂੰ ਲਗਭਗ ਸੁਣ ਸਕਦਾ ਸੀ।

ਕੋਲ ਹੀ, ਮੈਂ ਪਿੱਤਲ ਅਤੇ ਮੀਨਾਕਾਰੀ ਦੇ ਅਨੋਖੇ ਸ਼ਿਲਪ ਕੌਸ਼ਲ ਨਾਲ ਸਜੀ ਇੱਕ ਘੜੀ ਦੇਖੀ, ਜਿਸ ਦੇ ਗਿਅਰ ਹਾਲੇ ਵੀ ਹੌਲੀ ਰਫ਼ਤਾਰ ਨਾਲ ਚੱਲ ਰਹੇ ਸਨ। ਉਸ ਦੇ ਚਾਰੇ ਪਾਸੇ ਉਸ ਜ਼ਮਾਨੇ ਦਾ ਫਰਨੀਚਰ ਖਿੱਲਰਿਆ ਪਿਆ ਸੀ। ਨਕਾਸ਼ੀਦਾਰ ਕੁਰਸੀਆਂ, ਮਖਮਲੀ ਸੋਫ਼ੇ, ਮਹੋਗਨੀ ਦੀਆਂ ਮੇਜ਼ਾਂ, ਹਰ ਇੱਕ ਗਵਾਚੀ ਹੋਈ ਸ਼ਾਨ ਦਾ ਗਵਾਹ ਪੇਂਟਿੰਗ ਅਤੇ ਮੂਰਤੀਆਂ ਇਕਦਮ ਉਸੇ ਤਰ੍ਹਾਂ ਖੜ੍ਹੀਆਂ ਸਨ, ਜੋ ਕਿ ਮੱਕੜੀ ਦੇ ਜਾਲੇ ਨਾਲ ਅੱਧੀਆਂ ਢਕੀਆਂ ਹੋਈਆਂ ਸਨ। ਇਹ ਸਿਰਫ਼ ਵਸਤਾਂ ਨਹੀਂ ਸਨ, ਇਹ ਇੱਕ ਲੁਪਤ ਚੇਤਨਾ ਦੇ ਟੁਕੜੇ ਸਨ। ਇੱਕ ਰਾਜਕੁਮਾਰ ਦੀ ਸੰਵੇਦਨਸ਼ੀਲਤਾ ਜਿਸ ਨੇ ਪੂਰਬ ਅਤੇ ਪੱਛਮ, ਆਸਥਾ ਅਤੇ ਆਧੁਨਿਕਤਾ, ਕਲਾ ਅਤੇ ਰਾਜਨੀਤੀ ਨੂੰ ਇੱਕ ਸੂਤਰ ਵਿੱਚ ਪਿਰੋਣ ਦੀ ਕੋਸ਼ਿਸ਼ ਕੀਤੀ ਸੀ ਅਤੇ ਹੁਣ ਉਨ੍ਹਾਂ ਨੂੰ ਧੂੜ ਦੀਆਂ ਪਰਤਾਂ ਹੇਠਾਂ ਭੁਲਾ ਦਿੱਤਾ ਗਿਆ ਸੀ। ਇਹ ਦ੍ਰਿਸ਼ ਦਿਲ ਦਹਿਲਾਉਣ ਵਾਲਾ ਹੈ। ਮਹੱਲ ਦਾ 'ਦਰਬਾਰ ਹਾਲ' ਜੋ ਕਦੀ ਸ਼ਾਹੀ ਸੱਤਾ ਦਾ ਕੇਂਦਰ ਹੋਇਆ ਕਰਦਾ ਸੀ, ਹੁਣ ਉਦਾਸੀ ਭਰੀ ਖਸਤਾ ਹਾਲਤ ਵਿੱਚ ਖੜ੍ਹਾ ਹੈ। ਉਸ ਦੀ ਸੋਨੇ ਦੀ ਪਰਤ ਚੜ੍ਹੀ ਛੱਤ ਉੱਖੜ ਰਹੀ ਹੈ, ਉਸ ਦੇ ਅੰਦਰਲੇ ਚਿੱਤਰ ਟੁੱਟ ਚੁੱਕੇ ਹਨ। ਸਮੇਂ ਦੇ ਨਾਲ ਫਿੱਕੇ ਪੈ ਚੁੱਕੇ ਝੂਮਰ ਲਟਕਦੇ ਹੋਏ ਹਨ। ਸੰਗਮਰਮਰ ਦੇ ਫਰਸ਼ 'ਤੇ ਉਮਰ ਦੇ ਦਾਗ਼ ਹਨ ਅਤੇ ਦੀਵਾਰਾਂ ਫ਼ਖਰ ਨਾਲ ਫੁਸਫੁਸਾਹਟ ਨੂੰ ਭੂਤਕਾਲ ਵਿੱਚ ਬਦਲ ਰਹੀਆਂ ਹਨ।

ਫਿਰ ਵੀ ਇਸ ਥਾਂ ਦੀ ਆਤਮਾ ਬਚੀ ਹੋਈ ਹੈ। ਹਵਾ ਵਿੱਚ ਯਾਦਾਂ ਗੂੰਜਦੀਆਂ ਹਨ। ਰਾਜਸੀ ਜਲੂਸਾਂ ਦੀਆਂ, ਸੰਗੀਤ ਅਤੇ ਹਾਸੇ ਦੀਆਂ, ਗੁਲਾਬ ਜਲ ਅਤੇ ਇਤਰ ਨਾਲ ਮਹਿਕਦੀਆਂ ਸ਼ਾਮਾਂ ਦੀਆਂ। ਸਾਂਭ-ਸੰਭਾਲ ਦੀ ਅਣਦੇਖੀ ਦੇ ਬਾਵਜੂਦ ਇਸ ਦੀ ਸੁੰਦਰਤਾ ਘੱਟ ਨਹੀਂ ਹੋਈ ਹੈ। ਯਕੀਨੀ ਤੌਰ 'ਤੇ ਇਹ ਯਾਦਗਾਰ ਇਸ ਤੋਂ ਬਿਹਤਰ ਹੋਣ ਦਾ ਹੱਕਦਾਰ ਹੈ। ਭਾਰਤੀ ਪੁਰਾਤਤਵ ਵਿਭਾਗ ਨੂੰ ਅਜਿਹੀਆਂ ਪੇਸ਼ੇਵਰ ਸੰਸਥਾਵਾਂ ਦੀ ਸੰਭਾਲ ਲਈ ਅੱਗੇ ਆਉਣਾ ਚਾਹੀਦਾ ਹੈ।

***

## ਜੰਗ ਵਿਚਾਲੇ ਆਸਟ੍ਰੇਲੀਆ ਸਰਕਾਰ ਦਾ ਸ਼ਲਾਘਾਯੋਗ ਕਦਮ,

ਟੀਮ ਜਲਦੀ ਹੀ ਟੂਰਨਾਮੈਂਟ ਤੋਂ ਬਾਹਰ ਹੋ ਗਈਸੀ, ਅਤੇ ਟੀਮ ਨੂੰ ਆਪਣੇ ਦੇਸ਼ ਪਰਤਣਾ ਸੀ, ਜਿੱਥੇ ਯੁੱਧ ਕਾਰਨ ਸਥਿਤੀ ਵਿਗੜ ਰਹੀ ਹੈ। ਆਸਟ੍ਰੇਲੀਆ ਦੀ ਰਾਸ਼ਟਰੀ ਸਮਾਚਾਰ ਏਜੰਸੀਅਨੁਸਾਰ ਇਰਾਨ ਦੇ ਮੁੱਖ ਕੋਚ, ਮਾਰਜ਼ੀਹ ਜਾਫਰੀ ਨੇ ਐਤਵਾਰ ਨੂੰ ਕਿਹਾ ਕਿ ਖਿਡਾਰੀ 'ਜਲਦੀ ਤੋਂ ਜਲਦੀ ਇਰਾਨ ਵਾਪਸ ਜਾਣਾ ਚਾਹੁੰਦੇ ਹਨ।' ਆਸਟ੍ਰੇਲੀਆ ਦਾ ਦੌਰਾ ਕਰਨ ਵਾਲੀ ਇਰਾਨੀ ਟੀਮ ਵਿੱਚ 26 ਖਿਡਾਰੀ ਅਤੇ ਸਹਾਇਤਾ ਸਟਾਫ ਮੈਂਬਰ ਸ਼ਾਮਲ ਸਨ। ਬਰਕ ਨੇ ਕਿਹਾ ਕਿ ਟੀਮ ਦੇ ਸਾਰੇ ਮੈਂਬਰਾਂ ਨੂੰ ਸ਼ਰਨ ਦੀ ਪੇਸ਼ਕਸ਼ ਕੀਤੀ ਗਈ ਸੀ। ਬਰਕ ਨੇ ਕਿਹਾ, 'ਇਹ ਔਰਤਾਂ ਆਸਟ੍ਰੇਲੀਆ ਵਿੱਚ ਬਹੁਤ ਮਸ਼ਹੂਰ ਹਨ, ਪਰ ਅਸੀਂ ਸਮਝਦੇ ਹਾਂ ਕਿ ਉਹ ਆਪਣੇ ਫੈਸਲਿਆਂ ਨਾਲ ਬਹੁਤ ਮੁਸ਼ਕਲ ਸਥਿਤੀ ਵਿੱਚ ਹਨ। ਉਹ ਜਦੋਂ ਵੀ ਚਾਹੁਣ ਆਸਟ੍ਰੇਲੀਆਈ ਅਧਿਕਾਰੀਆਂ ਨਾਲ ਗੱਲ ਕਰ ਸਕਦੀਆਂ ਹਨ।' ਇਹ ਸਪੱਸ਼ਟ ਨਹੀਂ ਸੀ ਕਿ ਹੋਰ ਇਰਾਨੀ ਖਿਡਾਰੀ ਅਤੇ ਸਹਾਇਕ ਸਟਾਫ ਆਸਟ੍ਰੇਲੀਆ ਕਦੋਂ ਛੱਡਣਗੇ

***

## ਜਨਗਣਨਾ ਵਿੱਚ 'ਸਹਿਜਧਾਰੀ ਸਿੱਖਾਂ' ਨੂੰ ਵੱਖਰੀ

ਡਾ. ਰਾਣੂ ਨੇ ਦਾਅਵਾ ਕੀਤਾ ਕਿ ਜੇਕਰ ਜਨਗਣਨਾ ਵਿੱਚ ਸਹਿਜਧਾਰੀ ਸਿੱਖਾਂ ਨੂੰ ਮਾਨਤਾ ਮਿਲਦੀ ਹੈ, ਤਾਂ ਉਹ ਸੰਵਿਧਾਨ ਦੇ ਤਹਿਤ ਹੋਰ ਘੱਟ ਗਿਣਤੀ ਸਮੂਹਾਂ ਵਾਂਗ ਸਮਾਜਿਕ ਲਾਭ, ਵਜ਼ੀਫ਼ੇ ਅਤੇ ਵਿਦਿਅਕ ਸੁਰੱਖਿਆ ਪ੍ਰਾਪਤ ਕਰ ਸਕਣਗੇ। ਉਨ੍ਹਾਂ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਦੇ 1.75 ਕਰੋੜ ਸਿੱਖਾਂ ਵਿੱਚੋਂ ਸਿਰਫ਼ 45 ਲੱਖ ਅੰਮ੍ਰਿਤਧਾਰੀ ਹਨ, ਜਦੋਂਕਿ ਲਗਭਗ 1.3 ਕਰੋੜ ਸਹਿਜਧਾਰੀ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਐਸ.ਜੀ.ਪੀ.ਸੀ. ਵਰਗੀਆਂ ਸੰਸਥਾਵਾਂ ਵਿੱਚ ਇਸ ਵੱਡੀ ਗਿਣਤੀ ਨੂੰ ਵੋਟ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ, ਤਾਂ ਇਹ ਸੰਸਥਾਵਾਂ ਆਪਣੀ ਵਿਆਪਕ ਨੁਮਾਇੰਦਗੀ ਗੁਆ ਦੇਣਗੀਆਂ।

***

## ਅਮਰੀਕਾ-ਇਜ਼ਰਾਈਲ ਬਨਾਮ ਇਰਾਨ ਯੁੱਧ

ਇਸ ਬਿਆਨ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਚੀਨ ਨਾਲ ਜੁੜਿਆ ਹੈ। ਗ੍ਰਾਹਮ ਨੇ ਇਹ ਸਪੱਸ਼ਟ ਕੀਤਾ ਕਿ ਅਮਰੀਕਾ ਇੱਕ ਆਰਥਿਕ ਜੰਗ ਲੜ ਰਿਹਾ ਹੈ: ਚੀਨ ਆਪਣੀਆਂ ਊਰਜਾ ਲੋੜਾਂ ਲਈ ਕਾਫ਼ੀ ਹੱਦ ਤੱਕ ਇਰਾਨ ਅਤੇ ਵੈਨੇਜ਼ੁਏਲਾ ਦੇ ਤੇਲ 'ਤੇ ਨਿਰਭਰ ਹੈ। ਜੇ ਅਮਰੀਕਾ ਇਨ੍ਹਾਂ ਸਰੋਤਾਂ 'ਤੇ ਕੰਟਰੋਲ ਕਰ ਲੈਂਦਾ ਹੈ, ਤਾਂ ਚੀਨ ਦੀ ਆਰਥਿਕ ਵਿਕਾਸ ਦਰ ਨੂੰ ਸਿੱਧਾ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਹ ਰਣਨੀਤੀ ਚੀਨ ਦੀ ਵਧਦੀ ਗਲੋਬਲ ਚੁਣੌਤੀ ਨੂੰ ਕੁਚਲਣ ਲਈ ਇੱਕ 'ਮਾਸਟਰਸਟ੍ਰੋਕ' ਵਜੋਂ ਦੇਖੀ ਜਾ ਰਹੀ ਹੈ। ਆਲੋਚਕਾਂ ਦਾ ਮੰਨਣਾ ਹੈ ਕਿ 'ਅਮਰੀਕਾ ਫ਼ਸਟ' ਦੀ ਨੀਤੀ ਦੇ ਪਿੱਛੇ ਅਸਲ ਵਿੱਚ ਦੂਜੇ ਦੇਸ਼ਾਂ ਦੀ ਸੰਪਤੀ 'ਤੇ ਕਬਜ਼ਾ ਕਰਨ ਦਾ ਇੱਕ ਪੁਰਾਣਾ ਏਜੰਡਾ ਹੈ।

ਦੂਜੇ ਪਾਸੇ, ਚੀਨ ਨੇ 'ਜੰਗਲ ਰਾਜ' ਖ਼ਿਲਾਫ਼ ਸਖ਼ਤ ਚਿਤਾਵਨੀ ਦਿੱਤੀ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਉਹ ਇਰਾਨ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਨੂੰ ਸਹਿਣ ਨਹੀਂ ਕਰੇਗਾ। ਚੀਨ ਦਾ ਸਾਫ਼ ਕਹਿਣਾ ਹੈ ਕਿ ਦੁਨੀਆ ਵਿੱਚ ਤਾਕਤਵਰ ਦੀ ਮਰਜ਼ੀ ਨਹੀਂ ਚੱਲਣੀ ਚਾਹੀਦੀ। ਚੀਨ ਇਸ ਸਮੇਂ ਇੱਕ ਵੱਡੀ ਭੂ-ਰਾਜਨੀਤਿਕ ਮੁਸ਼ਕਲ ਵਿੱਚ ਫ਼ਸਿਆ ਹੋਇਆ ਹੈ। ਇੱਕ ਪਾਸੇ, ਉਹ ਇਰਾਨ ਨੂੰ ਪੱਛਮੀ ਦੇਸ਼ਾਂ ਵਿਰੁੱਧ ਆਪਣਾ ਸਹਿਯੋਗੀ ਮੰਨਦਾ ਹੈ ਅਤੇ ਉਸ ਨਾਲ ਵਪਾਰਕ ਸਬੰਧ ਰੱਖਦਾ ਹੈ। ਚੀਨ ਇਰਾਨ ਤੋਂ ਵੱਡੀ ਮਾਤਰਾ ਵਿੱਚ ਤੇਲ ਖਰੀਦਦਾ ਹੈ, ਜੋ ਇਰਾਨ ਦੇ ਬਜਟ ਅਤੇ ਫ਼ੌਜੀ ਤਾਕਤ ਦਾ ਵੱਡਾ ਹਿੱਸਾ ਹੈ। ਅਮਰੀਕਾ ਸ਼ਾਇਦ ਇਸ ਲਈ ਜੰਗ ਵਿੱਚ ਹੈ ਕਿਉਂਕਿ ਉਹ ਮੱਧ ਪੂਰਬ ਵਿੱਚ ਚੀਨੀ ਪ੍ਰਭਾਵ ਨੂੰ ਰੋਕਣਾ ਚਾਹੁੰਦਾ ਹੈ। ਇਰਾਨ ਹੁਣ ਚੀਨ ਲਈ ਇੱਕ ਰਣਨੀਤਕ ਚੌਕੀ ਵਾਂਗ ਕੰਮ ਕਰ ਰਿਹਾ ਹੈ। ਚੀਨ ਨੇ ਇਰਾਨ ਨੂੰ ਐਡਵਾਂਸਡ ਮਿਜ਼ਾਈਲਾਂ ਦਿੱਤੀਆਂ ਹਨ ਅਤੇ ਸਾਈਬਰ ਸੁਰੱਖਿਆ ਵਿੱਚ ਮਦਦ ਕੀਤੀ ਹੈ।

ਦੂਜੇ ਪਾਸੇ, ਖੇਤਰੀ ਅਸਥਿਰਤਾ ਅਤੇ ਹਾਰਮੁਜ਼ ਦੀ ਜਲਡਮਰੂ ਮੱਧ ਦੇ ਬੰਦ ਹੋਣ ਦਾ ਡਰ ਚੀਨ ਦੀ ਆਰਥਿਕਤਾ ਲਈ ਵੱਡਾ ਖਤਰਾ ਹੈ। ਇਸ ਲਈ, ਚੀਨ ਦੀ ਅਮਰੀਕਾ ਵਿਰੁੱਧ ਪ੍ਰਤੀਕਿਰਿਆ ਸਖ਼ਤ ਹੈ। ਚੀਨ ਦਾ ਇਹ ਬਿਆਨ ਦਰਸਾਉਂਦਾਹੈ ਕਿ ਏਸ਼ੀਆਈ ਸ਼ਕਤੀਆਂ ਹੁਣ ਪੱਛਮੀ ਦੇਸ਼ਾਂ ਦੀਆਂ ਨੀਤੀਆਂ ਦਾ ਖੁੱਲ੍ਹ ਕੇ ਵਿਰੋਧ ਕਰਨ ਲੱਗੀਆਂ ਹਨ। ਚੀਨ ਦਾ ਮੰਨਣਾ ਹੈ ਕਿ ਗੱਲਬਾਤ ਹੀ ਇਕੋ-ਇਕ ਰਸਤਾ ਹੈ, ਪਰ ਅਮਰੀਕਾ ਦੀ ਹਮਲਾਵਰ ਰਣਨੀਤੀ ਇਸ ਰਸਤੇ ਨੂੰ ਬੰਦ ਕਰ ਰਹੀ ਹੈ।

ਯੂਰਪੀ ਦੇਸ਼ਾਂ ਦਾ ਅਮਰੀਕਾ ਤੋਂ ਮੂੰਹ ਮੋੜਨਾ ਇਹ ਦਰਸਾਉਂਦਾਹੈ ਕਿ ਅਮਰੀਕਾ ਹੁਣ ਵਿਸ਼ਵ ਪੱਧਰ 'ਤੇ ਇਕੱਲਾ ਪੈ ਰਿਹਾ ਹੈ। ਇਰਾਨ ਖ਼ਿਲਾਫ਼ ਅਮਰੀਕਾ ਤੇ ਇਜ਼ਰਾਇਲ ਦੀ ਫ਼ੌਜੀ ਮੁਹਿੰਮ ਦੇ ਇੱਕ ਹਫ਼ਤੇ ਬਾਅਦ ਵੀ ਯੂਰਪੀ ਆਗੂ ਇੱਕ ਅਜਿਹੀ ਮੁਹਿੰਮ ਪ੍ਰਤੀ ਆਪਣੇ ਖ਼ਦਸ਼ਿਆਂ ਨੂੰ ਲੈ ਕੇ ਇਕਮੱਤ ਹਨ ਜਿਹੜੇ ਉਹ ਕਦੇ ਨਹੀਂ ਚਾਹੁੰਦੇ ਸਨ। ਪਰ ਹਕੀਕਤ ਇਹ ਹੈ ਕਿ ਉਨ੍ਹਾਂ ਨੂੰ ਹਰ ਰੋਜ਼ ਇਸ ਜੰਗ ਵਿਚ ਘੜੀਸਿਆ ਜਾ ਰਿਹਾ ਹੈ ਜਿਸ ਨਾਲ ਲੰਡਨ ਤੋਂ ਲੈ ਕੇ ਬਰਲਿਨ ਤੱਕ ਸਿਆਸੀ ਤੇ ਕੂਟਨੀਤਕ ਤਣਾਅ ਪੈਦਾ ਹੋ ਗਿਆ ਹੈ। ਇਹ ਤਣਾਅ ਯੂਰਪੀ ਆਗੂਆਂ ਦੀਆਂ ਗੱਲਾਂ ਅਤੇ ਆਪਣੇ-ਆਪਣੇ ਫ਼ੌਜੀ ਕਮਾਂਡਰਾਂ ਨੂੰ ਜੰਗੀ ਬੇੜੇ, ਜੰਗੀ ਜਹਾਜ਼ ਅਤੇ ਹੋਰ ਜੰਗੀ ਸਾਜ਼ੋ-ਸਾਮਾਨ ਭੇਜਣ ਲਈ ਦਿੱਤੇ ਜਾ ਰਹੇ ਹੁਕਮਾਂ ਵਿਚ ਵਧਦੇ ਆਪਾ ਵਿਰੋਧ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ।

ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਬੀਤੇ ਦਿਨੀਂ ਸੋਸ਼ਲ ਮੀਡੀਆ 'ਤੇ ਕਿਹਾ ਸੀ ਕਿ 'ਅਸੀਂ ਲੜਾਈ ਵਿੱਚ ਨਹੀਂ ਹਾਂ।' ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੈਲੋਨੀ ਨੇ ਕਿਹਾ ਸੀ ਕਿ ਅਸੀਂ ਲੜਾਈ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ।' ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਸੰਸਦ ਵਿੱਚ ਕਿਹਾ ਸੀ ਕਿ ਅਸੀਂ ਅਮਰੀਕੀ ਅਤੇ ਇਜ਼ਰਾਇਲੀ ਹਮਲਿਆਂ ਵਿੱਚ ਸ਼ਾਮਲ ਨਹੀਂ ਹੋ ਰਹੇ।' ਦਰਅਸਲ ਯੂਰਪ ਵੱਡੀ ਮੁਸ਼ਕਿਲ ਵਿੱਚ ਫ਼ਸ ਗਿਆ ਹੈ। ਇੱਕ ਪਾਸੇ ਇਸ ਦੇ ਆਗੂਆਂ ਨੇ ਪੱਛਮੀ ਏਸ਼ੀਆ ਵਿੱਚ ਫ਼ਸੇ ਆਪਣੇ ਨਾਗਰਿਕਾਂ ਦੀ ਰੱਖਿਆ ਕਰਨੀ ਹੈ, ਅਰਬ ਦੇਸ਼ਾਂ ਨਾਲ ਰੱਖਿਆ ਸਮਝੌਤਿਆਂ ਦਾ ਸਨਮਾਨ ਕਰਨਾ ਹੈ ਅਤੇ ਕੁਝ ਮਾਮਲਿਆਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਾਰਾਜ਼ਗੀ ਤੋਂ ਬਚਣ ਲਈ ਅਮਰੀਕਾ ਨੂੰ ਆਪਣੇ ਫ਼ੌਜੀ ਅੱਡਿਆਂ ਦੇ ਇਸਤੇਮਾਲ ਦੀ ਆਗਿਆ ਦੇਣੀ ਪਵੇਗੀ। ਦੂਜੇ ਪਾਸੇ, ਉਨ੍ਹਾਂ ਨੂੰ ਅਮਰੀਕੀ ਕਾਰਵਾਈਆਂ ਪ੍ਰਤੀ ਬਹੁਤ ਜ਼ਿਆਦਾ ਸਮਰਥਨ ਦਿਖਾਉਣ ਤੋਂ ਬਚਣਾ ਹੈ ਤਾਂ ਜੋ ਇਰਾਨ ਵੱਲੋਂ ਫ਼ੌਜੀ ਹਮਲਿਆਂ ਤੇ ਆਪਣੀ ਬੇਚੈਨ ਜਨਤਾ ਦੇ ਚੋਣ ਨਤੀਜਿਆਂ ਤੋਂ ਬਚ ਸਕਣ ਜੋ ਜੰਗ ਦੀ ਦਲਦਲ 'ਚ ਨਹੀਂ ਉਤਰਨਾ ਚਾਹੁੰਦੀ। ਇਹ ਤਾਂ ਵਾਂਗ ਦੋ ਨਾਵਾਂ ਵਿੱਚ ਪੈਰ ਰੱਖ ਕੇ ਯਾਤਰਾ ਕਰਨ ਵਾਲੀ ਗੱਲ ਹੈ, ਜਿੱਥੇ ਡੁੱਬਣ ਦਾ ਖ਼ਤਰਾ ਵੱਧ ਜਾਂਦਾ ਹੈ।

ਪਹਿਲਾਂ ਜੋ ਯੂਰਪੀ ਦੇਸ਼ ਅਮਰੀਕਾ ਦੇ ਹਰ ਫ਼ੈਸਲੇ ਵਿੱਚ ਸਾਥ ਦਿੰਦੇ ਸਨ, ਹੁਣ ਉਹ ਇਸ ਜੰਗ ਤੋਂ ਦੂਰੀ ਬਣਾ ਰਹੇ ਹਨ। ਸਪੇਨ, ਬ੍ਰਿਟੇਨ ਅਤੇ ਫ਼ਰਾਂਸ ਵਰਗੇ ਦੇਸ਼ਾਂ ਦੇ ਰੁਖ ਵਿੱਚ ਵੱਡਾ ਬਦਲਾਅ ਆਇਆ ਹੈ। ਸਪੇਨ ਨੇ ਤਾਂ ਅਮਰੀਕਾ ਨੂੰ ਆਪਣੇ ਫ਼ੌਜੀ ਟਿਕਾਣਿਆਂ ਦੀ ਵਰਤੋਂ ਕਰਨ ਤੋਂ ਵੀ ਮਨ੍ਹਾ ਕਰ ਦਿੱਤਾ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਬਿਨਾਂ ਕਿਸੇ ਸਪੱਸ਼ਟ ਰਣਨੀਤੀ ਦੇ ਜੰਗ ਵਿੱਚ ਸ਼ਾਮਲ ਹੋਣਾ ਖਤਰਨਾਕ ਹੈ। ਯੂਰਪੀ ਦੇਸ਼ਾਂ ਨੂੰ ਡਰ ਹੈ ਕਿ ਜੇਕਰ ਇਹ ਜੰਗ ਲੰਬੀ ਖਿੱਚੀ ਗਈ, ਤਾਂ ਤੇਲ ਦੀਆਂ ਕੀਮਤਾਂ ਵਿੱਚ ਵਾਧਾ, ਸ਼ਰਨਾਰਥੀਆਂ ਦਾ ਸੰਕਟ ਅਤੇ ਆਰਥਿਕ ਮੰਦੀ ਉਨ੍ਹਾਂ ਦੀਆਂ ਅਰਥਵਿਵਸਥਾਵਾਂ ਨੂੰ ਤਬਾਹ ਕਰ ਦੇਵੇਗੀ। ਅਮਰੀਕਾ ਅਤੇ ਯੂਰਪ ਵਿਚਾਲੇ ਇਹ ਦਰਾਰ ਅਟਲਾਂਟਿਕ ਗੱਠਜੋੜ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਰਹੀ ਹੈ।

ਅੱਜ ਦੁਨੀਆ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ 'ਸ਼ਕਤੀ ਦਾ ਸਿਧਾਂਤ' ਮੁੜ ਜ਼ਿੰਦਾ ਹੋ ਗਿਆ ਹੈ। ਜੇਕਰ ਕੂਟਨੀਤੀ ਦੀ ਜਗ੍ਹਾ ਹਥਿਆਰਾਂ ਨੂੰ ਦਿੱਤੀ ਗਈ, ਤਾਂ ਇਸਦਾ ਖਮਿਆਜ਼ਾ ਸਿਰਫ਼ ਪੱਛਮੀ ਏਸ਼ੀਆ ਦੇ ਲੋਕਾਂ ਨੂੰ ਹੀ ਨਹੀਂ, ਸਗੋਂ ਪੂਰੀ ਮਾਨਵਤਾ ਨੂੰ ਭੁਗਤਣਾ ਪਵੇਗਾ। ਸੰਸਾਰ ਦੇ ਆਗੂਆਂ ਨੂੰ ਇਹ ਸਮਝਣਾ ਹੋਵੇਗਾ ਕਿ ਇਤਿਹਾਸ ਕਦੇ ਵੀ ਹਥਿਆਰਾਂ ਨਾਲ ਨਹੀਂ, ਸਗੋਂ ਸ਼ਾਂਤੀ ਅਤੇ ਸੰਵਾਦ ਨਾਲ ਲਿਖਿਆ ਜਾਂਦਾ ਹੈ। ਜੇਕਰ ਅੰਤਰਰਾਸ਼ਟਰੀ ਕਾਨੂੰਨਾਂ ਦਾ ਵਜੂਦ ਹੀ ਖਤਮ ਹੋ ਗਿਆ, ਤਾਂ ਫ਼ਿਰ ਕਿਸੇ ਵੀ ਮੁਲਕ ਦੀ ਸੁਰੱਖਿਆ ਦੀ ਗਾਰੰਟੀ ਕੌਣ ਦੇਵੇਗਾ ? ਇਹ ਸਵਾਲ ਅੱਜ ਹਰ ਮਨੁੱਖ ਦੇ ਜ਼ਿਹਨ ਵਿੱਚ ਹੋਣਾ ਚਾਹੀਦਾ ਹੈ। ਇਸ ਜੰਗ ਨੇ ਨਾ ਸਿਰਫ਼ ਫ਼ੌਜੀ ਅਤੇ ਆਰਥਿਕ ਨੁਕਸਾਨ ਕੀਤਾ ਹੈ, ਸਗੋਂ ਮਨੁੱਖੀ ਜੀਵਨ ਨੂੰ ਵੀ ਖ਼ਤਰੇ ਵਿੱਚ ਪਾ ਦਿੱਤਾ ਹੈ। ਵਪਾਰ ਠੱਪ ਹੋ ਗਿਆ ਹੈ ਅਤੇ ਲੋਕਾਂ ਵਿੱਚ ਡਰ ਦਾ ਮਾਹੌਲ ਹੈ।

***

## 2027 ਵਿਧਾਨ ਸਭਾ ਚੋਣਾਂ ਲਈ

ਉਨ੍ਹਾਂ ਨੇ ਭਾਜਪਾ ਨੂੰ ਸਲਾਹ ਦਿੱਤੀ ਸੀ ਕਿ ਪੰਜਾਬ ਦੇ ਸਿੱਖ ਵਰਗ ਨੂੰ ਨਿਰਾਸ਼ ਨਾ ਕੀਤਾ ਜਾਵੇ, ਕਿਉਂਕਿ ਇਹ ਪਾਰਟੀ ਲਈ ਘਾਤਕ ਸਾਬਤ ਹੋ ਸਕਦਾ ਹੈ। ਪਰ ਭਾਜਪਾ ਦੀ ਹਾਈਕਮਾਂਡ ਵੱਖਰੀ ਰਾਏ ਰੱਖਦੀ ਹੈ। ਬਹੁਤੇ ਭਾਜਪਾ ਨੇਤਾ ਅਕਾਲੀ ਦਲ ਨਾਲ ਗੱਠਜੋੜ ਦਾ ਵਿਰੋਧ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਪਾਰਟੀ ਨੂੰ ਆਪਣੇ ਬਲ ਉੱਪਰ ਲੜਨਾ ਚਾਹੀਦਾ ਹੈ। ਕੁਝ ਭਾਜਪਾ ਦੇ ਨੇਤਾ ਇਹ ਵੀ ਮੰਨਦੇ ਹਨ ਕਿ ਚੋਣਾਂ ਨੇੜੇ ਸਮਝੌਤਾ ਹੋਣ ਦੀ ਸੰਭਾਵਨਾ ਬਣ ਸਕਦੀ ਹੈ।

ਰਾਜਨੀਤਕ ਮਾਹਿਰ ਡਾਕਟਰ ਸੁਖਦਿਆਲ ਸਿੰਘ ਹਿਸਟੋਰੀਅਨ ਦਾ ਕਹਿਣਾ ਹੈ ਕਿ ਭਾਜਪਾ ਨੂੰ ਪੰਜਾਬ ਵਿੱਚ ਪੈਰ ਜਮਾਉਣ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਵਿੱਚ ਭਾਜਪਾ ਨੂੰ ਰਵਾਇਤੀ ਤੌਰ ਤੇ ਹਿੰਦੂ ਵੋਟ ਬੈਂਕ ਵਜੋਂ ਵੇਖਿਆ ਜਾਂਦਾ ਹੈ, ਪਰ ਸਿੱਖ ਵਰਗ ਵਿੱਚ ਇਸ ਦੀ ਪਕੜ ਕਮਜ਼ੋਰ ਹੈ। ਕਿਸਾਨ ਅੰਦੋਲਨ ਕਾਰਣ ਸਿੱਖ ਤੇ ਕਿਸਾਨ ਭਾਜਪਾ ਤੋਂ ਨਿਰਾਸ਼ ਹਨ। ਮਾਹਿਰਾਂ ਮੁਤਾਬਕ, ਜੇ ਭਾਜਪਾ ਸਿੱਖਾਂ ਨੂੰ ਨਿਰਾਸ਼ ਕਰਕੇ ਅੱਗੇ ਵਧੇਗੀ ਤਾਂ ਉਸ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਪੰਜਾਬ ਵਿੱਚ ਸਿੱਖ ਵੋਟਾਂ ਚੋਣਾਂ ਦਾ ਨਿਰਣਾਇਕ ਕਾਰਕ ਹਨ ਅਤੇ ਬਿਨਾਂ ਇਨ੍ਹਾਂ ਨੂੰ ਜਿੱਤੇ ਭਾਜਪਾ ਦੀ ਸਫਲਤਾ ਮੁਸ਼ਕਲ ਹੈ। ਪਾਰਟੀ ਨੇ ਇਸ ਨੂੰ ਧਿਆਨ ਵਿੱਚ ਰੱਖ ਕੇ ਡੇਰਿਆਂ ਅਤੇ ਧਾਰਮਿਕ ਸੰਸਥਾਵਾਂ ਨਾਲ ਸੰਪਰਕ ਵਧਾਏ ਹਨ। ਇਥੋਂ ਤੱਕ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾਂ ਨੂੰ ਆਪਣੇ ਨਾਲ ਗੰਢ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਸਥਾਨਕ ਆਗੂਆਂ ਤੱਕ ਸਭ ਨੇ ਪੰਜਾਬ ਦੇ ਡੇਰਿਆਂ ਨਾਲ ਮੁਲਾਕਾਤਾਂ ਕੀਤੀਆਂ ਹਨ, ਜੋ ਰਵਾਇਤੀ ਤੌਰ 'ਤੇ ਕਾਂਗਰਸ ਨੂੰ ਸਮਰਥਨ ਦਿੰਦੇ ਰਹੇ ਹਨ। ਇਹ ਰਣਨੀਤੀ ਭਾਜਪਾ ਨੂੰ ਨਵੇਂ ਵੋਟਰਾਂ ਵੱਲ ਆਕਰਸ਼ਿਤ ਕਰਨ ਵਿੱਚ ਮਦਦ ਕਰ ਸਕਦੀ ਹੈ। ਡੇਰਾ ਬੱਲਾਂ ਇਸ ਦੀ ਪ੍ਰਮੁੱਖ ਉਦਾਹਰਣ ਹੈ।

ਭਾਜਪਾ ਦੀ ਰਣਨੀਤੀ ਨੂੰ ਵੇਖਦਿਆਂ ਇਹ ਸਪੱਸ਼ਟ ਹੈ ਕਿ ਪਾਰਟੀ ਪੰਜਾਬ ਨੂੰ ਵੱਡੇ ਪੱਧਰ 'ਤੇ ਲੈ ਰਹੀ ਹੈ। ਉਹ ਨਾ ਸਿਰਫ਼ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਨੂੰ ਚੁਣੌਤੀ ਦੇ ਰਹੀ ਹੈ ਬਲਕਿ ਅਕਾਲੀ ਦਲ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕਰ ਰਹੀ। ਮਾਹਿਰਾਂ ਮੁਤਾਬਕ, ਜੇ ਭਾਜਪਾ ਅਕਾਲੀ ਦਲ (ਬਾਦਲ) ਜਾਂ ਅਕਾਲੀ ਦਲ (ਪੰਥਕ) ਨਾਲ ਗੱਠਜੋੜ ਕਰ ਲੈਂਦੀ ਹੈ ਤਾਂ ਉਸ ਨੂੰ ਸੱਤਾ ਵਿੱਚ ਆਉਣ ਦੇ ਆਸਾਰ ਵਧ ਸਕਦੇ ਹਨ। ਪਰ ਜੇ ਉਹ ਇਕੱਲੀ ਲੜੇਗੀ ਤਾਂ ਬਹੁਤਾ ਫਾਇਦਾ ਹੋਣ ਦੀ ਸੰਭਾਵਨਾ ਘੱਟ ਹੈ। ਭਾਜਪਾ ਦੇ ਇੱਕ ਸੀਨੀਅਰ ਆਗੂ ਨੇ ਨਾਮ ਨਾ ਛਾਪਣ ਦੀ ਸ਼ਰਤ ਉਪਰ ਕਿਹਾ ਕਿ ਪਾਰਟੀ ਦਾ ਮੁੱਖ ਟੀਚਾ ਕਾਂਗਰਸ ਮੁਕਤ ਭਾਰਤ ਹੈ ਅਤੇ ਪੰਜਾਬ ਵਿੱਚ ਕਾਂਗਰਸ ਨੂੰ ਹਰਾਉਣ ਲਈ ਜੇ 'ਆਪ' ਨੂੰ ਸੱਤਾ ਮਿਲ ਜਾਵੇ ਤਾਂ ਵੀ ਚੱਲੇਗਾ। ਇਹ ਰਣਨੀਤੀ ਹੋਰ ਰਾਜਾਂ ਵਿੱਚ ਵੀ ਭਾਜਪਾ ਨੂੰ ਫਾਇਦਾ ਪਹੁੰਚਾ ਸਕਦੀ ਹੈ, ਕਿਉਂਕਿ 'ਆਪ' ਵਿਰੋਧੀ ਵੋਟਾਂ ਨੂੰ ਵੰਡ ਸਕਦੀ ਹੈ।

ਪੰਜਾਬ ਵਿੱਚ ਭਾਜਪਾ ਦੀ ਸਥਿਤੀ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਪਾਰਟੀ ਨੇ 2014 ਤੋਂ ਬਾਅਦ ਸਖ਼ਤ ਮਿਹਨਤ ਕੀਤੀ ਹੈ। ਉਹ ਸਾਮ, ਦਾਮ, ਦੰਡ ਅਤੇ ਭੇਦ ਵਰਗੀ ਨੀਤੀ ਅਪਣਾ ਰਹੀ ਹੈ ਅਤੇ ਪੰਜਾਬ ਵਿੱਚ ਵੰਡੀਆਂ ਪਾਉਣ ਵਿੱਚ ਵੀ ਨਹੀਂ ਝਿਜਕ ਰਹੀ। ਪਰ ਸਵਾਲ ਇਹ ਹੈ ਕਿ ਕੀ ਇਹ ਰਣਨੀਤੀ ਸਫਲ ਹੋਵੇਗੀ ? ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸਿੱਖ ਵਰਗ ਨੂੰ ਨਿਰਾਸ਼ ਕਰਕੇ ਜਾਂ ਫੁੱਟ ਪਾ ਕੇ ਭਾਜਪਾ ਨੂੰ ਸਫਲਤਾ ਮਿਲਣੀ ਮੁਸ਼ਕਿਲ ਹੈ। ਭਾਜਪਾ ਨੂੰ ਆਪਣੇ ਰਵੱਈਏ ਵਿੱਚ ਬਦਲਾਅ ਲਿਆਉਣਾ ਪਵੇਗਾ ਅਤੇ ਕਿਸਾਨਾਂ, ਨੌਜਵਾਨਾਂ ਅਤੇ ਸਿੱਖਾਂ ਦੇ ਮੁੱਦਿਆਂ 'ਤੇ ਵਧੇਰੇ ਧਿਆਨ ਦੇਣਾ ਪਵੇਗਾ।

***

## ਕਿਸਾਨ ਮੋਰਚੇ ਵੱਲੋਂ ਭਾਰਤ-ਅਮਰੀਕੀ

ਵਾਲਾ ਸਾਫ਼ ਨਹਿਰੀ ਪਾਣੀ ਦੇਣ ਦੀ ਮੰਗ 'ਤੇ ਲੋਕ ਲਹਿਰ ਉਸਾਰਨ ਦਾ ਅਹਿਦ ਵੀ ਕੀਤਾ ਗਿਆ।

ਇਸ ਤੋਂ ਇਲਾਵਾ ਕਿਸਾਨਾਂ-ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ, ਤਜਵੀਜ਼ਤ ਲੋਕ ਵਿਰੋਧੀ ਬਿਜਲੀ ਤੇ ਬੀਜ ਬਿੱਲ ਵਾਪਸ ਲੈਣ ਅਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 'ਤੇ ਫ਼ਸਲਾਂ ਦੀ ਖਰੀਦ ਦਾ ਗਾਰੰਟੀ ਕਾਨੂੰਨ ਬਣਾਉਣ ਵਰਗੇ ਮੁੱਦੇ ਵੀ ਉਭਾਰੇ ਗਏ। ਇਨ੍ਹਾਂ ਮੰਗਾਂ ਤੇ ਮਸਲਿਆਂ ਲਈ ਭਵਿੱਖ ਵਿੱਚ ਮੋਰਚਾ ਲਾਉਣ ਲਈ ਜਨਤਕ ਲਾਮਬੰਦੀ ਦੀ ਮੁਹਿੰਮ ਤੇਜ਼ ਕਰਨ ਦਾ ਐਲਾਨ ਵੀ ਕੀਤਾ ਗਿਆ। ਬੁਲਾਰਿਆਂ ਨੇ ਕੇਂਦਰੀ ਵਣਜ ਮੰਤਰੀ ਪਿਊਸ਼ ਗੋਇਲ ਨੂੰ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਮਝੌਤੇ 'ਤੇ ਦਸਤਖ਼ਤ ਨਾ ਕਰਨ ਦੀ ਮੰਗ ਕਰਦਿਆਂ ਇਸ ਵਿਰੁੱਧ ਡਟ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ। ਮੰਚ ਤੋਂ ਐਲਾਨ ਕੀਤਾ ਗਿਆ ਕਿ ਜਿਸ ਦਿਨ ਬਿਜਲੀ ਬਿੱਲ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ, ਉਸ ਤੋਂ ਅਗਲਾ ਦਿਨ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ। ਸੰਘਰਸ਼ ਦੀ ਵਿਉਂਤਬੰਦੀ ਕਰਨ ਲਈ 12 ਮਾਰਚ ਨੂੰ ਕਿਸਾਨ ਭਵਨ ਚੰਡੀਗੜ੍ਹ ਵਿੱਚ ਮੀਟਿੰਗ ਸੱਦੀ ਗਈ ਹੈ। ਤਰਨ ਤਾਰਨ ਵਿੱਚ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਜ਼ਮੀਨ ਪੁੱਡਾ ਨੂੰ ਟਰਾਂਸਫਰ ਕਰਨ ਵਿਰੁੱਧ ਮਤਾ ਪਾਸ ਕੀਤਾ ਗਿਆ। ਇਕੱਠ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਪੁਲੀਸ ਰਾਜ ਬਣਾਉਣ ਦੀਆਂ ਕਾਰਵਾਈਆਂ ਖ਼ਿਲਾਫ਼ ਨਿਖੇਧੀ ਮਤਾ ਪਾਸ ਕੀਤਾ। ਬੁਲਾਰਿਆਂ ਨੇ ਸੰਘਰਸ਼ਾਂ ਦੌਰਾਨ ਜੇਲ੍ਹੀਂ ਡੱਕੇ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਕੱਠ ਨੇ ਮੰਗ ਕੀਤੀ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਆਦੀਆਂ ਦੇ ਨੌਜਵਾਨ ਰਣਜੀਤ ਸਿੰਘ ਦੇ ਫ਼ਰਜ਼ੀ ਮੁਕਾਬਲੇ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਪੁਲੀਸ ਅਧਿਕਾਰੀਆਂ ਵਿਰੁੱਧ ਕਤਲ ਦਾ ਕੇਸ ਦਰਜ ਕੀਤਾ ਜਾਵੇ।



## ਰਿਸ਼ਤੇ ਬਣਾ ਕੇ ਰੱਖਣ ਲਈ ਕਰਨੇ ਪੈਂਦੇ ਨੇ ਸਮਝੌਤੇ

ਸਾਡੇ ਸ਼ਹਿਰ ਦੇ ਇੱਕ ਪਰਿਵਾਰ ਦੀਆਂ ਤਿੰਨ ਚਾਰ ਪੀੜ੍ਹੀਆਂ ਪਿਛਲੇ ਸਮੇਂ ਤੋਂ ਇੱਕਠੀਆਂ ਰਹਿ ਰਹੀਆਂ ਹਨ।

ਕੋਈ ਵੀ ਪਰਿਵਾਰ ਦਾ ਅੱਡ ਹੋਣ ਦਾ ਨਾਂ ਨਹੀਂ ਲੈਂਦਾ। ਕਿਸੇ ਵਿਅਕਤੀ ਨੇ ਉਨ੍ਹਾਂ ਵਿੱਚੋਂ ਇੱਕ ਨੂੰ ਪੁੱਛਿਆ ਕਿ ਅੱਜ ਕੱਲ੍ਹ ਤਾਂ ਇੱਕ ਪੀੜ੍ਹੀ ਦੇ ਲੋਕ ਇਕੱਠੇ ਨਹੀਂ ਰਹਿੰਦੇ, ਤੁਸੀਂ ਚਾਰ ਪੀੜ੍ਹੀਆਂ ਦੇ ਲੋਕ ਇੱਕਠੇ ਕਿਵੇਂ ਰਹਿੰਦੇ ਹੋ ? ਉਸ ਨੇ ਅੱਗੋਂ ਜਵਾਬ ਦਿੱਤਾ, 'ਅਸੀਂ ਇੱਕ ਦੂਜੇ ਦੀਆਂ ਗ਼ਲਤੀਆਂ ਨੂੰ ਛੱਜ ਵਿੱਚ ਪਾ ਕੇ ਛੱਟਣ ਦੀ ਬਜਾਏ ਉਨ੍ਹਾਂ ਨੂੰ ਅਣਵੇਖਿਆਂ ਕਰ ਦਿੰਦੇ ਹਾਂ। ਇੱਕ ਦੂਜੇ ਦੀ ਆਜ਼ਾਦੀ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰਦੇ। ਮੇਰੇ ਪਿਤਾ ਜੀ ਦਾ ਨਾ ਕੋਈ ਤਾਇਆ ਚਾਚਾ ਸੀ ਅਤੇ ਨਾ ਹੀ ਨਾਲ ਦੇ ਜੰਮੇ ਭੈਣ ਭਰਾ ਪਰ ਫ਼ੇਰ ਵੀ ਸਾਡੇ ਘਰ ਪਿਤਾ ਜੀ ਦੇ ਦੂਰ ਦੇ ਰਿਸ਼ਤੇਦਾਰ ਕਈ ਕਈ ਦਿਨ ਰਹਿ ਜਾਂਦੇ ਸਨ। ਮੇਰੀ ਮਾਂ ਨੇ ਉਨ੍ਹਾਂ ਨੂੰ ਆਇਆਂ ਵੇਖ ਕਦੇ ਮੱਥੇ ਵੱਟ ਨਹੀਂ ਪਿਆ ਸੀ। ਮੇਰੀ ਮਾਂ ਅਕਸਰ ਹੀ ਕਹਿੰਦੀ ਹੁੰਦੀ ਸੀ ਕਿ ਉਹ ਘਰ ਭਾਗਾਂ ਵਾਲਾ ਹੁੰਦਾ ਹੈ ਜਿਸ ਘਰ ਵਿੱਚ ਰਿਸ਼ਤੇਦਾਰ ਆਉਂਦੇ ਰਹਿੰਦੇ ਹਨ। ਉਸਨੇ ਕਿਸੇ ਰਿਸ਼ਤੇਦਾਰ ਦੇ ਆਉਣ 'ਤੇ ਕਦੇ ਮੱਥੇ ਵੱਟ ਨਹੀਂ ਪਾਇਆ ਸੀ। ਰਿਸ਼ਤੇ ਨਿਭਾਉਣ ਲਈ ਵਕਤ ਅਤੇ ਇੱਜਤ ਦੀ ਲੋੜ ਹੁੰਦੀ ਹੈ। ਅਜੋਕੀ ਨਵੀਂ ਪੀੜ੍ਹੀ ਦੇ ਬੱਚਿਆਂ ਕੋਲ ਨਾ ਵਕਤ ਹੈ ਤੇ ਨਾ ਹੀ ਦੇਣ ਲਈ ਇੱਜ਼ਤ, ਇਸੇ ਲਈ ਸਾਡੇ ਰਿਸ਼ਤੇ ਨਿਭਾਉਣ ਵਿੱਚ ਔਕੜਾਂ ਆ ਰਹੀਆਂ ਹਨ। ਅੱਜ ਮਾਪਿਆਂ ਦੇ ਅੱਖਾਂ ਮੀਟਦਿਆਂ ਹੀ ਸਾਰੇ ਰਿਸ਼ਤਿਆਂ ਤੋਂ ਮੂੰਹ ਅਤੇ ਮੋਹ ਮੋੜ ਲਿਆ ਜਾਂਦਾ ਹੈ।

ਉਨ੍ਹਾਂ ਪਰਿਵਾਰਾਂ 'ਚ ਵਿਆਹਾਂ ਪਿੱਛੋਂ ਬੱਚਿਆਂ ਤੇ ਮਾਪਿਆਂ 'ਚ ਛੇਤੀ ਹੀ ਮਹਾਂਭਾਰਤ ਇਸ ਲਈ ਹੋਣ ਲੱਗ ਪੈਂਦੀ ਹੈ ਜਿਨ੍ਹਾਂ ਵਿੱਚ ਬੱਚੇ ਮਾਪਿਆਂ ਦੀ ਕੀਤੀ ਭੁੱਲ ਜਾਂਦੇ ਹਨ ਅਤੇ ਜਿਨ੍ਹਾਂ ਪਰਿਵਾਰਾਂ 'ਚ ਬਜ਼ੁਰਗ ਸਮਝੌਤਾ ਕਰ ਕੇ ਬੁਢਾਪਾ ਜਿਊਣ ਦੇ ਆਦੀ ਨਹੀਂ ਹੁੰਦੇ। ਜਿਹੜੇ ਬਜ਼ੁਰਗ ਇਸ ਗੱਲ ਨੂੰ ਨਜ਼ਰ ਅੰਦਾਜ਼ ਕਰ ਕੇ ਕਿ ਬੱਚਿਆਂ ਦੀ ਆਪਣੀ ਵੀ ਜ਼ਿੰਦਗੀ ਹੈ, ਉਨ੍ਹਾਂ ਦੀ ਜ਼ਿੰਦਗੀ ਵਿਚ ਦਖ਼ਲ ਅੰਦਾਜ਼ੀ ਕਰਦੇ ਰਹਿੰਦੇ ਹਨ ਉਥੇ ਵੀ ਸ਼ਾਂਤੀ ਨਹੀਂ ਰਹਿੰਦੀ। ਬਜ਼ੁਰਗਾਂ ਅਤੇ ਬੱਚਿਆਂ ਦੇ ਰਿਸ਼ਤਿਆਂ 'ਚ ਤਣਾਅ ਪੈਦਾ ਹੋਣ ਦਾ ਕਾਰਨ ਨਿਮਰਤਾ ਅਤੇ ਇੱਕ ਦੂਜੇ ਦੀ ਗੱਲ ਬਰਦਾਸ਼ਤ ਨਾ ਕਰਨ ਦੀ ਭਾਵਨਾ ਦਾ ਵੱਧ ਜਾਣਾ ਵੀ ਹੈ।

****

## ਪੀਂਘ ਦੇ ਹੁਲਾਰੇ ਵਰਗੇ

'ਮਨ ਜੀਤੇ ਜਗਜੀਤ', 'ਨਾਨਕ ਦੁਖੀਆ ਸਭ ਸੰਸਾਰ', 'ਭਗਤ ਧੰਨਾ ਜੱਟ' ਦੇ ਸ਼ਬਦਾਂ ਤੇ ਗੀਤਾਂ ਨੂੰ ਇੱਕ ਮਿਸਾਲ ਦੇ ਤੌਰ 'ਤੇ ਲਿਆ ਜਾ ਸਕਦਾ ਹੈ। ਐੱਸ ਮਹਿੰਦਰ ਦੇ ਸੰਗੀਤ ਨਿਰਦੇਸ਼ਨ ਦੇ ਗ਼ੀਤ ਤੇ ਖਾਸ ਕਰਕੇ ਸ਼ਬਦ ਅੱਜ ਵੀ ਸਾਡੇ ਮਨ ਨੂੰ ਸਕੂਨ ਦਿੰਦੇ ਹਨ। ਗੀਤਕਾਰਾਂ ਤੇ ਸੰਗੀਤਕਾਰਾਂ ਵਾਂਗ ਸਾਨੂੰ ਆਪਣੇ ਗਾਇਕਾਂ 'ਤੇ ਵੀ ਮਾਣ ਹੈ ਜਿਨ੍ਹਾਂ ਦੀਆਂ ਆਵਾਜ਼ਾਂ ਦਾ ਜਾਦੂ ਅੱਜ ਵੀ ਕਾਇਮ ਹੈ। ਮੁਹੰਮਦ ਰਫ਼ੀ, ਮਹਿੰਦਰ ਕਪੂਰ, ਸ਼ਮਸ਼ਾਦ ਬੇਗਮ, ਨੂਰਜਹਾਂ, ਸੁਰਿੰਦਰ ਕੌਰ ਤਾਂ ਸਾਡੇ ਆਪਣੇ ਹੀ ਹਨ, ਪਰ ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਮੁਕੇਸ਼, ਮੰਨਾਡੇ ਤੇ ਸੁਮਨ ਕਲਿਆਣਪੁਰ ਵਰਗਿਆਂ ਨੇ ਪੰਜਾਬੀ ਫ਼ਿਲਮਾਂ ਲਈ ਆਪਣੀ ਆਵਾਜ਼ ਦੇ ਕੇ ਪੰਜਾਬੀ ਫ਼ਿਲਮਾਂ ਹੀ ਨਹੀਂ, ਸਾਡੇ ਪੰਜਾਬੀਆਂ 'ਤੇ ਵੀ ਇੱਕ ਤਰ੍ਹਾਂ ਨਾਲ ਅਹਿਸਾਨ ਹੀ ਕੀਤਾ ਹੈ। ਬੇਸ਼ੱਕ ਅੱਜ ਵੀ ਕਿਤੇ ਕਿਤੇ ਤੇ ਕਦੇ ਕਦੇ ਅਜਿਹੇ ਸੰਗੀਤਕ ਫ਼ੁੱਲ ਖਿੜਦੇ ਹਨ, ਪ੍ਰੰਤੂ ਪੰਜਾਬੀ ਫ਼ਿਲਮਾਂ ਦੇ ਉਸ ਸੰਗੀਤਕ ਸੁਨਹਿਰੀ ਕਾਲ ਦਾ ਕੋਈ ਤੋੜ ਨਹੀਂ।

***

## ਵਗੀ ਪੂਰੇ ਦੀ 'ਵਾ ਪੰਜਾਬੇ.......

ਪਾਰਟੀਆਂ ਚੋਣਾਂ ਲੜਨ, ਆਪਣਾ ਚੋਣ ਪ੍ਰੋਗਰਾਮ ਦੇਣ! ਸਿਆਸਤੀ ਧਿਰਾਂ ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਖੇਤੀ, ਕਿਸਾਨਾਂ, ਮਜ਼ਦੂਰਾਂ ਦੀ ਗੱਲ ਕਰਨ, ਉਹਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਪ੍ਰੋਗਰਾਮ ਦੇਣ। ਪੰਜਾਬ 'ਚ ਚੰਗੇ ਸ਼ਾਸ਼ਨ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਮੁਕਤੀ ਦੀ ਗੱਲ ਕਰਨ ਜੋ ਹੁਣ ਸਾਡੀ ਨਸ-ਨਸ 'ਚ ਦੌੜ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਸਮੂਹਿਕ ਵਿਕਾਸ ਦੀ ਗੱਲ ਕਰਨ, ਪੰਜਾਬ 'ਚੋਂ ਧੜੇਬੰਦੀ ਖ਼ਤਮ ਕਰਕੇ ਆਪਸੀ ਸਹਿਹੋਂਦ ਬਣਾਉਣ ਦੀ ਬਾਤ ਪਾਉਣ। ਪੰਜਾਬ 'ਚ ਖੇਤੀ ਉਦਯੋਗ ਲਿਆਉਣ ਦਾ ਖਾਕਾ ਤਿਆਰ ਕਰਨ। ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਦੇ ਵਿਕਾਸ ਲਈ, ਡਿਜ਼ੀਟਲ ਸਹੂਲਤਾਂ ਦੇ ਵਿਕਾਸ ਲਈ ਪ੍ਰੋਗਰਾਮ ਉਲੀਕਣ ਅਤੇ ਸਾਂਝੇ ਪਲੇਟਫਾਰਮ 'ਤੇ ਚਰਚਾ ਕਰਨ।

ਕਿਉਂ ਨਾ ਚਰਚਾ ਕਰਨ ਪੰਜਾਬ ਦੇ ਸਾਰੇ ਸਿਆਸਤਦਾਨ ਪੰਜਾਬ ਦੇ ਖੋਹੇ ਗਏ ਹੱਕਾਂ ਦੀ ਇੱਕ-ਜੁੱਟ ਹੋਕੇ, ਇਸ ਨਾਲ ਹੋ ਰਹੇ ਵਿਤਕਰਿਆਂ ਦੀ, ਭਾਵੇਂ ਉਹ ਕੇਂਦਰ 'ਚ ਰਾਜ ਕਰਨ ਵਾਲੀ ਪਾਰਟੀ ਦੇ ਸਰਗਰਮ ਮੈਂਬਰ ਹੀ ਕਿਉਂ ਨਾ ਹੋਣ ?

ਪੰਜਾਬ ਦੇ ਭੱਦਰਪੁਰਸ਼ ਸਿਆਸਤਦਾਨੋ, ਕੰਧ 'ਤੇ ਲਿਖਿਆ ਪੜ੍ਹਨ ਦੀ ਲੋੜ ਹੈ। ਪੰਜਾਬ ਦੇ ਲੋਕ ਹਰ ਉਸ ਨਵੀਂ ਚੀਜ਼ ਨੂੰ ਜੀਅ ਆਇਆਂ ਆਖਦੇ ਹਨ, ਜਿਹੜੀ ਉਹਨਾਂ ਦੇ ਮਨ ਨੂੰ ਭਾਉਂਦੀ ਹੈ। ਪਰ ਹਰ ਉਸ ਚੀਜ਼ ਨੂੰ ਫਿਟਕਾਰ ਦਿੰਦੇ ਹਨ, ਜਿਹੜੇ ਇਸ ਸੂਬੇ ਦੇ ਵਸ਼ਿੰਦਿਆਂ 'ਚ ਪਾੜ ਪਾਉਂਦੀ ਹੈ, ਭਾਈਚਾਰਕ ਸਾਂਝ ਨੂੰ ਪਿੰਜਦੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਖ਼ਿਲਾਫ਼ ਹੈ। ਭਾਈ, ਨਹੀਂਓ ਚੰਗੇ ਹਾਲਾਤ ਪੰਜਾਬ ਦੇ। ਸੇਵਾ ਭਾਵਨਾ ਵਾਲੇ ਸਿਆਸਤਦਾਨ, ਬੁੱਧੀਜੀਵੀ ਸਿਆਣੇ ਹਾਲਾਤਾਂ ਨੂੰ ਸਮਝਣਗੇ ਤਾਹੀਓਂ ਪੁਰੇ ਦੀ ਵਗਦੀ ਗਰਮ ਹਵਾ ਰੁਕੇਗੀ। ਪੱਛੋਂ ਦੀਆਂ ਠੰਡੀਆਂ ਹਵਾਵਾਂ ਆਉਣਗੀਆਂ। ਪੰਜਾਬ 'ਚ ਮੁੜ ਖੁਸ਼ਹਾਲੀ ਆਏਗੀ। ਵੇਲਾ ਭੈੜੀ ਸਿਆਸਤ ਦਾ ਨਹੀਂ, ਪੰਜਾਬ ਨੂੰ ਸੰਭਾਲਣ ਲਈ ਇੱਕ-ਮੁੱਠ ਹੋ ਕੇ ਯਤਨ ਕਰਨ ਦਾ ਹੈ। ਕਲਮਾਂ ਵਾਲਿਓ, ਰਤਾ ਆਪਣੀ ਕਲਮ ਦੇ ਬੋਲ, ਲੋਕਾਂ ਦੇ ਬੋਲਾਂ ਵਰਗੇ ਬਣਨ ਲਈ ਤੁਸੀਂ ਵੀ ਤਾਂ ਸੁਪਨਈ ਨੀਂਦ 'ਚੋਂ ਬਾਹਰ ਆਓ!

***

## ਕੀ ਭਾਰਤ-ਅਮਰੀਕਾ ਵਪਾਰ ਸਮਝੌਤਾ

.ਸਾਡੇ ਕਿਸਾਨ ਅਮਰੀਕਨ ਕਿਸਾਨਾਂ ਦਾ ਹਰਗਿਜ਼ ਮੁਕਾਬਲਾ ਨਹੀਂ ਕਰ ਸਕਣਗੇ, ਕਿਉਂਕਿ ਭਾਰਤ ਵਿੱਚ 86 ਫ਼ੀਸਦੀ ਕਿਸਾਨ 5 ਏਕੜ ਤੋਂ ਵੀ ਘੱਟ ਜ਼ਮੀਨ ਦੇ ਮਾਲਕ ਹਨ, ਜਦਕਿ ਅਮਰੀਕੀ ਕਿਸਾਨ ਔਸਤਨ ਹਜ਼ਾਰਾਂ ਏਕੜਾਂ ਦੇ ਮਾਲਕ ਹੋਣ ਤੋਂ ਇਲਾਵਾ ਅਮਰੀਕਾ ਸਰਕਾਰ ਉਨ੍ਹਾਂ ਨੂੰ ਹਰ ਫ਼ਸਲ 'ਤੇ ਵੱਡੀ ਨਕਦੀ ਸਬਸਿਡੀ ਵਜੋਂ ਦਿੰਦੀ ਹੈ। ਇੱਥੇ ਇਤਿਹਾਸ ਵਿੱਚ ਦਰਜ ਇੱਕ ਘਟਨਾ ਦਾ ਜ਼ਿਕਰ ਜ਼ਰੂਰੀ ਹੈ, ਭਾਰਤ 'ਚ ਜਨਤਾ ਪਾਰਟੀ ਦੀ ਸਰਕਾਰ ਸਮੇਂ ਬਾਬੂ ਜਗਜੀਵਨ ਰਾਮ ਦੇਸ਼ ਦੇ ਖੇਤੀ ਮੰਤਰੀ ਸਨ। ਇੱਕ ਮੀਟਿੰਗ ਦੌਰਾਨ ਅਮਰੀਕਾ ਉਨ੍ਹਾਂ 'ਤੇ ਭਾਰਤ ਦੀ ਖੇਤੀ ਮੰਡੀ ਖੋਲਣ ਲਈ ਬਹੁਤ ਦਬਾਅ ਪਾ ਰਿਹਾ ਸੀ, ਪਰ ਉਹ ਇਸ ਲਈ ਇਨਕਾਰ ਕਰਦੇ ਰਹੇ।

ਜਦੋਂ ਮੀਟਿੰਗ ਦੌਰਾਨ ਅਮਰੀਕਨ ਉਨ੍ਹਾਂ 'ਤੇ ਦਬਾਅ ਪਾਉਣ ਤੋਂ ਨਾ ਹਟੇ ਤਾਂ ਗੁੱਸੇ ਵਿੱਚ ਬਾਬੂ ਜੀ ਨੇ ਕਾਗਜ਼ ਵਗਾਹ ਕੇ ਮਾਰਦਿਆਂ ਇਹ ਕਹਿ ਕੇ ਮੀਟਿੰਗ 'ਚੋਂ ਉੱਠ ਕੇ ਆ ਗਏ, 'ਖੂਹ ਵਿੱਚ ਡਿੱਗੋ- ਅਸੀਂ ਭਾਰਤ ਦੀ ਖੇਤੀ ਦੇ ਦਰਵਾਜ਼ੇ ਤੁਹਾਡੇ ਲਈ ਨਹੀਂ ਖੋਹਲਣੇ।' ਕੀ ਅੱਜ ਦੀ ਸਰਕਾਰ ਵਿੱਚ ਵੀ ਕੋਈ ਜਗਜੀਵਨ ਰਾਮ ਬਣੇਗਾ ?

***

## ਹਿੰਦੂ ਸਮਾਜ ਵਿੱਚ ਹੋਣ ਲੱਗਿਆ ਫਿਰਕੂ ਧਰੁਵੀਕਰਨ

ਮੇਰਾ ਮੰਨਣਾ ਹੈ ਕਿ ਬਜਰੰਗ ਦਲ ਵਾਲੇ ਇਸ ਲਈ ਜ਼ਿਆਦਤੀ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਸਮਾਜ ਉਨ੍ਹਾਂ ਦੇ ਅਜਿਹੇ ਕਾਰਿਆਂ ਦੀ ਪ੍ਰਸ਼ੰਸਾ ਕਰੇਗਾ। ਭਾਜਪਾ ਤੇ ਸੰਘ ਦੇ ਅੰਦਰ ਉਨ੍ਹਾਂ ਦਾ ਸਤਿਕਾਰ ਵਧੇਗਾ।

ਬਜਰੰਗ ਦਲ ਦੇ ਇਤਿਹਾਸ 'ਤੇ ਇੱਕ ਨਜ਼ਰ ਮਾਰੀਏ ਤਾਂ ਇਸ ਸੰਗਠਨ ਦੀ ਸਥਾਪਨਾ 1984 ਵਿੱਚ ਹੋਈ ਸੀ, ਜਦੋਂ ਸਰਕਾਰ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਰਾਮ-ਜਾਨਕੀ ਯਾਤਰਾ ਦੀ ਸੁਰੱਖਿਆ ਲਈ ਪੁਲਿਸ ਤਾਇਨਾਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਸੰਘ ਪਰਿਵਾਰ ਨੇ ਇਸ ਸੰਗਠਨ ਦੀ ਅਗਵਾਈ ਵਿਸ਼ੇਸ਼ ਤੌਰ 'ਤੇ ਓਬੀਸੀ ਭਾਈਚਾਰੇ ਦੇ ਨੌਜਵਾਨਾਂ ਨੂੰ ਸੌਂਪਦਿਆਂ ਵਿਨੈ ਕਟਿਆਰ ਇੱਕ ਕੁਰਮੀ ਨੂੰ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਸੀ। ਸ਼ੁਰੂਆਤੀ ਪੜਾਅ ਦੌਰਾਨ ਇੱਕ ਵਿਸ਼ੇਸ਼ ਰੁਝਾਨ ਤਹਿਤ ਸੰਗਠਨ ਦੇ ਲਗਭਗ ਸਾਰੇ ਨੇਤਾ ਤੇ ਕਾਰਕੁੰਨ ਪਛੜੀਆਂ ਜਾਤੀਆਂ ਤੋਂ ਲਏ ਗਏ ਅਤੇ ਉੱਚ-ਜਾਤੀ ਦੇ ਨੇਤਾਵਾਂ ਤੇ ਵਰਕਰਾਂ ਨੂੰ ਜਾਣਬੁੱਝ ਕੇ ਪਿੱਛੇ ਰੱਖਿਆ ਗਿਆ ਸੀ। ਭਾਜਪਾ ਦੇ ਨੇਤਾ ਡੂੰਘੀ ਗੱਲਬਾਤ ਦੌਰਾਨ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਸੰਗਠਨ ਸਿਰਫ਼ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਬਣਾਇਆ ਸੀ। ਭਾਜਪਾ ਤੇ ਆਰ.ਐੱਸ.ਐੱਸ ਦੇ ਉੱਚ-ਜਾਤੀ ਆਗੂਆਂ ਦੀ ਓ.ਬੀ.ਸੀ. ਨੌਜਵਾਨਾਂ ਨੂੰ ਧੱਕੇਸ਼ਾਹੀ ਲਈ ਵਰਤਣ ਦੀ ਇਸ ਸਿਆਸੀ ਤਕਨੀਕ ਵੱਲ ਆਲੋਚਕਾਂ ਦਾ ਧਿਆਨ ਬਹੁਤ ਦੇਰ ਬਾਅਦ ਗਿਆ। ਬਜਰੰਗ ਦਲ ਹਿੰਦੂਤਵ ਦੀ ਰਾਜਨੀਤੀ ਵਿੱਚ ਉੱਚ-ਜਾਤੀ ਦੀ ਰਾਜਨੀਤੀ ਦੇ ਅੰਦਰ ਜਾਤੀਵਾਦ ਤੇ ਦਬਦਬੇ ਦਾ ਪ੍ਰਮਾਣ ਹੈ। ਉੱਚ ਜਾਤੀਆਂ ਰਣਨੀਤੀਆਂ ਬਣਾ ਕੇ ਇਨਾਮ ਹਾਸਲ ਕਰਦੀਆਂ ਹਨ ਅਤੇ ਹਿੰਸਾ ਤੇ ਧੱਕੇਸ਼ਾਹੀ ਓ.ਬੀ.ਸੀ. ਜਾਤੀਆਂ ਤੋਂ ਕਰਵਾਈ ਜਾਂਦੀ ਹੈ। ਹੁਣ ਹਿੰਦੂਤਵ ਦੇ ਕੱਟੜਪੰਥੀਆਂ ਨੂੰ ਸਮਾਜ ਦੀਆਂ ਉਦਾਰਵਾਦੀ ਤੇ ਭਾਈਚਾਰਕ ਸਾਂਝ ਵਾਲੀਆਂ ਤਾਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਇੱਕ ਵਧੀਆ ਸੰਕੇਤ ਹੈ। ਅਜਿਹੀਆਂ ਕੁਝ ਹੋਰ ਕੋਸ਼ਿਸ਼ਾਂ ਨਾਲ ਸਮਾਜ ਬਜਰੰਗ ਦਲ ਜਿਹੇ ਸੰਗਠਨਾਂ ਦੇ ਡਰ ਦੀ ਪਕੜ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਸ਼ੁਰੂ ਹੋ ਜਾਵੇਗਾ।

***

## ਇਰਾਨ 'ਤੇ ਅਮਰੀਕੀ-ਇਜ਼ਰਾਇਲੀ ਹਮਲਾ

ਜਿਸ ਸਊਦੀ ਅਰਬ ਵਿਚਲੀ ਬਹੁਤ ਵੱਡੀ ਤੇਲ ਕੰਪਨੀ 'ਰਾਸ ਤਨੂਰਾ (ਅਰਾਮਕੋ) ਉੱਤੇ ਬਾਰ ਬਾਰ ਹਮਲੇ ਹੋਣ ਦੀਆਂ ਖ਼ਬਰਾਂ ਹਨ, ਇਹ ਵੀ ਅਸਲ ਵਿੱਚ ਅਮਰੀਕੀ ਕੰਪਨੀ(ਰੀਫਾਈਨਰੀ) ਹੈ। ਇਹ 1933 ਵਿੱਚ ਬਣੀ ਸੀ। ਇਸਦਾ ਪਹਿਲਾ ਨਾਮ 'ਸਟੈਂਡਰਡ ਆਇਲ ਕੰਪਨੀ ਆਫ਼ ਕੈਲੀਫ਼ੋਰਨੀਆਂ' ਸੀ। ਇਸਦਾ 1988 ਵਿੱਚ ਨਾਮ ਬਦਲ ਕੇ 'ਸਾਊਦੀ ਅਰਾਮਕੋ' ਰੱਖ ਦਿੱਤਾ ਗਿਆ। ਇਸਦਾ ਸਾਊਦੀ ਤੇਲ ਤੰਤਰ ਉੱਤੇ ਸਭ ਤੋਂ ਵੱਡਾ ਕੰਟਰੋਲ ਹੈ। ਭਾਰਤ 20% ਦੇ ਕਰੀਬ ਤੇਲ ਇਸਤੋਂ ਖਰੀਦਦਾ ਹੈ।

ਅਮਰੀਕਾ ਇਜ਼ਰਾਇਲ ਵੱਲੋਂ ਇਰਾਨ ਨੂੰ ਮਲੀਆਮੇਟ ਕਰਨ ਲਈ ਬਹੁਤ ਵੱਡੇ ਹਮਲੇ ਜਾਰੀ ਹਨ। ਇਰਾਨ ਮੋੜਵੇਂ ਮਿਸਾਈਲ ਹਮਲੇ ਕਰ ਰਿਹਾ ਤੇ ਝੁਕਣ ਤੋਂ ਇਨਕਾਰੀ ਹੈ। ਪੱਛਮ, ਪੂਰਬ ਦੀ ਅਣਖੀ ਸੋਚ ਨੂੰ ਸਮਝਣ ਤੋਂ ਅਸਮਰੱਥ ਹੈ।

ਅਮਰੀਕਾ ਇਜ਼ਰਾਇਲ ਹਮਲਿਆਂ ਨਾਲ ਇਰਾਨ ਸਰਕਾਰ ਨੂੰ ਨਹੀਂ ਬਦਲ ਸਕੇ, ਸਕਦੇ ਵੀ ਨਹੀਂ। ਪਹਿਲੇ ਦਿਨ ਦੇ ਹਮਲੇ ਵਿਚ 165 ਸਕੂਲੀ ਬੱਚੀਆਂ ਅਤੇ ਮੁੱਖ ਲੀਡਰਸ਼ਪ ਮਾਰਨ ਨਾਲ ਇਰਾਨ ਸਗੋਂ ਹੋਰ ਇਕਜੁੱਟ ਹੋ ਗਿਆ ਹੈ। ਖਮੇਨੇਈ ਦੇ ਪੁੱਤਰ ਨੂੰ ਅਗਲਾ ਸਰਵਉੱਚ ਲੀਡਰ ਬਣਾ ਦਿੱਤਾ ਗਿਆ ਹੈ। ਸਰਕਾਰ ਕਮਜ਼ੋਰ ਹੋਣ ਦੀ ਬਜਾਏ ਮਜਬੂਤ ਹੋਈ ਹੈ। ਸਰਕਾਰ ਵਿਰੋਧੀ ਅੰਦਰਲੀਆਂ ਸੁਰਾਂ ਮੱਧਮ ਹੋ ਗਈਆਂ ਹਨ। ਪ੍ਰਮਾਣੂ ਰੋਕ ਅਤੇ ਇਜ਼ਰਾਇਲ ਵਿਕਾਸ ਮੁੱਦਿਆਂ ਉੱਤੇ ਗੱਲਬਾਤ ਬੰਦ ਹੋ ਗਈ ਹੈ। ਫਿਲਹਾਲ ਸਿਰਫ ਫੌਜੀ ਮੁਕਾਬਲਾ ਹੋ ਰਿਹਾ ਹੈ। ਡੇਢ ਹਜ਼ਾਰ ਦੇ ਕਰੀਬ ਇਰਾਨੀ ਮੌਤਾਂ ਦੀ ਖ਼ਬਰ ਹੈ। ਕੁਝ ਅਮਰੀਕੀ ਮੌਤਾਂ ਵੀ ਹੋਈਆਂ ਹਨ।

ਅਮਰੀਕਾ ਨੂੰ ਉਮੀਦ ਨਹੀਂ ਸੀ ਕਿ ਜ਼ੋਰਦਾਰ ਮੋੜਵੇਂ ਇਰਾਨੀ ਹਮਲਿਆਂ ਕਾਰਨ ਉਸਨੂੰ ਏਨੀ ਜਲਦੀ ਸਾਰੇ ਅਰਬ ਮੁਲਕਾਂ ਵਿਚਲੀਆਂ ਆਪਣੀਆਂ ਅੰਬੈਸੀਆਂ ਲਗਭਗ ਬੰਦ ਕਰਨੀਆਂ ਪੈਣਗੀਆਂ ਅਤੇ ਫ਼ੌਜ ਤੇ ਆਪਣੇ ਨਾਗਰਿਕ ਏਥੋਂ

ਕੱਢਣ ਦੇ ਲਾਲੇ ਪੈ ਜਾਣਗੇ। ਤੈਲ-ਅਵੀਵ ਸਮੇਤ ਪੰਜ ਅਮਰੀਕੀ ਦੂਤਾਵਾਸਾਂ ਉੱਤੇ ਮਿਸਾਈਲਾਂ ਡਿੱਗੀਆਂ ਹਨ।

ਇਜ਼ਰਾਇਲ ਆਪਣੀ ਉਮੀਦ ਅਨੁਸਾਰ ਇਰਾਨੀ ਮੋੜਵੇਂ ਵਾਰ ਨੂੰ ਰੋਕਣ ਵਿੱਚ ਸਫਲ ਨਹੀਂ ਹੋਇਆ।

ਪਰ ਦੂਜੇ ਬੰਨੇ ਇਰਾਨ ਦਾ ਡਿਫੈਂਸ ਵੀ ਪਹਿਲਾਂ ਵਾਂਗ ਕਮਜ਼ੋਰ ਹੀ ਸਾਬਤ ਹੋਇਆ ਹੈ। ਪਰ ਜੋ ਹੋਣਾ ਅਟੱਲ ਹੈ ਉਹ ਇਹ ਕਿ ਏਸ਼ੀਆ ਦਾ ਇਹ ਪੂਰਾ ਖਿੱਤਾ ਜੰਗ ਵਿੱਚ ਝੁਲਸੇਗਾ। ਮਹਿੰਗਾਈ ਵਧੇਗੀ।

ਆਰਥਕਤਾ ਚਰਮਰਾਏਗੀ। ਹਥਿਆਰਾਂ ਦੀ ਬੇਲੋੜੀ ਦੌੜ ਤੇਜ ਹੋਵੇਗੀ। ਅਮਰੀਕਾ ਵੱਲੋਂ ਇਸਰਾਈਲ ਦੀ ਚੁੱਕਣਾ ਵਿੱਚ ਆ ਕੇ ਆਪਣੇ ਪੈਰਾਂ ਉੱਤੇ ਆਪ ਮਾਰੀ ਕੁਹਾੜੀ ਦਾ ਜ਼ਖਮ ਦੇਰ ਤਕ ਰਿਸਦਾ ਰਹੂ। ਅਮਰੀਕਾ ਇਜ਼ਰਾਇਲ ਨੂੰ ਹਾਸਲ ਕੁਛ ਨੀ ਹੋਣਾ, ਸਗੋਂ ਵਕਾਰ ਅਤੇ ਵਿਸ਼ਵਾਸ ਘਟੂ। ਮੁਸ਼ਕਿਲਾਂ ਵਧਣਗੀਆਂ।

ਲਗਦਾ ਕਿ ਅਖੀਰੀ ਜੰਗ ਉਪਰੰਤ ਇਰਾਨ ਦਾ ਅਧਾਰ/ਆਰਥਿਕ ਢਾਂਚਾ ਵੱਡਾ ਨੁਕਸਾਨ ਤਾਂ ਉਠਾਵੇਗਾ ਪਰ ਉਸਦਾ ਸਿਆਸੀ ਤੇ ਫ਼ੌਜੀ ਵਕਾਰ ਹੋਰ ਬੁਲੰਦ ਹੋਵੇਗਾ।

ਉਂਝ ਅਮਰੀਕੀ ਟਰੰਪ ਦੇ ਟੈਰਿਫ/ਵੈਨਜ਼ੁਏਲਾ/ਗਰੀਨਲੈਂਡ/ਕੈਨੇਡਾ/ਇਰਾਨ ਨਾਲ ਸਬੰਧਿਤ ਤੇ ਹੋਰ ਧਾਕੜ ਚਾਲਿਆਂ ਨੇ ਅਮਰੀਕਾ ਨੂੰ ਯੂਰਪ ਅਤੇ ਨਾਟੋ ਸਹਿਯੋਗੀਆਂ ਤੋਂ ਵੀ ਅੰਦਰੋਂ/ਮਨੋ ਦੂਰ ਕਰ ਦਿੱਤਾ ਹੈ। ਘੋਰ ਨਿੱਜ ਸਵਾਰਥ ਕਿਸੇ ਨੂੰ ਜ਼ਾਲਮ ਅਤੇ ਬੇਗ਼ੈਰਤ ਬਣਾ ਦਿੰਦਾ ਹੈ। ਨਾਟੋ ਯੂਰਪ ਸਮੇਤ ਕੁੱਲ ਸੰਸਾਰ ਵਿੱਚ ਅਮਰੀਕਾ ਉੱਤੇ ਸੰਪੂਰਨ ਬੇਵਿਸ਼ਵਾਸੀ ਦਾ ਆਲਮ ਹੈ। ਵੇਖ ਲਓ ਕੋਈ ਨਾਟੋ/ਯੂਰਪੀ ਦੇਸ਼ ਇਰਾਨ ਵਿਰੁੱਧ ਇਹਨਾਂ ਦੋਵਾਂ ਨਾਲ ਨਹੀਂ ਆਇਆ। ਭਾਰਤ ਦੀ ਮੋਦੀ ਸਰਕਾਰ ਨਾਲ ਵੀ ਘੁਟ ਘੁਟ ਜੱਫੀਆਂ ਪਾਉਣ ਵਾਲੀ ਹੁਣ ਓਹ ਗੱਲ ਨਹੀਂ ਰਹੀ। ਭਾਰਤ ਬਚ ਬਚਾ ਕੇ ਚੱਲ ਰਿਹਾ ਲਗਦਾ। ਯਾਨੀ ਕਿ ਇਸ ਵਕਤ ਅਮਰੀਕਾ ਅਤੇ ਇਜ਼ਰਾਇਲ ਦਾ ਇੱਕ ਵੀ ਹੋਰ ਮੁਲਕ ਤਨੋ ਮਨੋ ਪੱਕਾ ਬੇਲੀ ਨਹੀਂ ਜਾਪਦਾ। ਇਹ ਅਮਰੀਕੀ ਕੂਟਨੀਤੀ ਦੀ ਵੱਡੀ ਹਾਰ ਹੈ। ਜਿਸਦੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਦਿੱਸਣਗੇ। ਸਾਰੀ ਦੁਨੀਆਂ ਵਿੱਚ ਤੇਜੀ ਨਾਲ ਨਵੇਂ ਸਿਰਿਉਂ ਸਮੀਕਰਨ ਗਠਜੋੜ ਬਣ ਰਹੇ ਹਨ।

ਅਮਰੀਕਾ ਇਜ਼ਰਾਇਲ ਇਰਾਨ ਦੀ ਸਰਕਾਰ ਉੱਤੇ ਕਬਜਾ ਕਰਨ ਦਾ ਕਮਲ ਘੋਟਣ ਤੁਰੇ ਸਨ, ਉਹ ਤਾਂ ਕਰ ਨਹੀ ਸਕੇ। ਪਰ ਫ਼ੌਜੀ ਬੜਤ ਵਿਖਾਉਣ ਲਈ ਇਹ ਕੋਈ ਨਾ ਕੋਈ ਬਹਾਨਾ ਬਣਾ ਕੇ ਹੋਰ ਅਵੱਲੀ ਵੱਡੀ ਭੈੜੀ ਹਰਕਤ ਕਰ ਸਕਦੇ।

ਇਰਾਨ ਉੱਤੇ ਮੌਜੂਦਾ ਹਮਲੇ ਦੇ ਸਾਰੇ ਬਹਾਨੇ ਝੂਠੇ ਹਨ। ਸੱਚ ਉਹ ਹੈ ਜੋ ਇੱਕ ਅਮਰੀਕੀ ਪੱਤਰਕਾਰ ਦੇ ਸਵਾਲ ਦੇ ਜਵਾਬ ਵਿੱਚ ਟਰੰਪ ਦੇ ਮੂੰਹੋਂ ਸੁਭੈਕੀਂ ਨਿਕਲ ਗਿਆ ਕਿ ਤੁਸੀਂ ਫਿਕਰ ਨਾ ਕਰੋ, ਥੋੜੇ ਦਿਨਾਂ ਬਾਅਦ ਵੈਨਜ਼ੁਏਲਾ ਦੀ ਤਰ੍ਹਾਂ ਇਰਾਨੀ ਤੇਲ ਵੀ ਸਾਡਾ ਹੋਵੇਗਾ। ਪਰ ਦੁਨੀਆਂ ਤਾਂ ਇਸ ਗੱਲੋਂ ਵੀ ਫ਼ਿਕਰਮੰਦ ਹੈ ਕਿ ਇਹਨਾਂ ਬੌਰੇ ਜਿਹੇ ਸਵਾਰਥੀ ਅਨਸਰਾਂ ਦੀਆਂ ਅਜਿਹੀਆਂ ਹਰਕਤਾਂ ਕਿਤੇ ਸੰਸਾਰ ਜੰਗ ਵੱਲ ਨਾ ਤੋਰ ਦੇਣ।

***

## ਖਾੜੀ ਦੇਸ਼ਾਂ 'ਤੇ ਡੂੰਘਾ ਅਸਰ ਪਾਵੇਗੀ

ਇਹ ਨਹੀਂ ਪੁੱਛਿਆ ਜਾਂਦਾ ਕਿ ਇਜ਼ਰਾਇਲ ਕੋਲ 90 ਪ੍ਰਮਾਣੂ ਹਥਿਆਰ (ਬੰਬ) ਹਨ ਜਾਂ ਦੋ ਸੌ। ਉਹ ਅਜਿਹੇ ਹਥਿਆਰਾਂ ਦੀ ਨਾ ਤਾਂ ਪੁਸ਼ਟੀ ਕਰਦੇ ਹਨ ਅਤੇ ਨਾ ਹੀ ਖੰਡਨ। ਮੰਨਿਆ ਜਾਂਦਾ ਹੈ ਕਿ ਉਹ ਮਿਜ਼ਾਈਲਾਂ, ਪਣਡੁੱਬੀਆਂ ਅਤੇ ਜੰਗੀ ਜਹਾਜ਼ਾਂ ਦੇ ਬੇੜੇ ਤੋਂ ਪ੍ਰਮਾਣੂ ਹਥਿਆਰ ਦਾਗਣ ਦੇ ਸਮੱਰਥ ਹੈ। ਸੰਨ 2024 ਵਿੱਚ ਇਜ਼ਰਾਇਲ ਨੇ ਆਪਣੇ ਪ੍ਰਮਾਣੂ ਬੰਬਾਂ ਦੇ ਨਿਰਮਾਣ ਅਤੇ ਰੱਖ-ਰਖਾਅ 'ਤੇ 11 ਬਿਲੀਅਨ ਡਾਲਰ ਖ਼ਰਚ ਕੀਤੇ ਸਨ। ਜੇਕਰ ਇਜ਼ਰਾਇਲ ਨੇ ਅਮਰੀਕਾ ਨਾਲ ਸਾਂਝੇ ਤੌਰ 'ਤੇ ਪ੍ਰਮਾਣੂ ਧਮਕੀ ਨੂੰ ਲੈ ਕੇ ਇਰਾਨ 'ਤੇ ਹਮਲਾ ਕੀਤਾ ਹੈ ਤਾਂ ਉਸ ਤਰ੍ਹਾਂ ਦੀ ਧਮਕੀ ਪਾਕਿਸਤਾਨ ਕਈ ਵਾਰ ਭਾਰਤ ਨੂੰ ਦੇ ਚੁੱਕਾ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਕਈ ਵਾਰ ਇਸ ਦਾਅਵੇ ਨੂੰ ਦੁਹਰਾਅ ਚੁੱਕੇ ਹਨ ਕਿ ਪਿਛਲੇ ਸਾਲ ਮਈ 'ਚ ਭਾਰਤ-ਪਾਕਿਸਤਾਨ ਵਿਚਾਲੇ ਚੱਲ ਰਹੀ ਜੰਗ ਨੂੰ ਰੁਕਵਾਉਣ ਲਈ ਉਨ੍ਹਾਂ ਨੇ ਦੋਵਾਂ ਮੁਲਕਾਂ ਨਾਲ ਵਪਾਰ ਰੋਕਣ ਦੀ ਧਮਕੀ ਦਿੱਤੀ ਸੀ ਤਾਂ ਹੀ ਦੋਵੇਂ ਦੇਸ਼ ਜੰਗਬੰਦੀ ਲਈ ਸਹਿਮਤ ਹੋਏ ਸਨ। ਟਰੰਪ 12 ਮਹੀਨਿਆਂ ਦੇ ਕਾਰਜਕਾਲ 'ਚ 7 ਦੇਸ਼ਾਂ 'ਤੇ ਹਮਲੇ ਕਰ ਚੁੱਕੇ ਹਨ ਅਤੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾਇਆ ਹੈ। ਟਰੰਪ ਦੀ ਇਸ ਕਾਰਵਾਈ ਸਬੰਧੀ ਕੌਮਾਂਤਰੀ ਅਮਨ-ਪਸੰਦ ਭਾਈਚਾਰੇ ਨੇ ਚੁੱਪ ਵੱਟੀ ਹੋਈ ਹੈ। ਅਮਰੀਕਾ ਦੀ ਘੂਰੀ ਅਤੇ ਇਜ਼ਰਾਇਲ ਨਾਲ ਰਣਨੀਤਕ ਸਬੰਧਾਂ ਕਰਕੇ ਭਾਰਤ ਦੀ ਚੁੱਪ ਦੀ ਵੀ ਸਮਝ ਆਉਂਦੀ ਹੈ। ਕਾਂਗਰਸ, ਭਾਰਤੀ ਕਮਿਊਨਿਸਟ ਪਾਰਟੀ, ਸੀਪੀਆਈ, ਸੀਪੀਆਈ (ਐੱਮ) ਆਦਿ ਨੇ ਅਮਰੀਕਾ-ਇਜ਼ਰਾਇਲ ਦੇ ਇਰਾਨ 'ਤੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਭਾਰਤ ਆਪਣੀ ਸਥਿਤੀ ਸਪਸ਼ਟ ਕਰੇ ਜਦਕਿ ਚੀਨ ਤੇ ਰੂਸ ਖੁੱਲ੍ਹ ਕੇ ਇਰਾਨ ਦੇ ਪੱਖ ਵਿੱਚ ਖੜ੍ਹੇ ਹੋਏ ਹਨ। ਇਸ ਜੰਗ ਨਾਲ ਮੱਧ-ਪੂਰਬ ਤੇ ਖਾੜੀ ਦੇ ਦੇਸ਼ ਪ੍ਰਭਾਵਿਤ ਹੋ ਰਹੇ ਹਨ। ਇਰਾਨ ਦੀ ਤਬਾਹੀ, ਰੱਖਿਆ ਮੰਤਰੀ, ਫ਼ੌਜ ਮੁਖੀ ਅਤੇ ਸੁਪਰੀਮੋ ਖਮੇਨੇਈ ਦੀ ਹੱਤਿਆ ਨਾਲ ਕੌਮਾਂਤਰੀ ਪੱਧਰ 'ਤੇ ਕਿਸ ਤਰ੍ਹਾਂ ਦੇ ਸਮੀਕਰਨ ਬਣਨਗੇ, ਕਿੰਨੇ ਦੇਸ਼ਾਂ ਵਿਚਾਲੇ ਮੋਰਚੇਬੰਦੀ ਹੋਵੇਗੀ ਅਤੇ ਜੰਗ ਕਿੰਨੇ ਵੱਡੇ ਦਾਇਰੇ ਵਿੱਚ ਫੈਲੇਗੀ, ਇਹ ਸਵਾਲ ਵਿਸ਼ਵ ਭਰ ਵਿੱਚ ਚਿੰਤਾ ਦਾ ਵਿਸ਼ਾ ਬਣਨ ਵਾਲੇ ਹਨ।

***

## ਸਾਬਕਾ ਜਥੇਦਾਰ ਨੇ ਸੰਸਥਾ ਦੀ ਸ਼ਾਖ ਨੂੰ

ਸ਼੍ਰੋਮਣੀ ਕਮੇਟੀ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਸਕੂਲ, ਕਾਲਜ ਅਤੇ ਹਸਪਤਾਲ ਚਲਾ ਰਹੀ ਹੈ, ਜਿਨ੍ਹਾਂ ਲਈ ਇਸ ਅਰਸੇ ਦੌਰਾਨ 182 ਕਰੋੜ ਰੁਪਏ ਦੀ ਵਿਸ਼ੇਸ਼ ਰਾਸ਼ੀ ਜਾਰੀ ਕੀਤੀ ਗਈ ਹੈ।

**ਪੰਥਕ ਆਗੂਆਂ ਅਤੇ ਹੋਰਾਂ ਦਾ ਨਜ਼ਰੀਆ**

ਗਿਆਨੀ ਰਣਜੀਤ ਸਿੰਘ ਗੌਹਰ ਨੇ ਗਿਆਨੀ ਰਘਬੀਰ ਸਿੰਘ 'ਤੇ ਕਈ ਦੋਸ਼ ਲਗਾਏ ਹਨ, ਜਿਸ ਕਾਰਨ ਇਹ ਮਾਮਲਾ ਹੋਰ ਵੀ ਗੁੰਝਲਦਾਰ ਹੋ ਗਿਆ ਹੈ।

ਜਥੇਦਾਰ ਅਕਾਲ ਤਖ਼ਤ ਸਾਹਿਬ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਮਾਮਲਾ ਗੰਭੀਰ ਹੈ ਅਤੇ ਸੱਚ ਹਰ ਪੱਖੋਂ ਸੰਗਤ ਦੇ ਸਾਹਮਣੇ ਆਉਣਾ ਚਾਹੀਦਾ ਹੈ। ਬਹੁਤੇ ਪੰਥਕ ਆਗੂਆਂ ਦਾ ਮੰਨਣਾ ਹੈ ਕਿ ਇਸ ਵਿਵਾਦ ਨਾਲ ਸੰਸਥਾ ਦੇ ਅਕਸ ਨੂੰ ਨੁਕਸਾਨ ਪਹੁੰਚ ਰਿਹਾ ਹੈ। ਉਹ ਮੰਗ ਕਰ ਰਹੇ ਹਨ ਕਿ ਜਾਂ ਤਾਂ ਦੋਸ਼ਾਂ ਦੀ ਨਿਰਪੱਖ ਜਾਂਚ ਹੋਵੇ ਜਾਂ ਫਿਰ ਜੇਕਰ ਦੋਸ਼ ਝੂਠੇ ਹਨ ਤਾਂ ਉਹ ਸਾਬਤ ਕੀਤਾ ਜਾਵੇ।

ਇਸ ਸਮੇਂ ਸਥਿਤੀ ਇਹ ਹੈ ਕਿ ਗਿਆਨੀ ਰਘਬੀਰ ਸਿੰਘ ਆਪਣੀ ਸੇਵਾਮੁਕਤੀ ਨੂੰ ਸਵੀਕਾਰ ਕਰ ਚੁੱਕੇ ਹਨ ਪਰ ਉਹਨਾਂ ਨੇ ਆਪਣੇ ਦੋਸ਼ਾਂ 'ਤੇ ਕਾਇਮ ਰਹਿੰਦਿਆਂ ਭਵਿੱਖ ਵਿੱਚ ਸਬੂਤ ਪੇਸ਼ ਕਰਨ ਦੀ ਗੱਲ ਕਹੀ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਪ੍ਰਬੰਧਨ ਇਸਨੂੰ ਅਨੁਸ਼ਾਸਨੀ ਕਾਰਵਾਈ ਕਰਾਰ ਦੇ ਰਿਹਾ ਹੈ। ਇਸ ਸਾਰੇ ਵਰਤਾਰੇ ਵਿੱਚ ਸੰਗਤਾਂ ਵਿੱਚ ਭਰਮ ਦੀ ਸਥਿਤੀ ਬਣੀ ਹੋਈ ਹੈ। ਸਿੱਖ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਇੱਕ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਗਿਆਨੀ ਰਘਬੀਰ ਸਿੰਘ ਵਰਗੀ ਸ਼ਖ਼ਸੀਅਤ ਨੂੰ ਅਜਿਹੇ ਗੰਭੀਰ ਦੋਸ਼ ਲਗਾਉਣ ਤੋਂ ਪਹਿਲਾਂ ਅੰਦਰੂਨੀ ਪੱਧਰ 'ਤੇ ਜਾਂਚ ਕਰਵਾਉਣੀ ਚਾਹੀਦੀ ਸੀ ਜਾਂ ਸਿੱਧੇ ਸਬੂਤ ਪੇਸ਼ ਕਰਨੇ ਚਾਹੀਦੇ ਸਨ। ਮੀਡੀਆ ਵਿੱਚ ਜਾਣ ਨੂੰ ਸਿੱਖ ਬੁੱਧੀਜੀਵੀ 'ਸੰਸਥਾ ਦੀ ਬਦਨਾਮੀ' ਮੰਨਦੇ ਹਨ। ਜਦੋਂ 19 ਫਰਵਰੀ ਨੂੰ ਅੰਤ੍ਰਿੰਗ ਕਮੇਟੀ ਨੇ ਉਨ੍ਹਾਂ ਨੂੰ 72 ਘੰਟਿਆਂ ਦਾ ਨੋਟਿਸ ਦਿੱਤਾ, ਤਾਂ ਇਹ ਇੱਕ ਅਧਿਕਾਰਤ ਮੌਕਾ ਸੀ। ਜੇਕਰ ਉਨ੍ਹਾਂ ਕੋਲ ਸੱਚਮੁੱਚ ਸਬੂਤ ਸਨ, ਤਾਂ ਉਹ ਉਸ ਨੋਟਿਸ ਦੇ ਜਵਾਬ ਵਿੱਚ ਪੇਸ਼ ਕੀਤੇ ਜਾਣੇ ਚਾਹੀਦੇ ਸਨ।

***

## ਅਮਰੀਕਾ-ਇਰਾਨ ਜੰਗ ਖ਼ਤਮ ਕਰਵਾਉਣ ਲਈ

ਇਸ ਤੋਂ ਇਲਾਵਾ, ਦੇਸ਼ ਵਿੱਚ ਰਾਸ਼ਟਰੀ ਏਕਤਾ ਬਣਾਈ ਰੱਖਣ ਲਈ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਵੀ ਕੀਤੀ ਜਾ ਰਹੀ ਹੈ।

**ਕੌਣ ਕਰ ਰਿਹਾ ਹੈ ਵਿਚੋਲਗੀ ?**

ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਦੌਰਾਨ ਜਦੋਂ ਤੋਂ ਅਮਰੀਕਾ ਅਤੇ ਇਜ਼ਰਾਇਲ ਨੇ ਸਾਂਝੇ ਹਮਲੇ ਸ਼ੁਰੂ ਕੀਤੇ ਹਨ, ਉਦੋਂ ਤੋਂ ਕਤਰ, ਤੁਰਕੀ, ਮਿਸਰ ਅਤੇ ਓਮਾਨ ਵਰਗੇ ਦੇਸ਼ਾਂ ਨੇ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ। ਹਾਲਾਂਕਿ, ਦੋ ਦਿਨ ਪਹਿਲਾਂ ਇਰਾਨੀ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਇਹ ਸਮਾਂ ਕੂਟਨੀਤੀ ਦਾ ਨਹੀਂ ਬਲਕਿ ਦੇਸ਼ ਦੀ ਰੱਖਿਆ ਦਾ ਹੈ। ਹੁਣ ਇਹ ਦੇਖਣਾ ਹੋਵੇਗਾ ਕਿ ਇਨ੍ਹਾਂ ਵਿਚੋਲਗੀ ਦੇ ਯਤਨਾਂ ਦਾ ਕੋਈ ਸਾਰਥਕ ਨਤੀਜਾ ਨਿਕਲਦਾ ਹੈ ਜਾਂ ਖੇਤਰ ਵਿੱਚ ਤਣਾਅ ਹੋਰ ਵਧਦਾ ਹੈ।

***

## ਪੰਜਾਬ ਦਾ ਨਸ਼ਾ ਸੰਕਟ: 74 ਲੱਖ ਲੋਕ ਡਰਗ

ਆਮ ਆਦਮੀ ਪਾਰਟੀ ਦੀ ਸਰਕਾਰ ਨੇ 'ਨਸ਼ੇ ਵਿਰੁੱਧ ਜੰਗ' ਮੁਹਿੰਮ ਚਲਾਈ ਹੈ, ਜਿਸ ਅਧੀਨ 36,178 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਅਤੇ 51,648 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਰਕਾਰ ਨੇ ਹੈਰੋਇਨ, ਅਫੀਮ, ਗਾਂਜੇ ਅਤੇ ਸਿੰਥੈਟਿਕ ਨਸ਼ਿਆਂ ਦੀ ਵੱਡੀ ਮਾਤਰਾ ਜ਼ਬਤ ਕੀਤੀ ਹੈ ਅਤੇ 16.70 ਕਰੋੜ ਰੁਪਏ ਦੀ ਨਸ਼ਾ ਰਕਮ ਵੀ ਜ਼ਬਤ ਹੋਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਇਹ ਮੁਹਿੰਮ ਨਿਰੰਤਰ ਚੱਲ ਰਹੀ ਹੈ ਅਤੇ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਪਰ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਇਹ ਸਭ ਵਿਗਿਆਪਨੀ ਸਟੰਟ ਹਨ ਅਤੇ ਜ਼ਮੀਨੀ ਪੱਧਰ ਤੇ ਕੋਈ ਬਦਲਾਅ ਨਹੀਂ ਆ ਰਿਹਾ।

ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਮਾਜ, ਸਰਕਾਰ ਅਤੇ ਪੁਲਿਸ ਨੂੰ ਇੱਕਜੁੱਟ ਹੋਣਾ ਪਵੇਗਾ। ਇਹ ਨਾ ਸਿਰਫ਼ ਸਿਹਤ ਸੰਕਟ ਹੈ ਬਲਕਿ ਰਾਸ਼ਟਰੀ ਸੁਰੱਖਿਆ ਮਾਮਲਾ ਵੀ ਹੈ। ਜੇ ਨਸ਼ੇ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਦੀ ਜਵਾਨੀ ਤਬਾਹ ਹੋ ਜਾਵੇਗੀ।

# HOKA TV

## (ਹੋਕਾ ਟੀ.ਵੀ.)

RAISING VOICE FOR TRUTH

ਹੋਕਾ TV

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

**ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।**

RAISING VOICE FOR TRUTH

ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**